गोपाल घी स्टोर, काहन और गोपाल का नाम लेने से जो पौराणिक विचारों के लोग हैं आनन्दित हो उठते हैं कि गोपाल जिस मक्खन को खाया करते थे वही मक्खन इस स्टोर से भी मिलेगा लेकिन उन्हें यह पता नहीं है कि यह मक्खन किस चीज़ का है, गाय का है या भैंस का है या पता नहीं कि किस किस जानवर का मक्खन उसमें मिला होता है और काली भैंस का मक्खन भी उसमें मिला होता है जो कि लोगों का स्वास्थ्य बिगाड़ता है । समाज के दुश्मन और देश के दुश्मन जो लोग ऐसे हैं उन के साथ अलायँस करने वाले गठ जोड़ करने वाले इस विभाग के लोग हैं जिसको हम एडल्ट्रेशन को रोकने वाला डीपार्टमेंट, प्योर फूड डीपार्टमेंट, कहते हैं चेयरमैन साहिब जो कि मोस्ट इमप्योर है, जो एडल्ट्रेशन को रोकने वाला डीपार्टमेंट है वह सब से ज्यादा एडल्ट्रेशन करवाता है । आप किसी भी शहर में चले जाइये, छोटे या बड़े कस्बों में चले जाइये और इस डिपार्टमेंट के इन्स्पैक्टरों का हाल देखिये उनका लिबास देखिए । अगर वे लोग क्लीन शेव्ड हैं तो रोजाना शेव करवाते हैं। और उसके बाद शानदार लवाजमात भी जरूर लगाते हैं। अगर कोई केशाधारी भाई है तो उसका बनाव श्रृंगार देखिए । गर्मी के मौसम में उनको देखिए सरदी के मौसम में उनको देखिए, बाहर से उनको देखिए और उन के घर में जाकर उनकी शान को देखिए । आज सात आठ सौ रुपया तनखाह लेने वाला आदमी घर में फ्रिज नहीं रख सकता लेकिन मैं अपने एक्सपीरिएंस की बिना पर कहना चाहता हूँ कि रोहतक में एक प्योर फूड इन्स्पेक्टर है । उससे मुझे कोई काम पड़ गया, वह बेरी गांव के किसी गरीब आदमी को नाजायज तंग करता था, उसको परेशान करना शुरू कर दिया । मैं गरमी के मौसम में उसके घर में गया शाम को क्योंकि गरमी के मौसम में दफ्तर जल्दी बंद हो जाया करते थे और दफ्तर में वह मुझे मिला नहीं था । जब मैं उसके घर में पहुंचा तो वह मुझे दरवाज़े में ही रोक खड़ा हो गया । वह मुझे पूछने लगा कि आपका क्या हाल चाल है, मैं आपका हुक्म मान लूंगा, आप फिक्र न कीजिये । लेकिन उसने मुझे अपने घर की ड्योढ़ी से आगे नहीं घुसने दिया । मैंने सोचा बड़ा अनसोशल और बड़ा डिसकर्टियस आदमी है । और उसने नौकर से भी यह कहा कि पिछले कमरे में से कुर्सी लाना अन्दर साथ वाले कमरे में से नहीं । मैं हैरान था कि आखिर मामला क्या है । आप जानते हैं कि मैं छानबीन करने वाला आदमी हूँ। मैं बैठक वाले कमरे में जाकर बैठ गया और आप हैरान होंगे कि वहां पर जो सोफा सैट रखा हुआ था वैसा सोफा सैट कोई तीन चार हजार रुपया तन्खाह लेने वाला आदमी भी नहीं रख सकता था । वहां पर उसने कूलर रखा हुआ है रिफ्रिजेटर रखा हुआ है । कुछ दिन बाद जब मैंने उससे पूछा कि आप कितनी तन्खाह लेते हैं तो उसने बताया कि यही पौने दो सौ के लग भाग लेता हूँ लेकिन मेरा ख्याल है कि इस रकम की तो उसके हां गर्मियों में फ्रूट करीम वगैरा ही महीने में आ जाती होगी । तो मेरे कहने का भाव यह है कि समाज के अन्दर जितने भी दोष हैं यह हकूमत करने वालों के, प्रशासकों और भ्रष्ट कर्मचारियों के द्वारा उत्पन्न किये हुए हैं। उनको पकड़ने की किसी की जुर्रत नहीं होती ।

आज भी वह लोग एडल्ट्रेशन करवाते हैं। मैं समझता हूँ कि गोपाल घी भंडार का नाम लेकर, गोपाल का नाम इस्तेमाल करके भी मार्किट के अन्दर घी और मक्खन अशुद्ध दिया जाता है। इसी प्रकार से अनेकानेक महापुरुषों के नाम लेकर कोई नेता बन गया और कोई हीरो बन गया। मुझे याद है जिन दिनों में आज़ाद हिन्द फौज का बड़ा दौरदौरा था। उन दिनों श्री सुभाष चन्द्र बोस का नाम खुद कांग्रेस पार्टी ने ऐक्सप्लायट किया और सन् 1944-45 के अन्दर उन के नाम को ऐक्सप्लायट करके लोगों से वोटें प्राप्त कीं। चेयरमैन साहिब, लोगों ने हर एक चीज़ पर उनका नाम इस्तेमाल करना शुरू कर दिया था। दुकानों तक किया गया, कपड़े की छपाई पर किया गया और कुछ लोग तो इतने गुस्ताख हैं कि उन्होंने इस क्लेजा फूंकने वाली बीड़ी पर भी उनका छापा लगाना शुरू कर दिया। मैं यह निवेदन करता हूँ कि इन अवतारों और महापुरुषों के नाम तो वहां पर लगाने चाहिएँ जिन का स्मरण करते ही मनुष्य के हृदय में उन के गुणों का प्रादुर्भाव हो उठे उनकी शक्ति और कीर्ति की याद ताज़ा हो जाए और उस व्यक्ति के मन पर अच्छे संस्कार पड़ें। आप जानते हैं, चेयरमैन साहिब, कि इस देश में रहने वाले हम लोगों संस्कारों और एन्वायरनमेंट्स में बहुत ज्यादा विश्वास रखते हैं। हमारा यह विश्वास है कि जैसी जिस शख्स की संगत होगी, जैसे लोगों के साथ उसका उठन बैठन होगा वह वैसे ही स्वभाव वाला बन जायेगा। लेकिन यहां पर इन महा पुरुषों के शुभ नामों का बुरी तरह से दुरुपयोग किया जाता है। गो यह महकमा सरदार दरबारा सिंह का है जोकि यहां पर बैठे हुए नहीं हैं, पता नहीं क्यों बहुत कम यहां पर बैठते हैं और किस जोड़ तोड़ में लगे रहते हैं फिर भी चूंकि मेजर साहिब यहां पर तशरीफ रखते हैं धरती का महकमा उन के पास है, वह बड़े रोशन दिमाग हैं उनसे निवेदन करूँगा कि इस तरफ गवर्नमेंट का खास तौर से ध्यान दिलाए। आप हैरान होंगे कि किस तरह से हर एक शहर में पान बीड़ी वाले, बीड़ियों पर इन महापुरुषों और अवतारों की फोटो छाप कर, छोकरों को लड़कियों का रूप बनवा कर भद्दे ढंग से नाच नचवाते हैं। किस भद्दे और अश्लील ढंग से वह नृत्य वगैरा करते हैं और गाने गाते हैं इसकी बाबत हाउस में कई दफा बात आ भी चुकी है। अभी अभी यहां पर यह चर्चा चली कि किस तरह से देहली और जालन्धर से छपने वाले कुछ ऐसे अखबार हैं जिन्होंने जनता के चरित्र का पतन करने का ठेका ले रखा है, जिन्होंने लोगों की मोरेलिटी का दीवाला निकालने का तहैया किया हुआ है। जब सरकार के नोटिस में यह बात लाई जाती है तो यही कहा जाता है कि क्या करें, हिन्दुस्तान के आइने ने आजादी दे रखी है, कान्स्टीच्यूशन ने उनको लिबर्टीज ग्रांट कर रखी है। मैं हैरान होता हूँ कि जब कोई शख्स, जोकि आपोज़ीशन में हो, कोई सही बात भी लिखे या करे तो यह सरकार उसको बरदाश्त नहीं करती। अखबारों में ऐसी बातों को छापने वालों के खिलाफ ताजीराते हिन्द की पता नहीं किन किन धाराओं से एक्शन ले

[श्री मंगल सेन]

लिया जाता है और अगर किसी और तरह से काबू में न आए तो देश सुरक्षा नियम जो इन्होंने बना रखे हैं यानी डिफैंस आफ इंडिया रूल्ज़, उन के तहत उनको पकड़ कर अन्दर धर दिया जाता है लेकिन कितने अफसोस की बात है कि जो गुस्ताख लोग अबोध नवयुवक और नवयुवतियों के चरित्र निर्माण में घातक सिद्ध हो रहे हैं उन के खिलाफ कोई कार्यवाही सरकार करने से डरती है। वह लोग वहां चरवाहों पर खड़े होकर अश्लील किस्म के नाच करते हैं, बड़े भद्दे गाने गाते हैं और फिर करते क्या हैं? बीड़ियां बेचते हैं और वह भी महापुरुषों के नाम ले ले कर।

सरदार लखी सिंह चौधरी : चेयरमैन साहिब, रैज़ोल्यूशन तो कुछ और ही है लेकिन यह क्या कह रहे हैं?

श्री मंगल सेन : चेयरमैन साहिब, इनको क्या हो गया है जो बीच में आ अटके?

सरदार लच्छमन सिंह गिल : यह झटकई है झटकई।

श्री मंगल सेन : झटकई है तो जाए, मुंह काला करे। हां, तो चेयरमैन साहिब, मैं आपके द्वारा सरकार की सेवा में यह निवेदन करना चाहता हूँ कि मेरे माननीय दोस्त सरदार अजायब सिंह सन्धु ने बात बड़ी साफ कही है कमर्शियल और प्रोफैशनल परपजिज़ के लिये कोई भी व्यक्ति इन महापुरुषों, अवतारों, और गुरुओं के नाम का सरकारी इजाज़त के बिना इस्तेमाल नहीं कर सके। मैं समझता हूँ कि मेजर साहिब मेरे साथ इस बात में इत्तफाक करेंगे कि वाकई ऐसे मकासद के लिये इन महापुरुषों का नाम कदापि इस्तेमाल नहीं किया जाना चाहिए। जो नाटक मंडलियां चौराहों पर खड़ी होकर स्कूल जाने वाले अबोध बालक बालिकाओं के चरित्र पर कुठाराघात करती हैं उन के खिलाफ सख्त से सख्त कार्यवाही की जाए। वैसे तो हमारे राज में सांस्कृतिक कार्यक्रमों का नाम लेकर जिस अश्लीलता, नग्नता और बेहयाई, बेशर्मी का प्रदर्शन किया जाता है वह किसी से छिपा हुआ नहीं है। आज उसके कारण हमारे समाज का चरित्र किस कदर खराब हो रहा है उस पर अभी बहुत कुछ कहा जा सकता है। लेकिन चूंकि हाउस इस प्रस्ताव को पास करने के मूड में है और यह भी चाहते हैं कि अगला रेज़ोल्यूशन आ जाए तो मैं ज्यादा न कहता हुआ यही निवेदन करूंगा कि जहां पर इस प्रस्ताव के द्वारा केन्द्रीय प्रशासन से मांग की गई है वहां सूबे की सरकार और होम मिनिस्टर साहिब से निवेदन करूँगा जिनकी यह प्राइमरी रेस्पांसिबिलिटी है, जिनका यह प्राथमिक उत्तरदायित्व है, पहला फर्ज़ है, कि इस प्रकार की बदतमीज़ी को रोकने के लिये फौरन कार्रवाई की जाए और जो लोग इस तरह के नामों को ऐक्सप्लायट करते हैं उनको कड़ी से कड़ी सजा दी जाए। इन शब्दों के साथ मैं इस प्रस्ताव का समर्थन करता हूँ और अपना स्थान लेता हूँ।

ਸਰਦਾਰ ਲੱਖੀ ਸਿੰਘ ਚੌਧਰੀ (ਕਪੂਰਥਲਾ) : ਚੇਅਰਮੈਨ ਸਾਹਿਬ, ਰੈਜ਼ੋਲਿਊਸ਼ਨ ਵੇਖਣ ਨੂੰ ਤਾਂ ਬੜਾ ਇੰਨੋਸੈਂਟ ਹੈ ਪਰ ਇਹ ਹੈ ਬਿਲਕੁਲ ਇਮਪ੍ਰੈਕਟੀਕੇਬਲ । ਇਸ ਦਾ ਮਤਲਬ ਇਹ ਹੋਇਆ ਕਿ ਜਿਤਨੇ ਵੀ ਗੁਰੂ, ਸੰਤ, ਅਵਤਾਰ, ਪੈਗੰਬਰ ਹੋਏ ਹਨ ਉਨ੍ਹਾਂ ਦਾ ਕੋਈ ਨਾਂ ਹੀ ਨਹੀਂ ਰੱਖ ਸਕਦਾ। ਫਰਜ਼ ਕਰੋ ਇਕ ਆਦਮੀ ਹੈ ਉਸ ਦਾ ਨਾਮ ਭਗਵਾਨ ਦਾਸ ਹੈ। ਉਹ ਆਪਣੀ ਦੁਕਾਨ ਖੋਲ੍ਹਦਾ ਹੈ। ਕੀ ਉਸ ਨੂੰ ਆਪਣੇ ਨਾਮ ਉੱਤੇ ਦੁਕਾਨ ਖੋਲ੍ਹਣ ਤੋਂ ਰੋਕਿਆ ਜਾ ਸਕਦਾ ਹੈ? ਕੀ ਉਹ 'ਭਗਵਾਨ ਸਟੋਰ' ਦੇ ਨਾਂ ਉੱਤੇ ਦੁਕਾਨ ਨਹੀਂ ਖੋਲ੍ਹ ਸਕਦਾ? ਇਸ ਦਾ ਮਤਲਬ ਇਹ ਹੈ ਕਿ ਕੋਈ ਆਦਮੀ ਆਪਣੇ ਬੱਚੇ ਦਾ ਨਾਂ ਵੀ ਕਿਸੇ ਗੁਰੂ, ਅਵਤਾਰ ਦੇ ਨਾਂ ਉੱਤੇ ਨਾਂ ਰੱਖੇ। ਇਹ ਬੜੀ ਇਮਪ੍ਰੈਕਟੀਕੇਬਲ ਹੈ, ਵਰਕੇਬਲ ਨਹੀਂ ਹੈ।

ਸਰਦਾਰ ਲਛਮਣ ਸਿੰਘ ਗਿੱਲ : ਕਲ ਨੂੰ ਗੁਰੂਆਂ ਦੇ ਨਾਂ ਤੇ ਕੋਈ ਝਟਕੇ ਦੀ ਦੁਕਾਨ ਖੋਲ੍ਹ ਲਵੇ।

ਸਰਦਾਰ ਲੱਖੀ ਸਿੰਘ ਚੌਧਰੀ : ਕੀ ਕੋਈ ਆਪਣੇ ਬੱਚੇ ਦਾ ਨਾਮ ਗੋਬਿੰਦ ਸਿੰਘ, ਨਾਨਕ ਚੰਦ ਜਾਂ ਨਾਨਕ ਸਿੰਘ ਨਾ ਰਖੇ?

ਸਰਦਾਰ ਲਛਮਣ ਸਿੰਘ ਗਿੱਲ : ਰੈਜ਼ੋਲਿਊਸ਼ਨ ਨੂੰ ਵੀ ਪੜ੍ਹ ਲਉ। ਇਹ ਤਾਂ ਸਿਰਫ ਕਮਰਸ਼ਲ ਔਰ ਪ੍ਰੋਫੈਸ਼ਨਲ ਪਰਪਜ਼ਿਜ਼ ਲਈ ਹੈ।

ਸਰਦਾਰ ਲਖੀ ਸਿੰਘ ਚੌਧਰੀ : ਦਰਅਸਲ, ਮੈਂ ਸਮਝਦਾ ਹਾਂ ਕਿ ਚੀਪ ਪਾਪੂਲੈਰਿਟੀ ਹਾਸਲ ਕਰਨ ਲਈ ਇਹ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ।

ਸਰਦਾਰ ਲਛਮਣ ਸਿੰਘ ਗਿੱਲ : On a point of o.der, Sir, ਚੇਅਰਮੈਨ ਸਾਹਿਬ, ਮੈਂ ਤੁਹਾਡੀ ਤਵਜੋਹ ਇਸ ਪਾਸੇ ਦਵਾਂਦਾ ਹਾਂ ਕਿ ਚੌਧਰੀ ਲੱਖੀ ਸਿੰਘ ਨੇ ਬੋਲਦਿਆਂ ਹੋਇਆਂ ਜਿਹੜਾ ਇਕ ਮੈਂਬਰ ਲਈ ਚੀਪ ਪਾਪੂਲੈਰਿਟੀ ਦਾ ਲਫਜ਼ ਇਸਤੇਮਾਲ ਕੀਤਾ ਹੈ, ਕੀ ਇਹ ਅਜਿਹਾ ਕਰ ਸਕਦੇ ਹਨ?

श्री सभापति : वह तो उन्होंनें रेज़ोल्यूशन की बाबत कहा है (He has said so about the Resolut.on.)

ਸਰਦਾਰ ਲੱਖੀ ਸਿੰਘ ਚੌਧਰੀ : ਸੋ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਰੈਜ਼ੋਲਿਊਸ਼ਨ ਪ੍ਰੈਕਟੀਕੇਬਲ ਨਹੀਂ ਹੈ ਜਦ ਤਕ ਕਿ ਅਸੀਂ ਇਹ ਫੈਸਲਾ ਨਾ ਕਰ ਲਈਏ ਕਿ ਕੋਈ ਵੀ ਆਦਮੀ ਆਪਣਾ ਨਾਂ ਕਿਸੇ ਅਵਤਾਰ, ਗੁਰੂ, ਪੀਰ, ਪੈਗੰਬਰ ਦੇ ਨਾਂ ਉੱਤੇ ਨਹੀਂ ਰੱਖ ਸਕਦਾ। ਇਨ੍ਹਾਂ ਲਫਜ਼ਾਂ ਨਾਲ ਮੈਂ ਇਸ ਨੂੰ ਅਪੋਜ਼ ਕਰਦਾ ਹਾਂ।

ਸਰਦਾਰ ਜਗਜੀਤ ਸਿੰਘ ਗੋਗੋਆਣੀ : ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਚੌਧਰੀ ਲਖੀ ਸਿੰਘ ਨੇ ਫਰਮਾਇਆ ਹੈ ਕਿ ਕੋਈ ਆਦਮੀ ਆਪਣੇ ਬੇਟੇ ਦਾ ਨਾਂ ਉਹ ਨਹੀਂ ਰਖ ਸਕੇਗਾ ਜਿਹੜਾ ਕਿਸੇ ਗੁਰੂ ਦਾ ਨਾਂ ਹੋਵੇ। ਮੈਂ ਆਪ ਦੀ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਕਿ ਬੇਟੇ ਦਾ ਨਾਂ ਵੀ ਵਪਾਰ ਜਾਂ ਬਿਜ਼ਨੈਸ ਖਾਤਰ ਰਖਿਆ ਜਾਂਦਾ ਹੈ ਜਿਸ ਤੇ ਇਹ ਇਤਰਾਜ਼ ਕਰ ਰਹੇ ਹਨ?

श्री रला राम (मुकेरियां) : सभापति महोदय, जो प्रस्ताव सरदार अजायब सिंह ने पेश किया है उसकी जो भावना है वह बिल्कुल पवित्र है और इसके साथ किसी को कोई इख्तलाफ नहीं हो सकता कि किसी ऐसी चीज के साथ जो किसी गुरु, संत, ऋषि मुनि या अवतार के नाम के साथ जोड़ा जाए जो उनकी हत्तक करता हो तो यह चीज़ ऐसी है जिस को हर तरह से कन्डेम करना चाहिए। लेकिन जहां तक इस भावना को अमल में लाने का ताल्लुक है इसके लिये जो तजवीज़ सरदार अजायब सिंह संधू जी ने रखी है वह प्रैक्टिकेबल नहीं है क्योंकि कमरशियल कनसर्न जैसा कि गुरु नानक मैडीकल स्टोर कोई अपनी दुकान का नाम रख लेता है या कृष्णा कैमीकल स्टोर या कृष्णा जनरल स्टोर रख लेता है और इन अदारों के साथ अगर किसी महान पुरुष का नाम लगा दिया जाता है तो यह उन अदारों वालों के दिल की भावना और उन महा पुरुषों के लिये श्रद्धा प्रगट करता है लेकिन इसके लिये सरदार अजायब सिंह जी ने जो सुझाव इस प्रस्ताव में सरकार से इजाज़त लेने का दिया है इससे मैं समझता हूँ अगर ऐसा करने के लिये इजाज़त लेनी पड़े तो यह एक बहुत बड़ी कबाहत होगी। इस तरह से हर बात में गवर्नमेंट से पर्मिशन लेनी पड़े तो यह बहुत बड़ी नामुनासिब बात होगी। सभापति महोदय, आजकल दुनिया में गवर्नमेंट पहले ही सर्वशक्तिमान हो गई है। हर एक चीज़ में सरकार का हाथ अड़ाते चले जाना ठीक नहीं है। व्यक्तिगत स्वतंत्रता जो है वह तो रहने देनी चाहिए। इसलिये मैं कहता हूँ कि इस बारे में जो इजाज़त लेने का सुझाव सरदार अजायब सिंह जी ने दिया है अगर उसको अमल में लाने की कोशिश की जाए तो इसके जो नतायज निकलेंगे वह बड़े कष्टदायक निकलेंगे। वैसे उन के प्रस्ताव की भावना बड़ी पवित्र है और सही है लेकिन जिस तरह से यह प्रैक्टिस में लाना चाहते हैं वह प्रैक्टिकेबल नहीं है। गवर्नमेंट का और गवर्नमेंट के जितने विभाग हैं उन सब का इस तरह से इंटरफियरेंस आ जाएगा, हस्तक्षेप आ जाएगा और यह जनता के लिये बड़ा कष्टदायक साबत होगा। इसलिये मैं समझता हूँ कि यह तजवीज़ काबल-ए अमल नहीं है। हां इस बात में तो मैं उन से सहमत हूँ कि जैसा कि यहां अन्दोलन चला था महात्मा गांधी जी का जिससे महात्मा जी का नाम तब से जिस तरह से प्रचलित हो गया है कि सिग्रेट और बीड़ी के पैकट पर भी महात्मा जी की तस्वीर आ गई है या दूसरे महान पुरुषों की आ जाए जैसा कि फर्ज़ किया जाए शराब जैसी कोई चीज़ हो उसके ऊपर किसी ऋषि या महात्मा की तसवीर आ जाए तो यह काबले सज़ा है और उसके लिये मैं समझता हूँ कि पहले से ही कानून के अन्दर पहले से ही प्रोवीज़न मौजूद है। अगर इस तरह से कोई किसी के धार्मिक फीलिंग्ज़ को हर्ट करता है तो उसके लिये सेंट्रल गवर्नमेंट का कानून मौजूद है तो इसके लिए हमारा सुझाव हो सकता है कि इस तरह से अगर किसी के रिलीजियस फीलिंग्ज को कोई हर्ट करने की कोई कोशिश करता है तो उसको भी उस कानून के तहत सज़ा की प्रोवीज़न उसमें आ जाए। इस तरह की जो हमारी भावना है वह तो बड़ी अच्छी है लेकिन जो गवर्नमेंट का इंटरफियरेंस

इण्डीविजुअल के काम में आ जाने का डर है उसको भी रोका जा सकता है । मैं इनकी इस भावना की कदर करता हूँ लेकिन जो ढंग इसको अमल में लाने के लिए बताया गया है उससे हम सहमत नहीं हो सकते । क्योंकि उनका यह जो सुझाव है कि बिजनेस के या कामर्स के काम हों उन के साथ महान पुरुषों के नाम लगाने के लिये भी गवर्नमेंट की प्रमिशन ली जाए यह ठीक नहीं है और दूसरी तरफ गवर्नमेंट के लिये भी इस पर अमल करना बहुत मुश्किल होगा । मैं समझता हूँ कि अगर गवर्नमेंट इस काम को करने भी लग जाए तो इस तरह से भ्रष्टाचार का एक और महकमा खुल जायेगा । सब से बढ़ कर इसमें यह बात है कि जो हर बात में गवर्नमेंट का इन्टरफियरेंस है यह ठीक नहीं है । मेरी अर्ज़ तो यह है कि हमें गवर्नमेंट आफ इण्डिया को कहना चाहिए कि अगर कोई बेहूदा कामों के लिये किसी संत, पैग़म्बर या किसी ऋषि मुनि के नाम को जोड़ देता है जिससे उस महान आत्मा का नाम बदनुमा मालूम होता हो तो इस तरह से करने वाले को रोकने के लिये पहले जो कानून है उसके अन्दर इसको भी शामिल कर दिया जाए । इस तरह से वह मतलब हल भी हो जायेगा और गवर्नमेंट के इन्टरफियरेंस से भी बच सकेंगे । इसलिये मैं समझता हूँ कि जिस रूप में यह प्रस्ताव है वह काबल ए अमल नहीं है । इतना कह कर सभापति महोदय मैं आपका धन्यवाद करके अपनी सीट पर बैठता हूँ।

ਸਰਦਾਰ ਕੁਲਤਾਰ ਸਿੰਘ (ਧਰਮਕੋਟ) : ਚੇਅਰਮੈਨ ਸਾਹਿਬ, ਇਸ ਵੇਲੇ ਜੋ ਰੈਜ਼ੋਲਿਊਸ਼ਨ ਹਾਊਸ ਦੇ ਸਾਹਮਣੇ ਹੈ ਇਸ ਦੀ ਭਾਵਨਾ ਜੋ ਹੈ ਉਹ ਬੜੀ ਪਵਿਤਰ ਹੈ। ਮੈਂ ਸਮਝਦਾ ਹਾਂ ਕਿ ਸਾਡਾ ਭਾਰਤ ਵਰਸ਼ ਜੋ ਹੈ ਇਹ ਇਕ ਮਹਾਨ ਆਤਮਾਵਾਂ ਦਾ ਦੇਸ਼ ਹੈ ਔਰ ਇਸ ਦੇਸ਼ ਨੇ ਐਸੇ ਐਸੇ ਮਹਾਨ ਪੁਰਸ਼ ਪੈਦਾ ਕੀਤੇ ਹਨ ਜਿਨ੍ਹਾਂ ਦੀ ਤਲੀਮ ਤੋਂ ਸੰਸਾਰ ਨੂੰ ਰੌਸ਼ਨੀ ਮਿਲਦੀ ਹੈ ਲੇਕਿਨ ਉਨ੍ਹਾਂ ਦੇ ਪਵਿਤਰ ਜਜ਼ਬਾਤ ਔਰ ਉਨ੍ਹਾਂ ਦੇ ਪਵਿਤਰ ਉਪਦੇਸ਼ਾਂ ਦੀ ਗਲਤ ਵਰਤੋਂ ਕਰਨਾ, ਬਿਲਕੁਲ ਦਰੁਸਤ ਨਹੀਂ ਹੈ। ਇਸ ਬਾਰੇ ਮੈਂ ਇਕ ਸ਼ੇਅਰ ਅਰਜ਼ ਕਰਦਾ ਹਾਂ।

ਕਭੀ ਦਿਨ ਥੇ ਮਜ਼ਹਬ ਰਓ ਰਵੀ ਹਕੀਕਤ ਥਾ
ਮਗਰ ਇਨ ਚੀਜ਼ੋਂ ਸੇ ਅਬ ਆਦਮੀ ਪੜ੍ਹਾਏ ਜਾਤੇ ਹੈਂ ।

ਅਰਜ਼ ਕਰਨ ਦਾ ਮਤਲਬ ਹੈ ਕਿ ਜਦੋਂ ਅਸੀਂ ਦੇਖਦੇ ਹਾਂ ਕਿ ਕ੍ਰਿਸ਼ਨ ਮਹਾਰਾਜ, ਜਿਸ ਦੇ ਦਿਮਾਗ ਵਿਚੋਂ ਗੀਤਾ ਵਰਗੀ ਪੁਸਤਕ ਨਿਕਲੀ ਸੀ, ਜਿਸ ਤੋਂ ਸਾਰਾ ਸੰਸਾਰ ਰੌਸ਼ਨੀ ਹਾਸਲ ਕਰਦਾ ਹੈ, ਉਸ ਕ੍ਰਿਸ਼ਨ ਮਹਾਰਾਜ ਦੀ ਰੂਹਾਨੀਅਤ ਉੱਤੇ ਸਾਨੂੰ ਟੀਕਾ ਟਿਪਣੀ ਕਰਨ ਦੀ ਜ਼ਰੂਰਤ ਨਹੀਂ। ਲੇਕਿਨ ਜਦੋਂ ਅਸੀਂ ਕ੍ਰਿਸ਼ਨ ਡੇਰੀ, ਜਾਂ ਮੋਹਨ ਘੀ ਜਾਂ ਗੁਪਾਲ ਘੀ ਜਾਂ ਗੁਰੂ ਨਾਨਕ ਡੇਰੀ ਫਾਰਮ ਦੇ ਬੋਰਡ ਦੇਖਦੇ ਹਾਂ, ਭਾਵੇਂ ਉਥੇ ਮੱਖਣ ਦਾ ਨਾਂ ਵੀ ਨਾ ਹੁੰਦਾ ਹੋਵੇ, ਔਰ ਸਾਰਾ ਬਨਾਸਪਤੀ ਵਰਤਿਆ ਜਾਂਦਾ ਹੋਵੇ ਤਾਂ ਦਿਲ ਨੂੰ ਬੜਾ ਦੁਖ ਹੁੰਦਾ ਹੈ। ਲੇਕਿਨ ਇਨ੍ਹਾਂ ਨਾਵਾਂ ਦੀ ਵਰਤੋਂ ਸਿਰਫ ਇਨ੍ਹਾਂ ਚੀਜ਼ਾਂ ਤਕ ਹੀ ਮਹਿਦੂਦ ਨਹੀਂ ਰਹਿੰਦੀ ਬਲਿਕ ਇਹ ਇਲੈਕਸ਼ਨਜ਼ ਦੇ ਦੌਰਾਨ ਵੀ ਵਰਤੇ ਜਾਂਦੇ ਹਨ ਭਾਵੇਂ ਇਲੈਕਸ਼ਨ ਐਕਟ ਇਸ ਦੀ ਮਨਾਹੀ ਕਰਦਾ ਹੈ ਔਰ ਇਸ ਬਾਰੇ ਇਲੈਕਸ਼ਨ ਪਟੀਸ਼ਨਾਂ ਵੀ ਹੁੰਦੀਆਂ ਹਨ। ਜਿਹੜਾ ਆਲ ਇੰਡੀਆ ਇਲੈਕਸ਼ਨ ਐਕਟ ਬਣਿਆ ਹੋਇਆ

[ਸਰਦਾਰ ਕੁਲਤਾਰ ਸਿੰਘ]

ਹੈ ਉਸ ਦੇ ਮੁਤਾਬਕ ਜੇਕਰ ਕੋਈ ਆਦਮੀ ਕਿਸੇ ਗੁਰੂ, ਪੀਰ ਜਾਂ ਅਵਤਾਰ ਜਾਂ ਧਰਮ ਦਾ ਨਾਂ ਲੈ ਕੇ ਲੋਕਾਂ ਵਿੱਚ ਆਪਣਾ ਪਰਚਾਰ ਕਰਦਾ ਹੈ ਤਾਂ ਉਸ ਤੇ ਐਕਟ ਦੀ ਸੈਕਸ਼ਨ 123(3) ਲੱਗ ਜਾਂਦੀ ਹੈ ਔਰ ਇਕ ਤਾਂ ਉਸ ਦੀ ਇਲੈਕਸ਼ਨ ਕੈਨਸਲ ਹੋ ਜਾਂਦੀ ਹੈ ਅਤੇ ਨਾਲ ਹੀ ਉਸ ਨੂੰ 6 ਸਾਲਾਂ ਲਈ ਡਿਸਕੁਆਲੀਫਾਈ ਕਰ ਦਿੱਤਾ ਜਾਂਦਾ ਹੈ। ਆਪ ਨੂੰ ਪਤਾ ਹੈ ਕਿ ਜਿਸ ਤਰ੍ਹਾਂ ਜਗਦੇਵ ਸਿਧਾਂਤੀ ਦੀ ਇਲੈਕਸ਼ਨ ਤੇ ਇਲੈਕਸ਼ਨ ਪੈਟੀਸ਼ਨ ਦਾਇਰ ਹੋ ਗਈ ਸੀ ਔਰ ਪੈਟੀਸ਼ਨਰਾਂ ਦਾ ਕਹਿਣਾ ਸੀ ਕਿ ਉਸ ਨੇ ਆਪਣੀ ਇਲੈਕਸ਼ਨ ਦੇ ਦੌਰਾਨ ਓਮ ਨਾਮ ਦਾ ਝੰਡਾ ਲੈ ਕੇ ਪਰਚਾਰ ਕੀਤਾ ਸੀ। ਇਸ ਕਰਕੇ ਉਸ ਦੀ ਇਲੈਕਸ਼ਨ ਕੈਂਨਸਲ ਹੋ ਗਈ ਸੀ ਔਰ ਨਾਲ ਹੀ 6 ਸਾਲਾਂ ਵਾਸਤੇ ਹੁਕਮ ਹੋ ਗਿਆ ਸੀ ਕਿ ਉਹ ਇਲੈਕਸ਼ਨ ਨਹੀਂ ਲੜ ਸਕੇਗਾ। ਮੁੜ ਕੇ ਸੁਪਰੀਮ ਕੋਰਟ ਵਿੱਚ ਜਾ ਕੇ ਉਹ ਠੀਕ ਹੋਈ। ਜਿਸ ਤਰ੍ਹਾਂ ਉਸ ਐਕਟ ਵਿੱਚ ਇਹ ਪਰੋਵੀਜ਼ਨ ਹੈ ਕਿ ਜੇਕਰ ਪਟੀਸ਼ਨਰ ਸਾਬਤ ਕਰ ਦੇਣ ਕਿ ਕਿਸੇ ਨੇ ਧਰਮ, ਜਾਂ ਕਿਸੇ ਗੁਰੂ ਜਾਂ ਅਵਤਾਰ ਦੇ ਨਾਂ ਦੀ ਵਰਤੋਂ ਕਰੇ ਤਾਂ ਉਸ ਦੀ ਇਲੈਕਸ਼ਨ ਕੈਂਨਸਲ ਹੋ ਸਕਦੀ ਹੈ। ਇਸੇ ਤਰ੍ਹਾਂ ਤਜਾਰਤ ਕਰਨ ਵਾਲਿਆਂ ਲਈ ਇਨ੍ਹਾਂ ਨਾਵਾਂ ਦੀ ਵਰਤੋਂ ਬੰਦ ਕਰ ਦੇਣੀ ਚਾਹੀਦੀ ਹੈ। ਤੁਸੀਂ ਦੇਖਦੇ ਹੋ ਕਿ ਕਿਸ ਤਰ੍ਹਾਂ ਦੀਆਂ ਤਸਵੀਰਾਂ ਕ੍ਰਿਸ਼ਨ ਮਹਾਰਾਜ ਦੀਆਂ ਇਹ ਲੋਕ ਆਪਣੇ ਪਰਾਪੇਗੰਡੇ ਲਈ ਕੱਢਦੇ ਹਨ। ਲੜਕੀਆਂ ਨੰਗੀਆਂ ਨਹਾਂਦੀਆਂ ਦਿਖਾਈਆਂ ਜਾਂਦੀਆਂ ਹਨ ਔਰ ਕ੍ਰਿਸ਼ਨ ਮਹਾਰਾਜ ਨੂੰ ਉਨ੍ਹਾਂ ਦੇ ਕਪੜੇ ਚੁਕ ਕੇ ਦਰੱਖਤ ਉੱਤੇ ਜਾ ਕੇ ਬੈਠਾ ਦਿਖਾਇਆ ਜਾਂਦਾ ਹੈ। ਇਸ ਤਰ੍ਹਾਂ ਦੇ ਫੋਟੋ ਔਰ ਚਿਤ੍ਰ ਉਸ ਕ੍ਰਿਸ਼ਨ ਮਹਾਰਾਜ ਦੇ ਬਣਾ ਕੇ ਦਿਖਾਏ ਜਾਂਦੇ ਹਨ ਤਾਂ ਸ਼ਰਮ ਆਉਂਦੀ ਹੈ। ਜਦੋਂ ਇਸ ਤਰ੍ਹਾਂ ਦੀਆਂ ਫੋਟੋਆਂ ਘਰਾਂ ਵਿੱਚ ਸਾਡੀਆਂ ਧੀਆਂ ਭੈਣਾਂ ਦੇਖਦੀਆਂ ਹਨ ਤਾਂ ਸਾਡੀਆਂ ਬੀਬੀਆਂ ਭੈਣਾਂ ਦੇ ਦਿਲਾਂ ਤੇ ਦਿਮਾਗਾਂ, ਸਿਆਣੇ ਆਦਮੀਆਂ ਦੇ ਦਿਲ ਤੇ ਦਿਮਾਗਾਂ ਤੇ ਕੀ ਅਸਰ ਪੈਂਦਾ ਹੈ। ਜਿਸ ਕ੍ਰਿਸ਼ਨ ਜੀ ਮਹਾਰਾਜ ਕੋਲੋਂ ਗੀਤਾ ਜਿਹੀ ਗੰਗਾ ਨਿਕਲੀ ਉਹ ਨੰਗੀਆਂ ਲੜਕੀਆਂ ਦੇ ਕਪੜੇ ਲੈ ਕੇ ਦਰੱਖਤ ਤੇ ਚੜ੍ਹ ਜਾਣ ਐਸੀਆਂ ਤਸਵੀਰਾਂ ਛਾਪਣੀਆਂ ਅਤੇ ਚਿੱਤਰ ਪੇਸ਼ ਕਰਨੇ ਇਨ੍ਹਾਂ ਮਹਾਂਪੁਰਸ਼ਾਂ ਦੀ ਅਤੇ ਉਨ੍ਹਾਂ ਦੀ ਤਾਲੀਮ ਦੀ ਬੇਇਜ਼ਤੀ ਕਰਨਾ ਹੈ। ਜਿਵੇਂ ਇਲੈਕਸ਼ਨਾਂ ਦੇ ਸਿਲਸਿਲੇ ਵਿੱਚ ਸਖਤੀ ਕੀਤੀ ਜਾਂਦੀ ਹੈ ਉਸੇ ਤਰ੍ਹਾਂ ਕ੍ਰਿਸ਼ਨ ਮਹਾਰਾਜ, ਰਾਮ ਚੰਦਰ ਜੀ ਤੇ ਗੁਰੂ ਨਾਨਕ ਦੇ ਨਾਮ ਨੂੰ ਜੋ ਬੀੜੀਆਂ ਅਤੇ ਨਸਵਾਰ ਆਦਿ ਘਟੀਆਂ ਚੀਜ਼ਾਂ ਦੇ ਨਾਲ ਜੋੜਿਆ ਜਾਂਦਾ ਹੈ ਉਸ ਨੂੰ ਵੀ ਸਖਤੀ ਨਾਲ ਕਨਟਰੋਲ ਕੀਤਾ ਜਾਵੇ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਰੈਜ਼ੋਲਿਊਸ਼ਨ ਦੀ ਹਿਮਾਇਤ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਇਸ ਨੂੰ ਜਲਦੀ ਤੋਂ ਜਲਦੀ ਪਾਸ ਕੀਤਾ ਜਾਵੇਗਾ।

पंडित चिरंजी लाल शर्मा (गनौर) : चेयरमैन साहिब, यह जो रैज़ोल्यूशन है मैंने अभी इसको गौर से पढ़ा है और मैं समझता हूँ कि इस रैज़ोलयशन के मूव्र सरदार अजायब सिंह सन्धू मुबारकबाद के मुस्तहिक हैं क्योंकि जिस तरीके से सेन्ट्स, गुरुओं और अवतारों की यह बिज़नैसमैन और प्रोफैशनों वाले एक तरह से बेहुरमती करते हैं उसको रोकने के लिये कानून के अन्दर तरमीम की जरूरत है। अभी मेरे से पहले बोलने वाले माननीय सदस्य ने कृष्णा बीड़ी और नानक डेयरी वगैरह की चंद मिसालें दी। इसी किसम की सैंकड़ों नहीं हजारों साइनबोर्ड आपको बाजारों में देखने को मिलेंगे आप चाहे किसी भी कसबे या शहर में चले जाइये और देश के किसी कोने में चले जाइये यह वबा तो छोटे छोटे गांव में भी फैल गई है।

"Lives of great men all remind as;
we can make our lives sublime;
and departing leave behind as,
footprints on the sands of time."

स्पीकर साहिब, जब यह पढ़ा करते थे तो हमें यह सिखाया जाता था कि हम बड़े आदमियों के नक्शे कदम पर चल कर अपनी जिन्दगियों को बेहतर बनाए मगर आज हम देखते हैं कि उन महापुरुषों के नाम को तिजारत में या दीगर प्रोफैशन्ज़ में एक्सप्लायट किया जाता है । मैं समझता हूँ कि यह निहायत बुरी बात है कि उन के नेक नाम इस तरह से इस्तेमाल हों। अभी बताया गया कि मोहन घी वगैरह बिकता है । मैं किसी का बिज़नैस या उसके प्रोफैशन पर रिफ्लेक्शन नहीं डालना चाहता, बहरहाल यह हकीकत है कि नाम तो रखा है मोहन घी—जैसे वह कहते हैं न कि बगल में छुरी मुँह में राम राम—मैं मोहन घी को बदनाम नहीं करना चाहता मगर जब वह कहते हैं कि यह शुद्ध घी है तो उसका नाम शुद्ध या पवित्र घी क्यों नहीं रखा गया उसको मोहन या कृष्ण या नानक के नाम के साथ क्यों रखा गया है यह इसलिये कि जनता में उन के नाम से प्यार है प्रेम और मुहब्बत है और यह लोग इस बात को एक्सप्लायट करना चाहते हैं । यह रैज़ोल्यूशन ऐसा नहीं है कि जिस पर लम्बी लम्बी तकरीरों की ज़रूरत हो अगर सैंट्रल गवर्नमेंट को मूव करके ऐक्ट में तबदीली हो सकती है तो उन को मूव किया जाए और अगर यह असैम्बली ही कर सकती हो तो यह इस असैम्बली के इतिहास में एक नया बाब होगा । मैं इस बारे में ज्यादा नहीं कहना चाहता । मैं इस रैज़ोल्यूशन का समर्थन करता हूँ और हाउस से पुरजोर अपील करता हूं कि इस को वगैर विरोध के पास किया जाए। सरदार लक्खी सिंह जी ने कहा था कि फिर तो नाम भी नहीं रख सकेंगे । इसके वर्डज़ देखें । मैं आपकी इजाज़त से वह रिपोर्ट करना चाहता हूँ :

"This Assembly recommends to the Government to approach the Union Government with the request that steps be taken for banning the use of the names of the Gurus, Avtars, Prophets and Saints for professional and commercial purposes without the prior permission of the Government."

तो नाम का जहां तक ताल्लुक है मैं समझता हूँ कि इस में एक फारफेचड व्यू लिया गया है अगर आप किसी अच्छी बात के लिये यह नाम रखते हैं किसी बड़े आदमी के नाम पर रखते हैं तो आप उस पर स्याही नहीं लगाना चाहते बल्कि उससे इन्सपीरेशन लेने का मोटिव होता है । सन 1954–55 में जब रूस के नेता श्री बुलगानिन और श्री खरुश्चेव सोनीपत तहसील के मटगांव गांव में गए तो उनका बड़े जोर से स्वागत हुआ । उसके बाद लोगों ने कई जगह पर बच्चों का नाम बुलगानिन सिंह वगैरह रखने शुरू कर दिये । मगर जब कोई नाम रखे कृष्णा बीड़ी, सुभाष बीड़ी या गुरु नानक डेयरी और बेचे सपरेटा तो माफ करें यह कहां तक जायज़ बात होगी। तो मैं कहूँगा कि यह बड़ा सूझ-बूझ वाला रैज़ोल्यूशन है और इस पर गम्भीरता से सोचने की ज़रूरत है । एक और वहम ज़रूर है कि अगर इन बैंचिज़ से कोई जायज़ बात कही जाए तो उसका विरोध ज़रूर होना चाहिए ताकि कहीं इस अच्छी बात के लिये क्रैडिट सरदार अजैब सिंह को मिले ।

Revenue Minister : It is not the intention of the Government.

पंडित चिरंजीलाल शर्मा : तो अपनी तरफ से ले आए । (विघ्न) बहरहाल ज्यादा समय न लेते हुए मैं इस रैज़ोल्यूशन का समर्थन करता हूँ और गवर्नमेंट से अपील करता हूँ इसको कूल और थाटफुल कन्सिड्रेशन दे। आपका शुक्रिया ।

कामरेड राम प्यारा (करनाल) : चेयरमैन साहिब, यहां जो रैज़ोल्यूशन पेश किया गया है उसके आखीर में यह लफ्ज लिखे हैं : without prior permission of the Government इसका मतलब यह हुआ कि वह चाहते हैं कि चाहे उन के नामों का इस्तेमाल किया जाए मगर ऐसा गवर्नमेंट की मनजूरी से किया जाए । अब आप रोज़ाना यहां देखते हैं कि हम यहां पर गवर्नमेंट की ऐसी तैसी करते हैं: कहीं पर कहते हैं सरकार ने स्मगलरों को छोड़ दिया, कभी कहते हैं वोट लेने के लिये स्मगलरों को हथकड़ी लगा कर लाए, कभी कहते हैं कि बदमाश पकड़े गए मगर उनको सजा नहीं दी गई, कभी कहते हैं कि दास कमिशन ने फलां शख्स के खिलाफ कमैंट किया है मगर उस को ऐग्ज़ेरनरेट कर दिया गया, वगैरा वगैरा । ऐसी बातें रोज़मर्रा होती हैं ।

रोज़मर्रा यहां पर क्वैस्चन आवर में खास तौर से और बाकी वक्त में यह कहा जाता है कि गवर्नमेंट ने यह गलती की है गवर्नमेंट ने वह गलती की है । पहले तो मैं हैरान हूँ मूवर की इस बात पर कि गवर्नमेंट इस बात की इजाज़त दे कि यह नाम फलां जगह इस्तेमाल कर ले या फलां कंसर्न इस्तेमाल करे तो अगर यह खुद ही ऐसा करने को कहते हैं तो फिर उस वक्त अगर इस तरह का नाम मिसयूज़ होगा या एक्सप्लायट होगा तो क्या करेंगे । चेयरमैन साहिब, मैं इस रैज़ोल्यूशन के खिलाफ हूँ। वह इस लिये कि जो महा पुरुष हैं जो संत हैं जो अवतार हैं जो गुरु हैं और जो प्रोफट हैं इनमें इन्सपीरेशन का आइडियल है। हमें इन के जीवन से इन्सपीरेशन मिलता है । हमारे सामने यह बात रहती है कि जो-जो काम वह कर गये हैं उनके रास्ते पर हम चल सकते हैं या कि नहीं । मेरे अपने घर के हाल में दो तसवीरें लगी हुई हैं और मुझे दोनों से ही इन्सपीरेशन मिलती है । एक तसवीर अब्राहम लिंकन की है । इसके नीचे एक फिकरा लिखा हुआ है जो इन्होंने एक वक्त खुद ही कहा था कि :

"As I would not like to be a slave; so I would not like to be a master."

इसमें आप देखें कि कितना बड़ा आइडिया है । दूसरी तरफ गुरु नानक की तसवीर है और यह वो तसवीर है जिसमें गुरु नानक के दोनों हाथों में एक तरफ मलक भागो की और दूसरी तरफ भाई लालो की रोटियां थीं और एक से खून और दूसरे से दूध निकाल कर दिखाया गया था । कितनी बड़ी इन्सपीरेशन है कि जिनकी कमाई अच्छी नहीं जिनकी कमाई नेक नहीं उससे खून निकल रहा हो और नेक कमाई वाले गरीब भाई लालो की रोटी से दूध निकल रहा हो तो इस तरह अपनी ज़िन्दगी में तबदीली लाने के लिये और इन्सपीरेशन लेने के लिये हमें देवताओं, गुरुओं को सामने रखना होता है । और इस तरह से कोशिश इस बात की

की जाती है कि मन पर इसका असर पड़े और कोई तबदीली आए । अगर नाम अवतार और प्राफेट के नाम पर रखने से इस बात का हल निकल आता हो और मन में तबदीली आ सकती हो तो मुझे कोई एतराज़ नहीं ।

मुझे यहां पर एक एतराज़ ज़रूर है कि कई बुरी जगहों पर इन नामों को इस्तेमाल किया जा रहा है जैसा कि किसी सिग्रेट के बन्डल पर या जैसा कि श्री चरंजीलाल जी ने बताया है कि घी के डिब्बे पर चाहे उसके अन्दर माल अच्छा ना हो मिलावट वाला हो इसको रोकना चाहिए । लेकिन प्रोफैशन करने वाले को कौन रोक सकता है । क्या किसी का नाम रखने पर कोई रोक सकता है कि इसका नाम राम न रखा जाय या किसी का नाम गोबिन्द सिंह न रखा जाए या नानक चंद न रखा जाये । या कोई अपना नाम कृष्ण लाल न रखे । सब इन्सानों को इस तरह नाम रखने से नहीं रोका जा सकता । इस के इलावा बाकी चीजों की तरफ ध्यान दिया जाए । पंजाबी में एक कहावत है :

"अखियों अन्नी, नां नूर भरी"

आंख से अन्धी है तो नाम नूर भरी रखा हुआ है और इसी तरह एक फकीर भीख मांगता है तो नाम करोड़ी मल है तो इस तरह से तो चलता आ रहा है और इस पर पाबन्दी नहीं लगाई जा सकती । जो मामला ज़रूरी है वह यह है कि इस तरह के नामों की एक्सप्लायटेशन न हो इसका मिसयूज़ न हो । क्या जैसा कि इनका ख्याल है नाम बदल देने से कोई तबदीली आ जाएगी ? जहां नाम इस तरह का रख लिया गया हो वहां पर कोई अडलट्रशन नहीं होगी वहां दूध और घी में मिलावट न होगी । मिरचें और हल्दी में मिलावट न होगी । अगर नाम इस तरह रखने से ऐसी बात नहीं होगी तो इसको बेशक इस्तेमाल किया जाए । लेकिन बुरी सैंस में नहीं । इसके साथ ही जरूरत है कि किसी तरह से कैरेक्टर डिवैल्प करें । मैं अपने आपको कोई ऊंचा नहीं मानता । मैं भी इनसान हूँ और रोज गलती करता हूँ हम इस हाऊस में जो लोगों को रिप्रेज़ेन्ट करते हैं हम सबने मिल कर कैरेक्टर बिल्डिंग की तरफ चलना है और देखना है कि लोग इस तरफ चल रहे हैं या कि नहीं । अगर हम कैरेक्टर बिल्डिंग की तरफ चल रहे हैं तो नामों को इस्तेमाल करना कोई बुरी बात नहीं । अगर नहीं चल रहे तो नामों के इस्तेमाल से कुछ न होगा । हमें यह सोचना चाहिए कि हम कैरेक्टर बिल्ड कैसे हों । अगर किसी कनसर्न का नाम इस तरह का रखा हुआ है और काम बुरा हो तो सरकार उसकी पूछ ताछ करवा सकती है हां एक बात ज़रूरी है कि जहां पर इस नाम के इस्तेमाल से कोई कम्युनल बात नज़र आ जाए तो उसको रोकना जरूरी हो जाता है । किसी ने सनातन स्कूल का नाम इस तरीके से रखा हुआ है कि इससे यह डिपिक्ट होता हो कि एक ही फिरका का पता लगे या कोई खालसा या गुरु नानक स्कूल हो या स्वामी दयानद स्कूल हो या और किसी देवता

[कामरेड राम प्यारा]
के नाम पर कोई इंस्टीच्यूशन हो जिससे कम्युनल टिंज का पता चले तो सरकार के पास इस तरह के साधन हैं कि इसको रोक सके । गवर्नमेंट रखवाली करती है। जो इन्स्टीच्यूशन कम्यूनल हो उसकी पूछ ताछ की जाती है उसकी रैकगनीशन बंद की जा सकती है ग्रांट सरकार देती है उसे रोका जा सकता है, लेकिन मैं इस रैज़ोल्यूशन से इख्तलाफ बुनियादी तौर पर करता हूँ। एक तरफ तो यह कहा जाता है कि :

That Government is the best, which governs the least.

और आप चाहते हैं कि इस असूल पर अमल हो और दूसरी तरफ यह बात सरकार के हवाले की जा रही है कि फेवरेटिज़म और नैपोटिज़म हो जाए । और मुझे डर है कि इसका गलत इस्तेमाल जब होगा तो फिर आप कहेंगे कि इसे वापिस लो या उसमें एमेन्डमेंट करो इसलिये इस बात को सोच-विचार के साथ लाना चाहिए। (विघ्न)

Mr. Chairman : Sardar Lachhman Singh Gill, you have crossed the floor so many times. I would request you not to cross the floor so frequently.

Sardar Lachhman Singh Gill : So sorry, Sir.

कामरेड राम प्यारा : मैं यह प्रार्थना कर रहा हूँ कि अगर इस तरह के नाम से कोई मिसयूज़ हो या कोई इस नाम को एक्सप्लायट करे तो इस बात की सरकार को इजाज़त नहीं देनी चाहिए । अगर हाऊस गुस्ताखी न समझे तो मैं यह कहना चाहता हूँ कि अगर कोई जूए से, इम्मारल ट्रैफिक से, स्मगलिंग से या और कोई एन्टी-सोशल कामों से बुरी कमाई करता है तो इस तरह के आदमियों को, जब वे धार्मिक इन्स्टीच्यूशनों में 5–10 या 20 हजार रुपये दान दें तो कौन सी रिलीजियस संस्था उसको सन्मान देने को तैयार नहीं लेकिन हमें यह प्रैक्टिस छोड़नी चाहिए। और जो हमारी संस्थाओं की सैंक्टिटी है और जो मारल स्टेन्डर्ड हैं उसकी तरफ ध्यान रखना चाहिए । इन अलफाज़ के साथ मैं इस रैज़ोल्यूशन की मुखालफित करता हूँ और इस चीज़ पर जोर देता हूँ कि हमें नेशनल कैरेक्टर और मार्ल कोड पर अमल करना चाहिए और इसकी तरफ तवज्जुह देनी चाहिए, । जिससे हमारे देश की तरक्की हो और हम आगे बढ़ सकें ।

(*Deputy Speaker in the Chair*)

ਚੌਧਰੀ ਦਰਸ਼ਨ ਸਿੰਘ (ਨਕੋਦਰ) : ਡਿਪਟੀ ਸਪੀਕਰ ਸਾਹਿਬਾ, ਜਿਹੜਾ ਮਤਾ ਸਰਦਾਰ ਅਜਾਇਬ ਸਿੰਘ ਸੰਧੂ ਵਲੋਂ ਪੇਸ਼ ਕੀਤਾ ਗਿਆ ਹੈ ਅਤੇ ਜਿਸ ਤੇ ਵਿਚਾਰ ਕੀਤੀ ਜਾ ਰਹੀ ਹੈ ਇਸ ਦੇ ਬਾਰੇ ਵਿੱਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ । ਇਸ ਮਤੇ ਰਾਹੀਂ ਇਸ ਹਕੂਮਤ ਨੂੰ ਪਰੇਰਨਾ ਕੀਤੀ ਜਾਈ ਹੈ ਕਿ ਸੈਂਟਰਲ ਗੌਰਮੈਂਟ ਪਾਸ ਇਸ ਗੱਲ ਨੂੰ ਰੀਕੁਮੈਂਡ ਕੀਤਾ ਜਾਵੇ ਕਿ ਕਈ ਥਾਵਾਂ ਤੇ ਜਾਂ ਵਿਜ਼ਨੇਸ ਵਿੱਚ ਕਾਰਖਾਨਿਆਂ ਵਿੱਚ ਤੇ ਫੈਕਟਰੀਆਂ ਵਿੱਚ ਦੁਕਾਨਾਂ ਅਤੇ ਹੋਰ ਅਦਾਰਿਆਂ

ਵਿੱਚ ਜਿਨ੍ਹਾਂ ਤੇ ਸਾਡੇ ਗੁਰੂਆਂ, ਰਿਸ਼ੀਆਂ ਮਹਾਤਮਾਵਾਂ, ਦੇਵਤਿਆਂ ਦੇ ਨਾਮ ਦੇ ਬੋਰਡ ਲਗੇ, ਹੋਏ ਹਨ ਉਨ੍ਹਾਂ ਨੂੰ ਇਕ ਕਾਨੂੰਨ ਰਾਹੀਂ ਹਟਾ ਦਿੱਤਾ ਜਾਵੇ। ਡਿਪਟੀ ਸਪੀਕਰ ਸਾਹਿਬਾ, ਇਹ ਮਤਾ ਮਾੜਾ ਨਹੀਂ, ਚੰਗਾ ਹੈ। ਪਰ ਇਸ ਮਤੇ ਦੀ ਲੋੜ ਕਿਉਂ ਪਈ ਕਿ ਇਸ ਨੂੰ ਇਸ ਹਾਊਸ ਵਿੱਚ ਲਿਆਂਦਾ ਜਾਵੇ। ਮੈਂ ਇਹ ਖਿਆਲ ਕਰਦਾ ਹਾਂ ਕਿ ਇਸ ਮਤੇ ਦੀ ਲੋੜ ਇਸ ਹਾਊਸ ਵਿੱਚ ਪੇਸ਼ ਕਰਨ ਦੀ ਇਸ ਲਈ ਪਈ ਕਿ ਜਿੱਥੇ ਡਾਇਰੈਕਟਲੀ ਜਾਂ ਇਨਡਾਇਰੈਕਟਲੀ ਸਾਡੀ ਲਾਈਫ ਦਾ ਰੋਜ਼ ਦਾ ਵਕਾਰ ਅਤੇ ਕਰੈਕਟਰ ਲੋਐਸਟ ਐਬ ਤੇ ਚਲਾ ਜਾਵੇ। ਕਈ ਦੁਕਾਨਾਂ ਤੇ ਰਿਸ਼ੀਆਂ ਅਵਤਾਰਾਂ ਦੇ ਨਾਮਾਂ ਦੇ ਫਟੇ ਲੱਗੇ ਹੋਣ ਤੇ ਹੇਠਾਂ ਘੱਟ ਤੋਲ ਅਤੇ ਬੇਈਮਾਨੀ ਕੀਤੀ ਜਾ ਰਹੀ ਹੋਵੇ ਅਤੇ ਹੋਰ ਗਿਰੀਆਂ ਹੋਈਆਂ ਗਲਾਂ ਇਨ੍ਹਾਂ ਦੁਕਾਨਾਂ ਵਿੱਚ ਕੀਤੀਆਂ ਜਾਣ ਇਨ੍ਹਾਂ ਨੂੰ ਵੇਖ ਕੇ ਇਹ ਮਤਾ ਸਰਦਾਰ ਅਜਾਇਬ ਸਿੰਘ ਸੰਧੂ ਵਲੋਂ ਪੇਸ਼ ਕੀਤਾ ਗਿਆ ਹੈ।

ਡਿਪਟੀ ਸਪੀਕਰ ਸਾਹਿਬਾ, ਟਰੈਜ਼ਰੀ ਬੈਂਚਿਜ਼ ਤੇ ਬੈਠੇ ਹੋਏ ਆਨਰੇਬਲ ਮੈਂਬਰ ਚੌਧਰੀ ਲੱਖੀ ਸਿੰਘ ਨੇ ਆਖਿਆ ਹੈ ਕਿ ਇਸ ਰੈਜ਼ੋਲਿਊਸ਼ਨ ਦੇ ਪਾਸ ਹੋ ਜਾਣ ਨਾਲ ਕੋਈ ਕਾਨੂੰਨੀ ਅੜਚਨ ਪੈਦਾ ਹੋ ਜਾਵੇਗੀ। ਮੈਂ ਇਸ ਗੱਲ ਤੇ ਸਰਦਾਰ ਲੱਖੀ ਸਿੰਘ ਜੀ ਨਾਲ ਇਤਫਾਕ ਨਹੀਂ ਰਖਦਾ। ਇਹ ਠੀਕ ਹੈ ਕਿ ਇਹ ਮਸਲਾ ਸੈਂਟਰਲ ਸਰਕਾਰ ਦਾ ਹੈ ਅਸੀਂ ਤਾਂ ਮਹਿਜ਼ ਸੈਂਟਰਲ ਸਰਕਾਰ ਨੂੰ ਰਿਕੁਮੈਂਡ ਕਰਨਾ ਹੈ ਕਿ ਉਹ ਕੋਈ ਇਹੋ ਜਿਹਾ ਕਾਨੂੰਨ ਬਨਾਉਣ ਜਿਸ ਦੇ ਨਾਲ ਰਿਸ਼ੀਆਂ ਮੁਨੀਆਂ ਅਵਤਾਰਾਂ ਅਤੇ ਪੈਗੰਬਰਾਂ ਦੇ ਨਾਉਂ ਤੇ ਬੋਰਡ ਦੁਕਾਨਾਂ ਤੇ ਨਾ ਲਗਾਏ ਜਾਣ। ਇਹ ਅਸੀਂ ਸਿਰਫ ਆਪਣੇ ਸੈਂਟੀਮੈਂਟਸ ਸੈਂਟਰਲ ਸਰਕਾਰ ਤਕ ਪਹੁੰਚਾਉਣ ਦੇ ਹੀ ਯਤਨ ਕਰ ਰਹੇ ਹਾਂ, ਇਸ ਲਈ ਇਹ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ। ਤਾਜ਼ੀਰਾਤ ਹਿੰਦ ਤੇ ਤਹਿਤ, ਦਫਾ 295 ਅਧੀਨ ਹਿੰਦ ਸਰਕਾਰ ਨੇ ਇਕ ਐਸੀ ਸੈਕਸ਼ਨ ਬਣਾਈ ਹੈ ਕਿ ਕਿਸੇ ਸ਼ਖਸ ਦੇ ਮਜ਼ਹਬੀ ਜਜ਼ਬਾਤ ਨੂੰ ਠੇਸ ਨਾ ਪਹੁੰਚਾਈ ਜਾਵੇ। ਮੈਂ ਸਮਝਦਾ ਹਾਂ ਜਿੱਥੇ ਇਹ ਸਰਕਾਰ ਇਸ ਤਰ੍ਹਾਂ ਦੀ ਦਫਾ ਬਣਾ ਸਕਦੀ ਹੈ ਉਥੇ ਇਸ ਦੇ ਵਿੱਚ ਇਹ ਵੀ ਤਰਮੀਮ ਕਰ ਸਕਦੀ ਹੈ ਰਿਸ਼ੀਆਂ, ਮੁਨੀਆਂ, ਅਵਤਾਰਾਂ ਅਤੇ ਪੈਗੰਬਰਾਂ ਦੇ ਬੋਰਡ ਨਾ ਲਗਾਏ ਜਾਣ। ਇਥੇ ਪ੍ਰਿੰਸੀਪਲ ਰਲਾ ਰਾਮ ਜੀ ਨੇ ਵੀ ਕਿਹਾ ਸੀ ਇਸ ਤਰ੍ਹਾਂ ਹੋ ਜਾਣ ਨਾਲ ਸੈਂਟਰਲ ਸਬਜੈਕਟ ਵਿੱਚ ਇੰਟਰਫੀਅਰੈਂਸ ਹੋਵੇਗੀ, ਇਸ ਬਾਤ ਨਾਲ ਵੀ ਮੈਂ ਆਪਣੇ ਬਜ਼ੁਰਗ ਦੋਸਤ ਨਾਲ ਇਤਫਾਕ ਨਹੀਂ ਰਖਦਾ। ਮੈਂ ਸਮਝਦਾ ਹਾਂ ਕਿ ਅੱਛੇ ਕੰਮ ਵਾਸਤੇ ਚਾਹੇ ਸੈਂਟਰਲ ਸਰਕਾਰ ਹੋਵੇ ਜਾਂ ਪੰਜਾਬ ਸਰਕਾਰ, ਸਰਕਾਰ ਨੂੰ ਛੇਤੀ ਤੋਂ ਛੇਤੀ ਅਤੇ ਵਧ ਤੋਂ ਵਧ ਇੰਟਰਫੀਅਰੈਂਸ ਕਰਨੀ ਚਾਹੀਦੀ ਹੈ, ਫੇਰ ਉਸ ਗੱਲ ਤੇ ਜਿਹੜੀ ਕਿ ਮੋਸਟ ਕਨਵਿਨਸਿੰਗ ਹੋਵੇ। ਇਕ ਅੱਛੇ ਕੰਮ ਵਾਸਤੇ ਸੈਂਟਰ ਦੀ ਇੰਟਰਫੀਅਰੈਂਸ ਕੋਈ ਮਾੜੀ ਗੱਲ ਨਹੀਂ।

ਡਿਪਟੀ ਸਪੀਕਰ ਸਾਹਿਬਾ, ਇਸ ਮਤੇ ਦੀ ਕੁਝ ਬੈਕਗਰਾਊਂਡ ਜਿਸ ਕਰਕੇ ਸਾਨੂੰ ਇਹ ਮਤਾ ਲਿਆਉਣ ਦੀ ਲੋੜ ਪਈ ਇਥੇ ਅਰਜ਼ ਕਰ ਦੇਣੀ ਜ਼ਰੂਰੀ ਸਮਝਦਾ ਹਾਂ। ਉਹ ਇਹ ਜਿੱਥੇ ਜਿੱਥੇ ਸਾਡਾ ਮਾਰੇਲ ਉਚਾ ਕਰਨ ਵਾਸਤੇ, ਸਾਡਾ ਕਰੈਕਟਰ ਉਚਾ ਕਰਨ ਵਾਸਤੇ ਰਿਸ਼ੀਆਂ, ਮੁਨੀਆਂ, ਅਵਤਾਰਾਂ, ਗੁਰੂਆਂ ਅਤੇ ਪੀਰਾਂ ਪੈਗੰਬਰਾਂ ਦੇ ਨਾਉਂ ਵਰਤੇ ਜਾਂਦੇ ਸਨ ਅੱਜ ਇਹ ਨਾਉਂ ਦੇ ਬੋਰਡ ਲਗਾ ਕੇ ਲੋਕਾਂ ਨਾਲ ਧੋਖਾ, ਠੱਗੀ, ਫਰੇਬ, ਝੂਠ ਅਤੇ ਘੱਟ ਤੋਲ ਕੇ ਪੈਸਾ ਕਮਾਉਣ ਦਾ ਇਕ ਸਾਧਨ ਬਣਾਇਆ ਹੋਇਆ ਹੈ। ਸਾਡੇ ਰਿਸ਼ੀ, ਮੁਨੀ, ਗੁਰੂ ਅਤੇ ਪੀਰ ਪੈਗੰਮਬਰ ਜਿੱਥੇ ਸਾਨੂੰ ਇਹ ਰਾਹ ਤੇ ਚਲਾਉਂਦੇ ਸਨ, ਇਕ ਉਚੇ ਆਦਰਸ਼ ਦਾ ਸਬਕ ਦਿੰਦੇ ਸਨ ਕਿ ਝੂਠ ਬੋਲਣਾ ਨਹੀਂ ਚਾਹੀਦਾ, ਇਕ ਇਨਸਾਨ ਨੂੰ ਦੂਸਰੇ ਇਨਸਾਨ ਨਾਲ ਬੇਈਮਾਨੀ ਨਹੀਂ ਕਰਨੀ ਚਾਹੀਦੀ, ਨੇਕ ਕਮਾਈ ਕਰਨੀ ਚਾਹੀਦੀ ਹੈ, ਸੇਵਾ ਭਾਵ ਨਾਲ ਕੰਮ ਕਰਨਾ ਚਾਹੀਦਾ ਹੈ ਅੱਜ ਉਨ੍ਹਾਂ ਦੇ ਨਾਉਂ ਦੇ ਬੋਰਡ ਦੁਕਾਨਾਂ

[ਚੌਧਰੀ ਦਰਸ਼ਨ ਸਿੰਘ]

ਤੇ ਲਾ ਕੇ ਬਿਲਕੁਲ ਉਲਟੇ ਕੰਮ ਕੀਤੇ ਜਾ ਰਹੇ ਹਨ। ਹਿੰਦੁਸਤਾਨ ਵਿੱਚ ਇਤਨੇ ਰਿਸ਼ੀ ਮੁਨੀ ਪੀਰ ਪੈਗੰਬਰ ਅਤੇ ਦੇਵੀ ਦੇਵਤਾ ਹੋਏ ਹਨ ਕਿ ਉਨ੍ਹਾਂ ਦਾ ਅਸਰ ਅੱਜ ਵੀ ਭਾਰਤ ਦੇ ਹਰ ਛੋਟੇ ਮੋਟੇ ਕਸਬੇ ਵਿੱਚ ਸਾਡੇ ਸਾਹਮਣੇ ਹੈ। ਕਿਸੇ ਚੁਰਾਹੇ ਤੇ ਜਾਂ ਮੋੜ ਤੇ ਤੁਸੀਂ ਖੜ੍ਹ ਕੇ ਵੇਖੋ ਤਾਂ ਤੁਹਾਨੂੰ ਹਰ ਮੋੜ ਤੇ ਇਕ ਸਾਧੂ ਖੜ੍ਹਾ ਨਜ਼ਰ ਆਏਗਾ। ਉਹਦਾ ਲਿਬਾਸ ਫਕੀਰਾਨਾ ਹੋਵੇਗਾ। ਪਰ ਮੈਨੂੰ ਹੈਰਾਨੀ ਹੁੰਦੀ ਹੈ ਕਿ ਇਸ ਮੁਲਕ ਵਿੱਚ ਅੱਜ ਲੋਕੀ ਕਾਨੂੰਨੀ ਰਾਹ ਨੂੰ ਬਿਲਕੁਲ ਛੱਡ ਚੁੱਕੇ ਹਨ ਅਤੇ ਕੋਈ ਵੀ ਮਾੜਾ ਕੰਮ ਕਰਨ ਤੋਂ ਨਹੀਂ ਡਰਦੇ। ਖੁਦ ਸਾਧੂਆਂ ਦੀ ਟੋਲੀ ਦਾ ਇਕ ਸਾਧੂ ਸਮਾਜ ਬਣਿਆ ਹੋਇਆ ਹੈ ਜਿਹੜਾ ਲੋਕਾਂ ਨੂੰ ਦੱਸਦਾ ਹੈ ਕਿ ਝੂਠ ਨਾ ਬੋਲਿਆ ਜਾਵੇ ਅਤੇ ਕਿਸੇ ਨਾਲ ਕੋਈ ਅਧਰਮ ਨਾ ਕਰੋ। ਇਤਨੇ ਪਰਚਾਰ ਦੇ ਬਾਵਜੂਦ ਵੀ ਸਾਡਾ ਇਖਲਾਕ ਗਿਰਦਾ ਜਾ ਰਿਹਾ ਹੈ, ਸਾਡਾ ਮਾਰੇਲ ਉਹ ਨਹੀਂ ਰਿਹਾ ਜੋ ਇਕ ਰਿਸ਼ੀਆਂ ਮੁਨੀਆਂ ਅਤੇ ਪੀਰ ਪੈਗੰਬਰਾਂ ਦੇ ਮੁਲਕ ਵਿੱਚ ਹੋਣਾ ਚਾਹੀਦਾ ਸੀ। ਅੱਜ ਹਰ ਇਨਸਾਨ ਇਕ ਦੂਸਰੇ ਨਾਲ ਚਾਲਾਕੀ ਕਰਦਾ ਹੈ ਅਤੇ ਰਿਸ਼ੀਆਂ, ਪੀਰਾਂ ਅਤੇ ਗੁਰੂਆਂ ਦੇ ਨਾਉਂ ਨੂੰ ਉਛਾਲ ਕੇ ਆਪਣੇ ਲਈ ਪੈਸਾ ਕਮਾਉਂਦਾ ਹੈ। ਅੱਜ ਦੁਕਾਨਾਂ ਤੇ ਬੈਠਣ ਵਾਲੇ ਲੋਕੀਂ, ਵਿਉਪਾਰ ਕਰਨ ਵਾਲੇ ਸੱਜਣ ਅਤੇ ਜਿਹੜੇ ਸਵੇਰੇ ਉਠ ਕੇ ਪੂਜਾ ਪਾਠ ਕਰਦੇ ਹਨ, ਜਾਂ ਗੁਰਦੁਆਰੇ ਜਾ ਕੇ ਪੂਜਾ ਪਾਠ ਕਰਦੇ ਹਨ ਦਰਬਾਰ ਸਾਹਿਬ ਦੇ ਦਰਸ਼ਨ ਕਰਦੇ ਹਨ, ਪਰ ਕੰਮ ਉਹ ਕਰਦੇ ਹਨ ਜਿਹੜੇ ਇਨ੍ਹਾਂ ਦੇ ਆਸ਼ੇ ਦੇ ਬਿਲਕੁਲ ਉਲਟ ਹਨ। ਇਨ੍ਹਾਂ ਨੇ ਆਪਣੀਆਂ ਦੁਕਾਨਾਂ ਤੇ ਵਰਕਸ਼ਾਪਾਂ ਤੇ, ਸਟੋਰਾਂ ਅਤੇ ਮਿਲਾਂ ਤੇ ਕਾਰਖਾਨਿਆਂ ਤੇ ਬੋਰਡ ਇਨ੍ਹਾਂ ਰਿਸ਼ੀਆਂ, ਮੁਨੀਆਂ, ਗੁਰੂਆਂ, ਪੀਰਾਂ ਪੈਗੰਬਰਾਂ ਅਤੇ ਅਵਤਾਰਾਂ ਦੇ ਹੀ ਲਗਾਏ ਹੋਏ ਹਨ, ਕਿਤੇ ਲਿਖਿਆ ਹੈ ਗੁਰੂ ਨਾਨਕ ਸਟੋਰ, ਕ੍ਰਿਸ਼ਨਾ ਸਟੋਰ, ਗੁਰੂ ਗੋਬਿੰਦ ਸਿੰਘ ਵਰਕਸ਼ਾਪ, ਪਰ ਏਥੇ ਕੀ ਹੁੰਦਾ ਹੈ ਦੁਕਾਨ ਵਿੱਚ ਸੌਦਾ ਘਟ ਤੋਲਿਆ ਜਾਂਦਾ ਹੈ, ਹਰ ਅਦਾਰੇ ਵਿੱਚ ਬੇਈਮਾਨੀ ਹੁੰਦੀ ਹੈ, ਠੱਗੀ, ਝੂਠ ਅਤੇ ਬਲੈਕ ਮਾਰਕੀਟ ਦਾ ਵਿਉਹਾਰ ਹੁੰਦਾ ਹੈ। ਤੁਸੀਂ ਅੰਦਾਜ਼ਾ ਲਗਾਉ ਕਿ ਅੱਧ ਘੰਟਾ ਪਹਿਲਾਂ ਉਹ ਕੀ ਕੁਝ ਕਰਦੇ ਵੇਖੇ ਗਏ, ਕਿਵੇਂ ਪੂਜਾ ਪਾਠ ਅਤੇ ਭਜਨ ਵਿੱਚ ਮਗਨ ਸਨ ਪਰ ਅੱਧੇ ਘੰਟੇ ਬਾਅਦ ਦੇ ਹਾਲਾਤ ਨਾਲ ਜੇ ਮੁਕਾਬਲਾ ਕੀਤਾ ਜਾਵੇ ਤਾਂ ਕਿਸ ਤਰ੍ਹਾਂ ਦੇ ਸਨ। ਅਸੀਂ ਮਜ਼ਹਬ ਦੇ ਨਾਉਂ ਤੇ ਇਕ ਨਵੀਂ ਮੈਂਟਲਟੀ ਪੈਦਾ ਕਰਦੇ ਜਾ ਰਹੇ ਹਾਂ। ਜਿਸ ਦੇ ਨਾਲ ਇਕ ਇਨਸਾਨ ਦੂਸਰੇ ਇਨਸਾਨ ਨੂੰ ਲੁਟ ਰਿਹਾ ਹੈ, ਇਕ ਅਮੀਰ ਗ਼ਰੀਬ ਦਾ ਖ਼ੂਨ ਚੂਸ ਰਿਹਾ ਹੈ ਪਰ ਸਾਡੇ ਅੱਗੇ ਬੋਰਡ ਲਾਇਆ ਹੋਇਆ ਰਿਸ਼ੀਆਂ ਮੁਨੀਆਂ ਅਤੇ ਅਵਤਾਰਾਂ ਦਾ ਹੈ। ਅਸੀਂ ਆਪਣੇ ਰਿਸ਼ੀਆਂ ਮੁਨੀਆਂ ਦੇ ਨਾਉਂ ਤੇ ਜਿਹੜੀ ਸੌਦੇ ਬਾਜ਼ੀ ਕਰਦੇ ਹਾਂ ਇਹ ਬਹੁਤ ਹੀ ਬੁਰੀ ਅਤੇ ਨਾ ਮੁਨਾਸਬ ਗੱਲ ਹੈ। ਮੈਂ ਕਹਾਂਗਾ ਕਿ ਕੀ ਇਹ ਹਕੀਕਤ ਨਹੀਂ ਕਿ ਅਸੀਂ ਪਿੰਡਾਂ ਵਿੱਚ ਜਾ ਕੇ ਇਸ ਹਾਊਸ ਵਿੱਚ ਆਉਣ ਵਾਸਤੇ ਗੁਰੂਆਂ ਦੇ ਨਾਉਂ ਤੇ ਵੋਟਾਂ ਨਹੀਂ ਮੰਗੀਆਂ। ਮੇਰਾ ਖ਼ਿਆਲ ਹੈ ਕਿ ਇਸ ਹਾਊਸ ਦੇ ਵੀ ਬਹੁਤ ਸਾਰੇ ਆਨਰੇਬਲ ਮੈਂਬਰ ਐਸੇ ਹੋਣਗੇ ਜਿਹੜੇ ਮੇਰੀ ਇਸ ਗੱਲ ਤੇ ਬਿਲਕੁਲ ਵੀ ਇਨਕਾਰ ਨਹੀਂ ਕਰਨਗੇ। ਕਿਉਂਕਿ ਇਹ ਇਕ ਹਕੀਕਤ ਹੈ। ਪਰ ਅਸੀਂ ਵੀ ਲੋਕਾਂ ਨੂੰ ਪਰਚਾਰ ਇਹ ਕਰਦੇ ਹਾਂ ਕਿ ਆਪਣੇ ਗੁਰੂਆਂ ਦੇ ਨਾਉਂ ਤੇ ਕਿਸੇ ਨਾਲ ਧੋਖਾ ਨਾ ਕਰੋ। ਕੀ ਸਾਡੇ ਰਿਸ਼ੀਆਂ ਮੁਨੀਆਂ ਅਤੇ ਪੀਰਾਂ ਪੈਗੰਬਰਾਂ ਨੇ ਸਾਨੂੰ ਇਹੋ ਜਿਹਾ ਸਬਕ ਦਿੱਤਾ ਹੈ। ਕਿਤਨਾ ਚੰਗਾ ਹੁੰਦਾ ਕਿ ਅਪੋਜ਼ੀਸ਼ਨ ਵਿੱਚ ਬੈਠਣ ਵਾਲੇ 41-42 ਮੈਂਬਰ, ਕਿਸੇ ਨੇਕ ਪ੍ਰੋਗਰਾਮ ਤੇ ਇਕੱਠੇ ਹੁੰਦੇ...

Deputy Speaker : Please wind up.

ਚੌਧਰੀ ਦਰਸ਼ਨ ਸਿੰਘ : ਮੈਂ ਵਾਈਂਡ ਅਪ ਹੀ ਕਰਨ ਲੱਗਾ ਹਾਂ, ਮੈਂ ਅਰਜ਼ ਕਰ ਰਿਹਾ ਸੀ ਕਿ ਜਿਸ ਤਰ੍ਹਾਂ ਦੀਆਂ ਗੱਲਾਂ ਮਜ਼ਹਬ ਦੇ ਨਾਉਂ ਤੇ ਹੁੰਦੀਆਂ ਹਨ, ਕਾਂਗਰਸ ਦੇ ਇਸ ਤਰੰਗੇ

ਝੰਡੇ ਹੇਠ ਵੀ ਹੁੰਦੀਆਂ ਹਨ, ਵੱਡੀਆਂ ਵੱਡੀਆਂ ਫੈਕਟਰੀਆਂ ਤੇ ਅੱਜ ਤਰੰਗੇ ਲਹਿਰਾ ਰਹੇ ਹਨ, ਪਰ ਇਸ ਤਰੰਗੇ ਦੀ ਛਤਰ ਛਾਇਆ ਹੇਠ ਕੋਟਿਆਂ ਦੀ ਬਲੈਕ ਮਾਰਕੀਟ ਹੁੰਦੀ ਹੈ, ਕੋਟਿਆਂ ਦੀ ਫਰੋਖਤ ਹੁੰਦੀ ਹੈ, ਗਰੀਬਾਂ ਦਾ ਖੂਨ ਚੂਸਿਆ ਜਾਂਦਾ ਹੈ, ਮੈਂ ਡਿਪਟੀ ਸਪੀਕਰ ਸਾਹਿਬਾ ਤੁਹਾਡੇ ਰਾਹੀਂ ਮੇਜਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਚੀਜ਼ਾਂ ਜੋ ਇਨ੍ਹਾਂ ਦਾ ਆਦਰਸ਼ ਹੈ ਉਸ ਨੂੰ ਉਚਾ ਨਹੀਂ ਚੁਕਦੀਆਂ। ਮੈਂ ਇਹ ਗੱਲ ਤਿਰੰਗੇ ਝੰਡੇ ਨੂੰ ਪੁਛੀ ਕਿ ਤੂੰ ਇਤਨਾ ਉਚਾ ਤੇ ਸੁਚਾ ਹੈਂ ਅੱਜ ਜਿੱਥੇ ਤੂੰ ਲੱਗਾ ਹੋਇਆ ਹੈਂ ਤੇਰੀ ਸ਼ਾਨ ਦੇ ਵਿਰੁਧ ਤੇਰੀ ਹੀ ਛਤਰ ਛਾਇਆ ਹੇਠ ਕੰਮ ਹੁੰਦੇ ਹਨ। ਤੂੰ ਹੀ ਮੈਨੂੰ ਦੱਸ ਕਿ ਜਿੱਥੇ ਗਰੀਬਾਂ ਦਾ ਖੂਨ ਚੂਸਿਆ ਜਾਂਦਾ ਹੋਵੇ, ਬਲੈਕ ਮਾਰਕੀਟ ਹੁੰਦੀ ਹੋਵੇ ਤੂੰ ਕਿਸ ਤਰ੍ਹਾਂ ਲਹਿਰਾ ਰਿਹਾ ਹੈਂ ਛਾਤੀ ਚੌੜੀ ਕਰਕੇ। ਮੈਨੂੰ ਤਰੰਗੇ ਨੇ ਜਵਾਬ ਦਿੱਤਾ ਕਿ ਕੀ ਕਰਾਂ ਮੈਂ ਇਕ ਲੋਹੇ ਦੀ ਲੱਠ ਨਾਲ ਲੱਗਿਆ ਹੋਇਆ ਹਾਂ ਜੇ ਕਿਤੇ ਮੇਰੇ ਨਾਲ ਬਾਂਸ ਦੀ ਸੋਟੀ ਹੁੰਦੀ ਤਾਂ ਕਦੋਂ ਦਾ ਉਸ ਨੂੰ ਘੁਣ ਬਣ ਕੇ ਉਸ ਨੂੰ ਲਗ ਗਿਆ ਹੁੰਦਾ ਅਤੇ ਉਸ ਨੂੰ ਗਿਰਾ ਲਿਆ ਹੁੰਦਾ (ਵਾਹ ਵਾਹ ਦੀਆਂ ਆਵਾਜ਼ਾਂ) ਇਸ ਕਰਕੇ ਮੈਂ ਡਿਗ ਵੀ ਨਹੀਂ ਸਕਦਾ। ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰ ਰਿਹਾ ਸੀ ਕਿ ਜਿਨ੍ਹਾਂ ਥਾਵਾਂ ਤੇ ਤਰਗੇ ਲਹਿਰਾਏ ਜਾ ਰਹੇ ਹਨ ਉਥੇ ਵੀ ਗਰੀਬਾਂ ਦਾ ਖੂਨ ਚੂਸਿਆ ਜਾ ਰਿਹਾ ਹੈ।

ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਏਸ ਮਤੇ ਦੀ ਤਾਈਦ ਕਰਾਂਗਾ ਔਰ ਰੀਕੁਐਸਟ ਕਰਾਂਗਾ ਕਿ ਇਸ ਨੂੰ ਸਰਵਸੰਮਤੀ ਨਾਲ ਪਾਸ ਕਰਕੇ ਸਾਨੂੰ ਸੈਂਟਰਲ ਗੌਰਮਿੰਟ ਨੂੰ ਰਿਕੁਮੈਂਡੇਸ਼ਨ ਭੇਜ ਦੇਣੀ ਚਾਹੀਦੀ ਹੈ ਤਾਂ ਕਿ ਰਿਸ਼ੀਆਂ, ਮੁਨੀਆਂ, ਅਵਤਾਰਾਂ ਅਤੇ ਪੈਗੰਬਰਾਂ ਦੇ ਜੋ ਨਾਮ ਐਕਸ-ਪਲਾਇਟ ਕੀਤੇ ਜਾਂਦੇ ਹਨ ਦੁਕਾਨਾਂ ਤੇ ਬੋਰਡ ਲਾ ਲਾ ਕੇ ਉਹ ਹਮੇਸ਼ਾ ਲਈ ਬੰਦ ਕੀਤੇ ਜਾ ਸਕਣ।

खान अब्दुल ग़फार खां (अम्बाला) : मोहतरमा डिप्टी स्पीकर साहिबा, आज जो रैज़ोल्यूशन हमारे हाउस में पेश हुआ है वह निहायत अच्छा और मुबारक रैज़ोल्यूशन है। ठीक है आज यहां पर रैज़ोल्यूशन की शक्ल में आया है लेकिन मेरे लिये यह कोई नई बात नहीं। मैंने पहले भी अपनी तकरीरों में बहुत मरतबा अपनी गवर्नमेंट से अपील की कि यह चीजें रोक दी जाएं। जिन साहिबान ने इस अच्छे रैज़ोल्यूशन की मुखालफित की है मैं पहले उनकी खिदमत में कुछ अर्ज़ करना चाहता हूँ। मिसाल के तौर पर मेरे मुअज़िज़ दोस्त जनाब प्रिंसिपल साहिब (बज़ुर्ग तो शायद मैं ही हूँगा) (हंसी) ने फरमाया था कि अगर इस रैज़ोल्यूशन को पास कर दिया जाए तो गवर्नमेंट के लिये बहुत मुश्किलात पैदा हो जायेंगी और लोग कहेंगे कि इंडिविजुअल की आज़ादी में जो कि उन्हें कांस्टीच्यूशन में दी है, में दखलअंदाज़ी हो रही है। मैं गुजारिश करना चाहता हूँ कि प्रिंसिपल साहिब से कि सरकार की इंटरफियरेंस हमारी रोजाना जिन्दगी में किस किस जगह नहीं है। आज अगर होशियारपुर से प्रिंसिपल साहिब अपनी कार में तशरीफ ला रहे हों और आते आते वो बायें हाथ की बजाय दायें को चलना शुरू कर दें तो इनको ज़रूर रोका जाएगा। हालांकि उनको चलने फिरने का अख्तियार है। लेकिन क्योंकि उनके इस तरीका से गाड़ी चलाने से एक्सीडेंट का खतरा है, किसी की जान जाने का खतरा है, इसलिये ज़रूर रोका जायेगा। तो मैं अर्ज़ करना चाहता हूँ

[खान अब्दुल गुफार खां]

कि अगर कोई ऐसा फेल करे जिससे किसी दूसरे पर किसी किसम का बुरा असर न पड़ता हो तब तो गवर्नमेंट का दखल देना मुनासिब नहीं । लेकिन अगर कोई ऐसी चीज़ें हों जिससे सोसायटी को नुक्सान पहुंचता हो, जिससे मुआशरत में खराबी पहुंचती हो उसको दूर करने के लिये अगर गवर्नमेंट की मदद ली जाए तो कोई बुरी बात नहीं । हां एक बात मैं कहता हूँ अगर प्रिंसिपल साहिब इस बात की ज़िम्मेदारी लेने को तैयार हों कि इस किसम का कोई बोर्ड नहीं रहेगा तो हमें सरकर के पास गुज़ारिश करने की ज़रूरत नहीं पड़ेगी । मैं मुसलमानों की एक बात बताना चाहता हूँ। हमारे यहां जो मुसलमान तजारत पेशा हैं, किसी ने मुहम्मदी स्टोर लिख रखा है या और इसी किसम के बोर्ड लगा रखे हैं। इस्लाम की तालीम यह है कि अगर तुम कोई चीज़ बेचते हो और उसमें कोई खराबी है तो खरीद करने वाले को बता देना चाहिए कि इसमें यह खराबी है । लेकिन हम वजाये इसके करते क्या हैं। नाम तो रखते हैं उन पैगम्बरों का जिसके ज़रिया हम अपनी शफाअत चाहते हैं और तमाम दुनियां को धोखा देते हैं। जब ऐसी बातें हो रही हैं तो मैं नहीं समझता कि इसमें कौन सी खराबी की बात है, अगर इस रैज़ोल्यूशन को पास कर दिया जाए । मैंने बोलने से पहले मौजूदा मिनिस्टर साहिब से पूछा था कि इस पर बोलने के लिये कोई ह्विप तो नहीं जारी किया तो उन्होंने बताया कि कोई बोलने पर पाबन्दी नहीं है । चुनांचि मैंने समझा कि मुझको इजाज़त है ।

ਸਰਦਾਰ ਲਛਮਣ ਸਿੰਘ ਗਿੱਲ : ਤੁਹਾਡੀ ਕੋਈ ਆਪਣੀ ਜ਼ਮੀਰ ਵੀ ਹੈ ਕਿ ਨਹੀਂ ।

खान अब्दुल ग़फार खां : तभी तो बोल रहा हूँ । तो जनावबोला मैं अर्ज़ करना चाहता हूँ कि इससे यह न समझा जाए कि हमको बजुर्गों के नाम से कोई नफरत है या चिढ़ है । बिल्कुल ऐसी बात नहीं है । हम तो पैदायश से लेकर मरने तक उनका नाम लेते हैं । यहां तो यह कहा गया है कि साहिब आप लोगों को मना करें कि वो इस तरह के बोर्ड लगवाना छोड़ दें । कैसी अजीब बात है कि अगर हमारे कहने से लोग मना हो सकते तो आज चोरी की सज़ा के लिए कानून न होता । और इसके इलावा किसी किस्म का कानून बनाने की ज़रूरत न होती आज हालत यह है कि हम इतने गिर चुके हैं कि हम अपने बजुर्गों के नाम को अपने अवतारों और पैगम्बरों के नामों को एक्सप्लायट करना चाहते हैं। मक्कारी के लिये फ्रेब के लिये, झूठ और मिलावट करने के लिये क्यों ऐसी चीज़ों को रोकना ज़रूरी है ? जब मैं देखता हूँ कि गुरु नानक डैरी है या कोई और ऐसी दुकान है जिस पर उनका नाम लिखा होता है तो मेरे दिल में यह जज़बा पैदा होता है कि यह शायद सही तौर पर तो तालीम गुरु नानक ने दी थी उसके मुताबिक इमानदारी से चलते हैं। लेकिन मुझे बहुत डिसएप्वायंटमेंट होती है जब मैं वहां पर धोखा और फ्रेब होता हुआ देखता हूँ। आज गुरु नानक जी के नाम के और कृष्ण जी के नाम के बोर्ड लगा रखे हैं लेकिन उनकी टीचिंग्ज़ के मुताबिक

अगर वो फेल करें तो हम बुरा न मानें । लेकिन यह बिल्कुल बरदास्त नहीं हो सकता कि नाम तो उनका एक्सप्लायट किया जाए और तमाम की तमाम खराबियां जनता पर ठोंस दी जाए । मेरे वो दोस्त अब चले गये हैं उन्होंने कहा था कि जो तरंगा लहराता है उसके नीचे बेईमानी होती है । तरंगा जो है उसको हमने अपने आपके लिए सेक्रिड माना है; मुकद्दस माना है, लेकिन जो जनसंघी और अकाली भाई हैं या कम्युनिस्ट भाई हैं वो उस को मुकद्दस नहीं मानते । हम उसे सेक्रिड मानते इसलिये उसके नीचे भी जो बुराई हो रही है, बिल्कुल नहीं होनी चाहिए । मगर एक बात मैं कहूँगा कि वो किसी रिलिजन का निशान नहीं है । डिप्टी स्पीकर साहिबा, इसके मातहत कोई ख़राबी नहीं होनी चाहिए क्योंकि हमें तरंगा झंडा इख्लाक सिखाता है, मौरल वैल्यूज़ सिखाता है और कुरप्शन की मुखालफत करता है (विघ्न) लेकिन आप दूसरे मुल्कों में जाकर देखें कि आप के झंडे के नीचे क्या कुछ हो रहा है । (विघ्न)

उपाध्यक्षा : आर्डर प्लीज़ । चौधरी दर्शन सिंह ने कहा कि तरंगे झंडे के नीचे भी कुरप्शन हो रही है, वह नहीं होनी चाहिए । (Order please. Cha dhri Darshan Singh stated that corruption is rampant under the National Flag. It should be eradicated.)

खान अब्दुल ग़फ़ार खां : डिप्टी स्पीकर साहिबा, अगर तरंगे झंडे के नीचे ऐसी बातें हो रही हैं तो बिल्कुल नहीं होनी चाहिए क्योंकि तरंगा झंडा तो हमें इख्लाक सिखाता है । मौरल वैल्यूज़ सिखाता है, हमें ईमानदारी सिखाता है, पैट्रायटिज्म सिखाता है । मेरे कहने का मतलब यह है कि अगर इस झंडे के नीचे ऐसी बातें होती हैं तो बिल्कुल नहीं होनी चाहिए । तरंगा झंडा कोई मजहब का झंडा नहीं है (विघ्न) यहां पर लोग मजहब के नाम पर और बजुर्गों के नाम पर अपनी दुकानों के बोर्ड बना लेते हैं और वहां पर तमाम दुनिया का अन्याय, जुल्म और धक्काशाही होती है । जहां पर गुरु नानक स्टोर हो और वहां पर तमाम दुनिया के धक्केशाही हो । होना तो यह चाहिए कि वहां पर ईमानदारी से काम हो तकड़ी की डंडी न मारी जाए । वहां पर धोखेबाजी न हो, मकर, फरेब, बेईमानी और एडल्ट्रेशन न हो । लेकिन वहां पर तमाम दुनिया के जुल्म और धक्काशाही होती है । हम तो वहां पर इसलिये जाते हैं कि वहां पर अच्छी चीज मिलेगी लेकिन मुझे दुःख से कहना पड़ता है कि वहां पर हर तरह की हेरा फेरी ब्लेक मार्किट और कुरप्शन होती है । इसलिये मेरी गुजारिश है कि किसी को गुरु नानक देव के नाम से, कृष्ण महाराज के नाम से, पैगम्बर के नाम से और बजुर्गों के नाम से दुकानों के बोर्ड लगाने की बिल्कुल इजाज़त नहीं होनी चाहिए । (घंटी) मैं इस रैजोल्यूशन की निहायत पुरजोर लफ्जों में हिमायत करता हूँ । मैं समझता हूँ कि यह बहुत जरूरी रैजोल्यूशन है । लेकिन इसको लाने में बहुत देर हो गई । जल्द ऐसी तजवीज़ होनी चाहिए थी । आज खुशकिस्मती का दिन है । मैं समझता हूँ कि इस रैजोल्यूशन को पास किया जाए ।

ਸਰਦਾਰ ਤਾਰਾ ਸਿੰਘ ਲਾਇਲਪੁਰੀ (ਨਾਗੋਕੇ ਐਸ. ਸੀ.) : ਡਿਪਟੀ ਸਪੀਕਰ ਸਾਹਿਬਾ ਜਿਹੜਾ ਰੈਜ਼ੋਲਿਊਸ਼ਨ ਸਰਦਾਰ ਅਜਾਇਬ ਸਿੰਘ ਸੰਧੂ ਨੇ ਹਾਊਸ ਵਿੱਚ ਮੂਵ ਕੀਤਾ ਹੈ ਉਹ ਬਹੁਤ ਹੀ ਅਹਿਮ ਹੈ । ਸਾਡਾ ਦੇਸ਼ ਆਮ ਤੌਰ ਤੇ ਦੂਜੀ ਚੀਜ਼ਾਂ ਦੇ ਮੁਕਾਬਲੇ ਤੇ ਮਜ਼ਹਬ ਨੂੰ ਤਰਜੀਹ ਦਿੰਦਾ ਹੈ । ਇਸ ਰੈਜੋਲਿਊਸ਼ਨ ਦਾ ਮਕਸਦ ਹੈ ਕਿ ਜਿਹੜੇ ਲੋਕ ਗੁਰੂਆਂ ਦੇ ਨਾਂ ਨੂੰ ਅਵਤਾਰ ਦੇ ਨਾਂ ਨੂੰ, ਪੈਗੰਬਰਾਂ ਅਤੇ ਸੰਤਾਂ ਦੇ ਨਾਂ ਨੂੰ, ਕਮਰਸ਼ਿਅਲ ਪਰਪਜ਼ ਲਈ ਇਸਤੇਮਾਲ ਕਰਦੇ ਹਨ, ਉਹ ਸਰਕਾਰ ਦੀ ਇਜਾਜ਼ਤ ਦੇ ਬਗੈਰ ਨਾ ਇਸਤੇਮਾਲ ਕਰ ਸਕੇ; ਉਨਾਂ ਦਾ ਆਦਰਸ਼ ਬਹੁਤ ਵੱਡਾ ਸੀ, ਲੇਕਿਨ ਲੋਕ ਉਨ੍ਹਾਂ ਦੇ ਨਾਂ ਤੇ ਬੋਰਡ ਬਣਾ ਕੇ ਭੈੜੇ ਕੰਮ ਕਰਦੇ ਹਨ। ਇਸ ਚੀਜ਼ ਨੂੰ ਦੂਰ ਕਰਨ ਲਈ ਇਹ ਰੈਜੋਲਿਊਸ਼ਨ ਹਾਊਸ ਵਿੱਚ ਪੇਸ਼ ਕੀਤਾ ਹੈ। ਮੈਂ ਸਮਝਦਾ ਹਾਂ ਕਿ ਇਸ ਰੈਜੋਲਿਊਸ਼ਨ ਦੇ ਬਾਰੇ ਕਿਸੇ ਦੀ ਇਖਤਲਾਫ ਰਾਏ ਨਹੀਂ ਹੈ। ਵੇਖਿਆ ਗਿਆ ਹੈ ਕਿ ਇਨਾਂ ਦੇ ਨਾਂ ਉੱਤੇ ਨਾਜਾਇਜ਼ ਤੌਰ ਤੇ ਰੁਪਿਆ ਕਮਾਇਆ ਜਾ ਰਿਹਾ ਹੈ। ਲੋਕ ਆਪਣੀਆਂ ਦੁਕਾਨਾਂ ਦੇ ਨਾਂ ਸੁਭਾਸ਼, ਗਾਂਧੀ, ਕਿਸੇ ਪੈਗੰਬਰ ਦਾ ਨਾਂ ਤੇ, ਮਹਾਰਾਜ ਕ੍ਰਿਸ਼ਨ ਦਾ ਨਾਂ ਤੇ ਬੋਰਡ ਬਣਾ ਲੈਂਦੇ ਹਨ । ਇਕ ਨਾਈ ਨੇ ਆਪਣੀ ਦੁਕਾਨ ਦਾ ਨਾਂ ਗੁਰੂ ਨਾਨਕ ਬਾਰਬਰ ਸ਼ਾਪ ਰਖਿਆ ਹੋਇਆ ਹੈ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਨਾਂ ਗੁਰੂਆਂ ਦੇ ਨਾਂ ਨੂੰ ਕਿਸ ਤਰ੍ਹਾਂ ਐਕਸਪਲਾਇਟ ਕੀਤਾ ਜਾ ਰਿਹ ਹੈ। ਇਸ ਦੇ ਬਾਰੇ ਹਿੰਦੂ , ਸਿਖ, ਕਾਂਗਰਸੀ ਅਤੇ ਗੈਰ ਕਾਂਗਰਸੀ ਦੀ ਇਕੋ ਰਾਏ ਹੈ ਕਿ ਇਸ ਰੈਜ਼ੋਲਿਊਸ਼ਨ ਨੂੰ ਪਾਸ ਕੀਤਾ ਜਾਵੇ ਤਾਂਕਿ ਲੋਕ ਇਨਾਂ ਦਾ ਨਾਂ ਨਾਜਾਇਜ਼ ਇਸਤੇਮਾਲ ਨਾ ਕੀਤਾ ਜਾ ਸਕੇ। ਗੋਬਿੰਦ ਸਟੋਰਾਂ ਅਤੇ ਗੁਰੂ ਨਾਨਕ ਸਟੋਰਾਂ ਵਿੱਚ ਬੇਈਮਾਨੀ ਹੁੰਦੀ ਹੈ। ਇਸ ਤਰਾਂ ਨਾਲ ਅਸੀਂ ਆਪਣੇ ਆਦਰਸ਼ ਤੋਂ ਗਿਰਦੇ ਜਾ ਰਹੇ ਹਾਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਹਿਲਾਂ ਵੀ ਇਸ ਦੇ ਬਾਰੇ ਆਪਣੇ ਖ਼ਿਆਲ ਪ੍ਰਗਟ ਕੀਤੇ ਸਨ। ਪਿਛਲੇ ਸਾਲ ਇਕ ਗੁਰੂ ਸਾਹਿਬ ਦੇ ਜੀਵਨ ਤੇ ਫਿਲਮ ਬਣਾਉਣ ਦੀ ਚੇਸ਼ਟਾ ਕੀਤੀ ਸੀ ਜਿਸ ਤੇ SGPC ਨੇ ਏਤਰਾਜ਼ ਉਠਾਇਆ ਸੀ। ਅਤੇ ਬਾਅਦ ਵਿੱਚ ਫਿਲਮ ਬੰਦ ਕਰ ਦਿੱਤੀ ਸੀ। ਲੋਕ ਗੁਰੂਆਂ ਦੀਆਂ ਤਸਵੀਰਾਂ, ਆਪਣੀ ਦੁਕਾਨ ਉੱਤੇ ਲਗਾਂਦੇ ਹਨ। ਇਸ ਤੇ ਉਨਾਂ ਦਾ ਸਤਿਕਾਰ ਨਹੀਂ ਹੁੰਦਾ ਹੈ ਬਲਕਿ ਨਿਰਾਦਰੀ ਹੀ ਹੁੰਦੀ ਹੈ। ਇਹ ਡੈਮੋਕਰੇਟਿਕ ਸੈਟ ਅਪ ਦੇ ਬਰਖਲਾਫ ਹੈ। ਲੋਕ ਇਨਾਂ ਦੇ ਨਾਂ ਦੇ ਬੋਰਡ ਬਣਾ ਕੇ ਲੁਟ ਮਚਾ ਰਹੇ ਹਨ, ਉਨਾਂ ਦਾ ਆਦਰਸ਼ ਬਹੁਤ ਉਚਾ ਸੀ। ਲੇਕਿਨ ਇਹ ਉਨਾਂ ਦੇ ਬਰਡ ਬਣਾ ਕੇ ਸਾਰੀ ਦੁਨੀਆਂ ਦੀ ਕੁਰਪਸ਼ਨ ਅਤੇ ਜ਼ੁਲਮ ਕਰਦੇ ਹਨ। ਇਸੇ ਕਾਰਨ ਇਹ ਰੈਜ਼ੋਲਿਊਸ਼ਨ ਹਾਊਸ ਵਿੱਚ ਲਾਇਆ ਗਿਆ ਹੈ। ਇਨਾਂ ਗੁਰੂਆਂ ਦਾ ਨਾਂ ਲੈ ਕੇ ਬੇਈਮਾਨੀ ਕੀਤੀ ਜਾ ਰਹੀ ਹੈ। ਇਹ ਚੰਗੀ ਗੱਲ ਨਹੀਂ ਹੈ। (ਘੰਟੀ) ਮੈਂ ਚਾਹੁੰਦਾ ਹਾਂ ਕਿ ਇਸ ਰੈਜੋਲਿਊਸ਼ਨ ਨੂੰ ਪਾਸ ਕੀਤਾ ਜਾਵੇ ਅਤੇ ਸੈਂਟਰ ਸਰਕਾਰ ਨੂੰ ਇਸ ਬਾਰੇ ਕਾਨੂੰਨ ਬਣਾਉਣ ਦੀ ਸਿਫਾਰਸ਼ ਕੀਤੀ ਜਾਵੇ ਤਾਂਕਿ ਇਨ੍ਹਾਂ ਗੁਰੂਆਂ ਦੇ ਨਾਂ ਲੈ ਕੇ ਲੁੱਟ ਖਸੁਟ ਨਾ ਹੋ ਸਕੇ। ਇਕ ਬੱਚਾ ਗੁਰੂ ਨਾਨਕ ਡੈਰੀ ਤੋਂ ਦੁੱਧ ਲੈ ਕੇ ਆਇਆ ਉਸ ਨੇ ਬੱਚੇ ਕੋਲੋਂ 1/2 ਸੇਰ ਦੁੱਧ ਦੇ ਪੈਸੇ ਲੈ ਲਏ। ਜਦੋਂ ਉਸ ਦੇ ਮਾਂ ਬਾਪ ਨੇ ਦੁੱਧ ਨਾਪਿਆ ਤਾਂ ਦੁੱਧ ½ ਸੇਰ ਦੀ ਬਜਾਏ 6 ਛਟਾਕਾਂ ਨਿਕਲਿਆ ਇਸ ਤਰ੍ਹਾਂ ਦੀਆਂ ਨਾਜਾਇਜ਼ ਗੱਲਾਂ ਰਜ਼ ਹ ਰਹੀਆਂ ਹਨ। ਗੁਰੂ ਨਾਨਕ ਦੇ ਬਾਰੇ ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਇਕ ਬਿਉਪਾਰ ਕੀਤਾ ਜਦੋਂ 13ਵੀਂ ਧਾਰਨ ਆਈ ਤਾਂ ਤੇਰਾ ਤੇਰਾ ਕਰਦੇ ਰਹੇ ਅਤੇ ਸਾਰਾ ਅਨਾਜ ਗਰੀਬਾਂ ਵਿੱਚ ਤਕਸੀਮ ਕਰ ਦਿੱਤਾ, ਤੇਰਾ ਪਰਮਾਤਮਾ ਲਈ ਇਸਤੇਮਾਲ ਕਰਦੇ ਸਨ, ਇਹ ਨੇਕ ਅਤੇ ਚੰਗੇ ਬਿਉਪਾਰ ਦੀ ਮਿਸਾਲ ਉਨ੍ਹਾਂ ਨੇ ਕਾਇਮ ਕੀਤੀ ਸੀ। ਪਰ ਅੱਜ ਉਨ੍ਹਾਂ ਦੇ ਨਾਂ ਉੱਤੇ ਸਾਰੀ ਦੁਨੀਆਂ ਦੀ ਕੁਰਪਸ਼ਨ ਬਲੈਕ ਮਾਰਕਿਟਿੰਗ ਅਤੇ ਅਡਲਟਰੇਸ਼ਨ ਹੋ ਰਹੀ ਹੈ। ਇਸ ਰੈਜ਼ੋਲਿਊਸ਼ਨ ਦੇ ਬਾਰੇ ਸਾਰੇ ਹਿੰਦੂ ਸਿਖ ਅਤੇ ਕਾਂਗਰਸੀ ਜਾਂ ਗੈਰ ਕਾਂਗਰਸੀ ਮੁਤਫਿਕ ਹਨ। ਮੈਂ ਇਸ

ਰੈਜ਼ੋਲਿਊਸ਼ਨ ਦੀ ਹੀ ਪੁਰਜ਼ੋਰ ਲਫ਼ਜ਼ਾਂ ਨਾਲ ਤਾਈਦ ਕਰਦਾ ਹਾਂ। ਹਾਊਸ ਇਸ ਰੈਜ਼ੋਲਿਊਸ਼ਨ ਨੂੰ ਪਾਸ ਕਰਕੇ ਸੈਂਟਰ ਸਰਕਾਰ ਨੂੰ ਕਾਨੂੰਨ ਬਣਾਉਣ ਲਈ ਸਿਫਾਰਸ਼ ਕਰੇ। (ਘੰਟੀ) ਮੈਂ ਇਸ ਰੈਜ਼ੋਲਿਊਸ਼ਨ ਦੀ ਤਾਈਦ ਕਰਦਾ ਹਾਂ।

ਮਾਲ ਮੰਤਰੀ (ਸਰਦਾਰ ਹਰਿੰਦਰ ਸਿੰਘ ਮੇਜਰ) : ਡਿਪਟੀ ਸਪੀਕਰ ਸਾਹਿਬਾ, ਜਿਹੜਾ ਰੈਜ਼ੋਲਿਊਸ਼ਨ ਸਰਦਾਰ ਅਜਾਇਬ ਸਿੰਘ ਸੰਧੂ ਨੇ ਹਾਊਸ ਵਿੱਚ ਪੇਸ਼ ਕੀਤਾ ਸੀ, ਉਸ ਦੇ ਖਾਸ ਤੌਰ ਤੇ 2, 3 ਪਹਿਲੂ ਹਨ। ਇਸ ਦਾ ਇਕ ਕਾਨੂੰਨੀ ਪਹਿਲੂ ਹੈ ਅਤੇ ਦੂਜਾ ਇਖਲਾਕੀ ਪਹਿਲੂ ਹੈ। ਡਿਪਟੀ ਸਪੀਕਰ ਸਾਹਿਬਾ, ਕਾਨੂੰਨੀ ਪਹਿਲੂ ਦੇ ਬਾਰੇ ਆਪ ਦੇ ਰਾਹੀਂ ਹਾਊਸ ਵਿੱਚ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਦੇ ਬਾਰੇ ਇਹ ਖ਼ਿਆਲ ਕੀਤਾ ਜਾਂਦਾ ਹੈ......

It is doubtful if the resolution can be implemented as the imposition of the ban as suggested is likely to infringe the fundamental rights guaranteed by the Constitution of India.

ਇਸ ਨਾਲ ਹੀ ਮੈਂ ਉਸ ਸਬੰਧਿਤ ਸੈਂਟਰਲ ਐਕਟ ਦਾ ਰੈਫਰੈਂਸ ਕਰਨਾ ਚਾਹੁੰਦਾ ਹਾਂ ਜਿਸ ਦੇ ਰਾਹੀਂ ਇੰਪਰਾਪਰ ਯੂਜ਼ ਬੈਨ ਕੀਤਾ ਜਾ ਸਕਦਾ ਹੈ। ਉਹ ਇਹ ਹੈ:—

The Emblems and Names Prevention of Improper Use Act, 1950, enacted by the Parliament.

ਉਸ ਦੇ ਸੈਕਸ਼ਨ 3 ਰਾਹੀਂ ਸਰਕਾਰ ਕੁਝ ਪਾਬੰਦੀਆਂ ਲਗਾ ਸਕਦੀ ਹੈ ਕਿ ਕਿਸ ਤਰ੍ਹਾਂ ਨਾਲ ਇਨ੍ਹਾਂ ਨਾਵਾਂ ਦੀ ਵਰਤੋਂ ਹੋ ਸਕਦੀ ਹੈ ਲੇਕਿਨ ਅਨਫਾਰਚੂਨੇਟਲੀ ਇਸ ਰੈਜ਼ੋਲਿਊਸ਼ਨ ਵਿੱਚ ਜਿਹੜੀ ਭਾਵਨਾ ਪਰਗਟ ਕੀਤੀ ਗਈ ਹੈ, ਗੁਰੂਆਂ, ਸੰਤਾਂ ਅਤੇ ਮਹਾਤਮਾਵਾਂ ਦੇ ਮੁਤੱਲਿਕ, ਇਨ੍ਹਾਂ ਦਾ ਜ਼ਿਕਰ ਨਹੀਂ ਹੈ। ਪਰ ਇਸ ਨੂੰ overcome ਕਰਨ ਲਈ the Central Government has the power to add to or alter the Schedule to the Act by means of notification under section 8 of the Act *ibid.*

ਇਹ ਤਾਂ ਹੈ ਨਟ ਸ਼ੈਲ ਵਿੱਚ ਇਸ ਦਾ ਕਨੂੰਨੀ ਪਹਿਲੂ। ਜੇਕਰ ਇਸ ਰੈਜ਼ੋਲਿਊਸ਼ਨ ਨੂੰ ਪਾਸ ਕੀਤਾ ਜਾਵੇ ਤਾਂ ਜਿੱਥੋਂ ਤਕ ਸਰਕਾਰ ਦਾ ਤਅੱਲੁਕ ਹੈ ਮੈਨੂੰ ਇਹ ਕਹਿਣ ਵਿੱਚ ਕੋਈ ਝਿਜਕ ਨਹੀਂ ਹੈ ਕਿ ਸਰਕਾਰ ਨੂੰ ਕੋਈ ਏਤਰਾਜ਼ ਨਹੀਂ ਹੋਵੇਗਾ। ਜੇਕਰ ਇਸ ਨੂੰ ਸਰਵਸੰਮਤੀ ਨਾਲ ਪਾਸ ਕੀਤਾ ਜਾਵੇ ਤਾਂ ਇਸ ਨੂੰ ਸਰਕਾਰ ਸਵੀਕਾਰ ਕਰੇਗੀ। ਪਰ ਵੈਸੇ ਤਾਂ ਪੰਜਾਬ ਸਰਕਾਰ ਕੇਵਲ ਇਕ ਰਿਕੁਮੈਂਡਿੰਗ ਅਥਾਰਿਟੀ ਜਾਂ ਡਾਕਖਾਨੇ ਦਾ ਹੀ ਕੰਮ ਕਰ ਸਕਦੀ ਹੈ।

ਦੂਸਰਾ ਇਸ ਦਾ ਇਖਲਾਕੀ ਪਹਿਲੂ ਹੈ। ਮੈਂ ਸਮਝਦਾ ਹਾਂ ਕਿ ਇਹ ਬੜਾ ਚੰਗਾ ਰੈਜ਼ੋ-ਲਿਊਸ਼ਨ ਹੈ।

ਡਿਪਟੀ ਸਪੀਕਰ : ਕੋਰਮ ਨਹੀਂ ਹੈ। (There is no quorum in the House)

ਮਾਲ ਮੰਤਰੀ : ਮੇਰੀ ਅਰਜ਼ ਸੁਣ ਲੌ । ਗੌਰਮਿੰਟ ਇਸ ਰੈਜ਼ੋਲਿਊਸ਼ਨ ਨੂੰ ਨਹੀਂ ਲਿਆਈ । ਰੈਜ਼ੋਲੀਊਸ਼ਨ ਤਾਂ ਆਪੋਜੀਸ਼ਨ ਵਲੋਂ ਆਇਆ ਹੈ। ਇਹ ਇਸ ਪਾਸੇ ਵਾਲਿਆਂ ਦਾ ਹੀ ਨਹੀਂ ਉਨ੍ਹਾਂ ਦਾ ਵੀ ਫਰਜ਼ ਹੈ ਕਿ ਕੋਆਪ੍ਰੇਟ ਕਰਨ। ਉਧਰ ਵੇਖ ਲੌ ਕਿ ਕਿੰਨੇ ਆਦਮੀ ਉਨ੍ਹਾਂ ਬੈਂਚਾਂ ਤੇ ਬੈਠੇ ਹਨ ।

ਡਿਪਟੀ ਸਪੀਕਰ : ਕੋਰਮ ਹੋਣਾ ਚਾਹੀਦਾ ਹੈ । (There should be complete quorum in the House)

(ਇਕ ਆਨਰੇਬਲ ਮੈਂਬਰ ਹਾਊਸ ਵਿੱਚ ਆ ਗਏ ਅਤੇ ਕੋਰਮ ਪੂਰਾ ਹੋ ਗਿਆ।)

ਮਾਲ ਮੰਤਰੀ : ਅੱਜ ਦਾ ਦਿਨ ਨਾਨ-ਆਫੀਸ਼ੀਅਲ ਬਿਜ਼ਨੈਸ ਕੰਡਕਟ ਕਰਨ ਲਈ ਰਖਿਆ ਜਾਂਦਾ ਹੈ। **ਵਰਨਾ** ਸਰਕਾਰ ਦੇ ਕੋਲ ਹੋਰ ਬੜਾ ਜ਼ਰੂਰੀ ਬਿਜ਼ਨਸ ਹੈ । ਨਾਨ-ਔਫੀਸ਼ਲ ਬਿਜਨੈਸ ਤਾਂ ਇਸ ਵਾਸਤੇ ਰਖਿਆ ਹੈ ਕਿ ਇਹ ਇੰਪਰੈਸ਼ਨ ਨਾ ਹੋਵੇ ਕਿ ਅਸੀਂ ਆਪੋਜੀਸ਼ਨ ਦੀ ਗੱਲ ਸੁਣਨ ਵਾਸਤੇ ਤਿਆਰ ਨਹੀਂ। ਵਰਨਾ ਤੁਸੀਂ ਜਾਣਦੇ ਹੋ ਕਿ ਬਜਟ ਦਾ ਪ੍ਰੋਗਰਾਮ ਕਿੰਨਾ ਲੰਮਾ ਹੈ ਸਰਕਾਰ ਨੇ ਇਹ ਦਿਨ ਤਾਂ ਨਾਨ-ਔਫੀਸ਼ੀਅਲ ਬਿਜ਼ਨੈਸ ਲਈ ਅਤੇ ਖਾਸ ਤੌਰ ਤੇ ਆਪੋਜੀਸ਼ਨ ਨੂੰ ਅਕੋਮੋਡੇਟ ਕਰਨ ਦੀ ਖਾਤਰ ਰਖਿਆ ਹੈ, ਉਨ੍ਹਾਂ ਦੀ ਗੱਲ ਨੂੰ ਅਹਿਮੀਅਤ ਦੇਣ ਦੀ ਖਾਤਰ ਰਖਿਆ ਹੈ। ਕੋਰਮ ਰੱਖਣ ਦੀ ਜ਼ਿਮੇਦਾਰੀ ਸਰਕਾਰ ਦੀ ਵੀ ਜ਼ਰੂਰ ਹੈ ਲੇਕਿਨ ਚੂੰਕਿ ਅੱਜ ਨਾਨ-ਔਫੀਸ਼ੀਅਲ ਡੇ ਹੈ ਆਪੋਜੀਸ਼ਨ ਵੀ ਆਪਣੇ ਫਰਜ਼ ਤੋਂ ਸੁਬਕ ਦੋਸ਼ ਨਹੀਂ ਹੋ ਸਕਦੀ।

ਮੈਂ ਅਰਜ਼ ਕਰਨ ਲੱਗਾ ਸੀ ਕਿ ਪੰਡਤ ਚਿਰੰਜੀ ਲਾਲ ਜੀ ਨੇ ਇਹ ਕਿਹਾ ਸੀ ਕਿ ਜੇਕਰ ਕੋਈ ਚੀਜ਼ ਚੰਗੀ ਹੋਵੇ ਤਾਂ ਉਸ ਨੂੰ ਇਸ ਲਈ ਅਪੋਜ਼ ਨਹੀਂ ਕਰਨਾ ਚਾਹੀਦਾ ਕਿ ਉਹ ਆਪੋਜੀਸ਼ਨ ਦੀ ਤਰਫੋਂ ਆਈ ਹੈ। ਡਿਪਟੀ ਸਪੀਕਰ ਸਾਹਿਬਾ, ਆਪ ਨੇ ਹੁਣੇ ਸੁਣਿਆ ਹੋਵੇਗਾ ਕਿ ਆਪ ਨੂੰ ਅਰਜ਼ ਕੀਤਾ ਹੈ ਕਿ ਕੋਈ ਵੀ ਚੰਗਾ ਕੰਮ ਜੇਕਰ ਆਪੋਜੀਸ਼ਨ ਕਰੇ ਤਾਂ ਸਰਕਾਰ ਨੂੰ ਖੁਸ਼ੀ ਹੁੰਦੀ ਹੈ ਕਿ ਆਪੋਜੀਸ਼ਨ ਕੇਵਲ ਨੁਕਤਾਚੀਨੀ ਦਾ ਕੰਮ ਨਹੀਂ ਕਰਦੀ ਕਿਸੇ ਵਕਤ ਇਸ ਤਰ੍ਹਾਂ ਵੀ ਸੋਚਦੀ ਹੈ ਕਿ ਚੰਗਾ ਕੰਮ ਕਰਨਾ ਚਾਹੀਦਾ ਹੈ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਆਪੋਜੀਸ਼ਨ ਜਿਸ ਵੇਲੇ ਵੀ ਕੋਈ ਚੰਗਾ ਕੰਮ ਕਰਨ ਲਈ ਆਪਣਾ ਹੱਥ ਅਗੇ ਵਧਾਏਗੀ ਤਾਂ ਜ਼ਰੂਰ ਉਸ ਦਾ ਹੱਥ ਪਕੜਾਂਗੇ ।

ਮੈਂ ਤਾਂ ਖੁਦ ਧਾਰਮਿਕ ਰੁਚੀ ਦਾ ਇਨਸਾਨ ਹਾਂ। ਮੈਨੂੰ ਇਹ ਵੇਖ ਕੇ ਖੁਸ਼ੀ ਹੋਈ ਹੈ ਕਿ ਜਿਸ ਤਰ੍ਹਾਂ ਅੱਜ ਕੱਲ ਸਿਆਸੀ ਮਾਹੌਲ ਚਲ ਰਿਹਾ ਹੈ ਉਸ ਵਿੱਚ ਵੀ ਅਜ ਕਿਸ ਕਿਸ ਵਕਤ ਰੌਸ਼ਨੀ ਦੀ ਕਿਰਨ ਨਜ਼ਰ ਆਉਂਦੀ ਹੈ। ਜਿਹੜੇ ਧਾਰਮਿਕ ਰੁਚੀ ਦੇ ਇਨਸਾਨ ਹੁੰਦੇ ਹਨ, ਚਾਹੇ ਉਹ ਸਿਆਸੀ ਬੰਦੇ ਹੋਣ, ਕਦੀ ਨਾ ਕਦੀ ਸੋਚਣ ਲਈ ਮਜਬੂਰ ਹੋ ਜਾਂਦੇ ਹਨ । ਹੈ ਵੀ ਗਲ ਠੀਕ ਕਿਉਂਕਿ ਆਖਰ ਵਿੱਚ ਧਰਮ ਦੀ ਜੈ ਹੁੰਦੀ ਹੈ। ਬਾਣੀ ਵਿੱਚ ਵੀ ਲਿਖਿਆ ਹੈ ਕਿ:—

ਕੂੜ ਨਿਖੁਟੇ ਨਾਨਕਾ ਓੜਕ ਸਚ ਰਹੀ ।

ਬਾਣੀ ਕਦੀ ਝੂਠੀ ਨਹੀਂ ਹੋ ਸਕਦੀ । ਅੰਤ ਵਿੱਚ ਜ਼ਰੂਰ ਧਰਮ ਦੀ ਜੈ ਹੋਵੇਗੀ ਭਾਵੇਂ ਲੱਖਾਂ ਵੈਰੀ ਹੋਣ। ਇਸ ਲਈ ਜਦੋਂ ਤਕ ਧਰਮ ਦੇ ਸਹੀ ਰੂਪ ਨੂੰ ਨਹੀਂ ਵਿਚਾਰਿਆ ਜਾਂਦਾ ਤਦ ਤਕ ਦੇਸ਼ ਦਾ ਕਲਿਆਣ ਨਹੀਂ ਹੋ ਸਕਦਾ। ਮੈਨੂੰ ਇਹ ਗੱਲ ਕਹਿਣ ਵਿੱਚ ਕੋਈ ਝਿਜਕ ਨਹੀਂ ਹੈ ਕਿ ਮੈਨੂੰ ਇਹ ਸੁਣ ਕੇ ਅਤੇ ਦੇਖ ਕੇ ਬੜਾ ਦੁਖ ਹੁੰਦਾ ਹੈ ਕਿ ਗੁਰੂਆਂ, ਅਵਤਾਰਾਂ, ਪੈਗੰਬਰਾਂ ਅਤੇ ਮਹਾਂ ਰਿਸ਼ੀਆਂ ਦੇ ਨਾਵਾਂ ਦੇ ਫੱਟੇ ਅਤੇ ਬੋਰਡ ਝਟਕੇ ਵਾਲੀਆਂ ਦੁਕਾਨਾਂ ਤੇ ਲਗੇ ਹੋਏ ਹੁੰਦੇ ਹਨ । ਪਾਨਾਂ ਬੀੜੀਆਂ ਅਤੇ ਸਿਗਰੇਟਾਂ ਦੀਆਂ ਦੁਕਾਨਾਂ ਤੇ ਲਗੇ ਹੁੰਦੇ ਹਨ ਜਾਂ ਬਾਹਰ ਬੋਰਡ ਤਾਂ ਇਨ੍ਹਾਂ ਨਾਵਾਂ ਦੇ ਲਗੇ ਹੁੰਦੇ ਹਨ ਪਰ ਅੰਦਰ ਕਈ ਅਸ਼ੁਧ ਚੀਜ਼ਾਂ ਵੇਚੀਆਂ ਜਾਂਦੀਆਂ ਹਨ ਅਤੇ ਹੋਰ ਹੇਰਾ ਫੇਰੀਆਂ ਕੀਤੀਆਂ ਜਾਂਦੀਆਂ ਹਨ। ਮੈਨੂੰ ਇਹ ਕਹਿਣ ਵਿੱਚ ਸੰਕੋਚ ਨਹੀਂ ਹੈ ਕਿ ਭਾਵਨਾ ਸਿਰਫ ਇਹੋ ਹੁੰਦੀ ਹੈ ਕਿ ਮੁਲਕ ਹਿੰਦੁਸਤਾਨ ਬੇਸੀਕਲੀ ਲੈਂਡ ਆਫ religion ਹੈ । ਇਥੇ ਮਜ਼ਹਬ ਦੀ ਬੜੀ ਕਦਰੋ ਕੀਮਤ ਹੈ। ਇਥੇ ਮਜ਼ਹਬ ਦੇ ਵਿਸ਼ਵਾਸ਼ ਨੇ ਉਹ ਕੰਮ ਕਰ ਵਿਖਾਏ ਹਨ ਜਿਹੜੇ ਕਿ ਦੁਨੀਆਂ ਦੇ ਤਖਤੇ ਤੇ ਕਿਧਰੇ ਨਹੀਂ ਹੋਏ। ਬੋਰਡ ਲਗਾਉਣ ਨਾਲ ਸੈਂਟੀਮੈਂਟਿਲ ਅਪੀਚ ਜ਼ਰੂਰ ਹੋ ਜਾਂਦੀ ਹੈ। ਮੇਰਾ ਤਜਰਬਾ ਹੈ ਕਿ ਭਾਵੇਂ ਹੋਰ ਕਿਸੇ ਦੁਕਾਨ ਤੇ ਚੀਜ਼ ਚੰਗੀ ਵੀ ਮਿਲਦੀ ਹੋਵੇ ਪਰ ਗਾਹਕ ਉਸ ਨੂੰ ਇਗਨੋਰ ਕਰਕੇ ਉਥੇ ਹੀ ਜਾਵੇਗਾ ਜਿੱਥੇ ਬੋਰਡ ਲੱਗਾ ਹੋਵੇਗਾ। ਰਿਸ਼ੀਆਂ ਮੁਨੀਆਂ ਅਤੇ ਗੁਰੂਆਂ ਦੇ ਨਾਂ ਉਨ੍ਹਾਂ ਅਦਾਰਿਆਂ ਲਈ ਉਨ੍ਹਾਂ ਸੰਸਥਾਵਾਂ ਲਈ ਇਸਤੇਮਾਲ ਹੋਣੇ ਚਾਹੀਦੇ ਹਨ ਜਿਹੜੇ ਦੇਸ਼ ਹਿਤ ਲਈ ਅਤੇ ਗਰੀਬ ਜਨਤਾ ਦੀ ਸੇਵਾ ਲਈ ਹੋਣ। ਭਾਵ ਹੈ ਕਿ ਕੋਈ ਚੰਗਾ ਹਸਪਤਾਲ ਹੋਵੇ, ਕਾਲਿਜ ਹੋਵੇ ਕੋਈ ਅਜਿਹੀ ਸੜਕ ਹੋਵੇ ਜਿੱਥੇ ਕੋਈ ਆਵਾਜਾਈ ਦਾ ਸਾਧਨ ਨਾ ਹੋਵੇ ਅਤੇ ਸਾਧਨ ਖੋਲ੍ਹਿਆ ਜਾਵੇ। ਕੋਈ ਪੁਲ ਹੋਵੇ ਜਾਂ ਕਿਧਰੇ ਕੋਈ ਪਬਲਿਕ ਯੂਟੀਲਿਟੀ ਦਾ ਸਾਧਨ ਹੈ ਜਿਥੋਂ ਜਨਤਾ ਫਾਇਦਾ ਉਠਾਉਂਦੀ ਹੋਵੇ ਅਤੇ ਉਸ ਦੇ ਮੂੰਹੋਂ ਅਸੀਸਾਂ ਨਿਕਲਦੀਆਂ ਹੋਣ। ਤਾਂ ਅਜਿਹੇ ਬੋਰਡ ਲਗਾਉਣ ਦੀ ਜਸਟੀਫਿਕੇਸ਼ਨ ਹੈ—ਜਿੰਨੇ ਵੀ ਗੁਰੂ, ਪੀਰ, ਅਤੇ ਪੈਗੰਬਰ ਹੋਏ ਹਨ ਉਨ੍ਹਾਂ ਦੇ ਬੁਨਿਆਦੀ ਅਸੂਲ ਹਨ ਦੇਸ਼ ਦੀ ਸੇਵਾ, ਕੌਮ ਦੀ ਸੇਵਾ, ਗਰੀਬਾਂ ਦਾ ਭਲਾ ਕਰਨਾ ਉਨ੍ਹਾਂ ਨੂੰ ਗਰੀਬ ਨਿਵਾਜ਼ ਕਿਹਾ ਗਿਆ ਹੈ। ਅਮੀਰ ਨਿਵਾਜ਼ ਕਿਸੇ ਨੇ ਨਹੀਂ ਕਿਹਾ ਕਿਉਂਕਿ ਉਹ ਗਰੀਬਾਂ ਨੂੰ ਨਿਵਾਜਦੇ ਸਨ ਮੈਂ ਸਮਝਦਾ ਹਾਂ ਕਿ ਮੇਰੇ ਮੁਲਕ ਵਿੱਚ 99.9 ਗਰੀਬ ਜਨਤਾ ਵਸਦੀ ਹੈ। ਗੁਰਆਂ, ਪੀਰਾਂ ਅਤੇ ਪੈਗੰਬਰਾਂ ਨੇ ਗਰੀਬ ਜਨਤਾ ਦੀ ਖਾਤਰ ਆਪਣਾ ਸਰਵੰਸ ਵਾਰ ਕੇ ਅਤੇ ਅਜਿਹੀਆਂ ਹੋਰ ਕੁਰਬਾਨੀਆਂ ਕਰਕੇ ਦੇਸ਼ ਦੀ ਅਤੇ ਕੌਮ ਦੀ ਸੇਵਾ ਕੀਤੀ ਜਿਨ੍ਹਾਂ ਦਾ ਸਦਕਾ ਅੱਜ ਅਸੀਂ ਆਜ਼ਾਦੀ ਮਨਾ ਰਹੇ ਹਾਂ। ਅਤੇ ਆਪਣੇ ਆਪ ਨੂੰ ਇਨਸਾਨ ਕਹਿਣ ਦੇ ਕਾਬਲ ਹੋਏ ਹਾਂ । ਉਨ੍ਹਾਂ ਦੇ ਨਾਵਾਂ ਦਾ ਧਿਆਨ ਆਉਂਦਿਆਂ ਹੀ ਸਾਡਾ ਸ਼ੀਸ਼ ਸਤਿਕਾਰ ਨਾਲ ਉਨ੍ਹਾਂ ਦੇ ਚਰਨਾਂ ਵਿੱਚ ਝੁਕ ਜਾਣਾ ਚਾਹੀਦਾ ਹੈ ਲੇਕਿਨ ਦੁਖ ਹੁੰਦਾ ਹੈ ਕਿ ਕਈ ਅਦਾਰੇ ਫਾਇਦਾ ਉਠਾਉਣ ਦੀ ਖਾਤਰ ਉਨ੍ਹਾਂ ਦੇ ਨਾਂ ਨੂੰ ਐਕਸਪਲਾਇਟ ਕਰਦੇ ਹਨ। ਵੈਸੇ ਤਾਂ ਮੈਂ ਆਪਣੇ ਆਪ ਨੂੰ authority ਨਹੀਂ ਸਮਝਦਾ ਪਰ ਮੇਰਾ ਖ਼ਿਆਲ ਹੈ ਜਿੰਨੇ ਰਿਖੀ ਮੁਨੀ ਜਾਂ ਸੰਤ ਮਹਾਤਮਾ ਹੋਏ ਹਨ ਕੋਈ ਵੀ ਹੁਕਾ ਨਹੀਂ ਪੀਂਦਾ ਹੋਵੇਗਾ । ਕਦੀ ਕੋਈ ਸਿਗਰੇਟ ਨਹੀਂ ਪੀਂਦਾ ਹੋਵੇਗਾ ਕੋਈ ਹੋਰ ਕੁਕਰਮ ਨਹੀਂ ਕਰਦਾ ਹੋਵੇਗਾ। ਜੇਕਰ ਕੁਕਰਮ ਕਰਦਾ ਹੁੰਦਾ ਤਾਂ ਅੱਜ ਉਸ ਦੀ ਪੂਜਾ ਨਾ ਹੁੰਦੀ। ਅਸੀਂ ਕਰਦੇ ਤਾਂ ਹਾਂ ਕੁਕਰਮ ਅਤੇ ਪਾਪ ਪਰ ਬੋਰਡ ਲਗਾਉਂਦੇ ਹਾਂ ਉਨ੍ਹਾਂ ਰਿਸ਼ੀਆਂ ਮੁਨੀਆਂ ਅਤੇ ਗੁਰੂਆਂ ਦੇ ਨਾਵਾਂ ਦੇ । ਡਿਪਟੀ ਸਪੀਕਰ ਸਾਹਿਬਾ, ਇਥੇ ਇਹ ਗੱਲ ਕਹੀ ਗਈ ਹੈ ਕਿ ਇਹ ਪ੍ਰੈਕਟੀਕੇਬਲ ਨਹੀਂ ਹੈ। ਸੱਚੀ ਗੱਲ ਤਾਂ ਇਹ ਹੈ ਕਿ ਉਹ ਆਨਰੇਬਲ ਮੈਂਬਰ ਹਨ ਮੈਂ ਉਨ੍ਹਾਂ ਦੇ ਜ਼ਾਹਿਰ ਕੀਤੇ ਹੋਏ ਵਿਚਾਰ ਦੀ ਕਦਰ ਕਰਦਾ ਹਾਂ ਪਰ ਮੈਂ ਉਨ੍ਹਾਂ ਨਾਲ ਸਹਿਮਤ ਨਹੀਂ ਹਾਂ ਕਿਉਂਕਿ ਜੇਕਰ

[ਮਾਲ ਮੰਤਰੀ]

ਗੌਰਮਿੰਟ ਆਫ ਇੰਡੀਆ ਇਸ ਰਿਕੁਮੈਂਡੇਸ਼ਨ ਨੂੰ ਮੰਨਦੀ ਹੈ ਤਾਂ ਆਖਰਕਾਰ ਗੌਰਮਿੰਟ ਆਫ ਇੰਡੀਆ ਕੋਲ ਬੜੇ ਬੜੇ ਚੰਗੇ ਸੁਲਝੇ ਹੋਏ ਦਿਮਾਗ ਬੈਠੇ ਹਨ ਉਹ ਗਲਤ ਸਟੈਪ ਨਹੀਂ ਲੈ ਸਕਦੇ । ਜੇਕਰ ਕੋਈ ਆਦਮੀ ਆਪਣੇ ਲੜਕੇ ਦਾ ਨਾਂ ਨਾਨਕ ਚੰਦ ਜਾਂ ਨਾਨਕ ਸਿੰਘ ਰਖ ਲੈਂਦਾ ਹੈ ਅਤੇ ਉਸ ਦੇ ਨਾਂ ਤੇ ਦੁਕਾਨ ਖੋਲ੍ਹਣਾ ਚਾਹੁੰਦਾ ਹੈ ਜਿਸ ਨੂੰ ਸਰਕਾਰ ਰੀਫਿਊਜ਼ ਕਰ ਦਿੰਦੀ ਹੈ ਤਾਂ ਉਹ ਲਾਜ਼ਮੀ ਤੌਰ ਤੇ ਫੱਟ ਇਸ ਗੱਲ ਦਾ ਸਬੂਤ ਦੇ ਸਕਦਾ ਹੈ ਕਿ ਉਸ ਦੇ ਲੜਕੇ ਦਾ, ਲੜਕੀ ਦਾ ਜਾਂ ਕਿਸੇ ਹੋਰ ਸਬੰਧੀ ਦਾ ਨਾਂ ਅਜਿਹਾ ਹੈ। ਰੈਜ਼ੋਲੀਊਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਕੁਮਰਸ਼ਿਲ ਅਤੇ ਪ੍ਰੋਫੈਸ਼ਨਲ ਪਰਪਿਜ਼ਜ਼ ਵਾਸਤੇ ਇਹ ਨਾਂ ਇਸਤੇਮਾਲ ਕਰਨ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ। ਇਹ ਵੀ ਆਰਗੂਮੈਂਟ ਦਿੱਤਾ ਗਿਆ ਹੈ ਕਿ ਆਪਣੇ ਲੜਕੇ ਦਾ ਨਾਂ ਨਾਨਕ ਚੰਦ, ਨਾਨਕ ਸਿੰਘ ਜਾਂ ਗੋਬਿੰਦ ਸਿੰਘ ਜਾਂ ਹੋਰ ਕਿਸ ਅਵਤਾਰ ਦੇ ਨਾਂ ਤੇ ਨਹੀਂ ਰਖ ਸਕਦਾ । ਮੈਂ ਸਮਝਦਾ ਹਾਂ ਕਿ ਇਹ ਚੰਗੀਆਂ ਆਰਗੂਮੈਂਟ ਨਹੀਂ ਹਨ । ਸੋ ਮੈਂ ਆਪਣੇ ਜਿਹੜੇ ਵਿਚਾਰ ਸਨ ਉਹ ਆਪ ਦੀ ਰਾਹੀਂ ਹਾਊਸ ਦੇ ਸਾਹਮਣੇ ਰੱਖ ਦਿੱਤੇ ਹਨ। ਮੈਂ ਤਾਂ ਇਹ ਸਮਝਦਾ ਹਾਂ ਕਿ ਜੇ ਕੋਈ ਆਪਣੇ ਬੱਚੇ ਦਾ ਜਾਂ ਆਪਣਾ ਨਾਂ ਨਾਨਕ ਚੰਦ ਜਾਂ ਨਾਨਕ ਸਿੰਘ ਰਖਦਾ ਹੈ ਤਾਂ ਮਜ਼ਾ ਤਦ ਹੀ ਹੈ ਜੇ ਉਹ 'ਨਾਨਕ' ਬਣ ਕੇ ਵੀ ਵਖਾਏ। ਉਹ ਗੁਣ ਆਪਣੇ ਵਿੱਚ ਪੈਦਾ ਕਰੇ ਜਿਨ੍ਹਾਂ ਨੇ ਸਰਵੰਸ ਵਾਰ ਦਿੱਤਾ, ਜਿਨ੍ਹਾਂ ਨੇ ਕੁਰਬਾਨੀਆਂ ਕੀਤੀਆਂ।

ਬਾਕੀ ਕਾਮਰੇਡ ਰਾਮ ਪਿਆਰਾ ਨੇ ਜ਼ਿਕਰ ਕੀਤਾ ਕਿ 'without the permission of the government' ਬਾਰੇ । ਇਹ ਮਾਮਲਾ ਐਸਾ ਹੁੰਦਾ ਹੈ ਕਿ ਇਤਰਾਜ਼ ਕੋਈ ਨਹੀਂ ਕਰਦਾ। ਇਥੇ ਇਹ ਗੱਲ ਵੇਖਣੀ ਹੁੰਦੀ ਹੈ ਕਿ ਜਿਹੜੇ ਫੰਡਾਮੈਂਟਲ ਰਾਈਟਸ ਕਾਨਸਟੀਚੂਸ਼ਨ ਦੇ ਤਹਿਤ ਗਰਾਂਟ ਹੋਏ ਹੋਏ ਹਨ ਉਨ੍ਹਾਂ ਦੀ ਉਲੰਘਣਾ ਤਾਂ ਨਹੀਂ ਕਰਦਾ। ਇਸ ਲਈ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਸਰਵ ਕਰਨ ਵਾਸਤੇ with prior permission of the Government ਹੋਵੇ। ਹੋ ਸਕਦਾ ਹੈ ਕਿ ਕੋਈ ਅਜਿਹਾ ਹੱਲ ਨਿਕਲ ਆਵੇ। ਜਿਸ ਵੇਲੇ ਗੌਰਮਿੰਟ ਕੋਲ ਆਵੇਗਾ ਤਾਂ ਗੌਰਮਿੰਟ ਦੀ ਅਜਿਹੀ ਕੋਈ ਭਾਵਨਾ ਨਹੀਂ ਹੋ ਸਕਦੀ ਕਿ ਐਗਰੀ ਹੀ ਨਹੀਂ ਕਰਨਾ ਜਾਂ ਪ੍ਰੋਵੀਜ਼ਨ ਦਾ ਮਿਸਯੂਜ਼ ਕਰਨਾ ਹੈ । ਔਰ letter and spirit behind the resolution ਨੂੰ ਇਗਨੌਰ ਕਰਨਾ ਹੈ ਔਰ ਕੋਈ ਹੋਰ ਇੰਟਰਪਰੇਟੇਸ਼ਨ ਲੈਣੀ ਹੈ।

ਵੈਸੇ ਤਾਂ ਇਸ ਮਾਮਲੇ ਉੱਤੇ ਹੋਰ ਵੀ ਬਹੁਤ ਕੁਝ ਕਿਹਾ ਜਾ ਸਕਦਾ ਹੈ ਪਰ ਚੂੰਕਿ ਸਮਾਂ ਥੋੜ੍ਹਾ ਹੈ, ਇਨ੍ਹਾਂ ਸ਼ਬਦਾਂ ਨਾਲ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ਔਰ ਦੁਬਾਰਾ ਇਹ ਕਹਿਣ ਵਿੱਚ ਖੁਸ਼ੀ ਮਹਿਸੂਸ ਕਰਦਾ ਹਾਂ ਕਿ ਜੇ ਹਾਊਸ ਦੀ ਖਾਹਿਸ਼ ਹੋਵੇ ਤਾਂ ਗੌਰਮਿੰਟ ਨੂੰ ਇਸ ਉੱਤੇ ਕੋਈ ਇਤਰਾਜ਼ ਨਹੀਂ ਹੋਵੇਗਾ

Deputy Speaker : Question is—

That this Assembly recommends to the Government to approach the Union Government with the request that steps be taken for banning the use of the names of the Gurus, Avters, Prophets and Saints for professional and commercial purposes without the prior permission of the Government,

The motion was carried

उपाध्यक्षा : सदन कल सवेरे साढ़े आठ बजे मिलेगा ।

(The House stands adjourned till 8.30 A.M. tomorrow.)

(The Sabha then adjourned till 8.30 A.M. on Friday the 2nd April, 1965)

1448 PVS—386—1-9-65—C., P. & S., Pb., Patiala.

Punjab Vidhan Sabha Debates

2nd April, 1965

VOL. I—No. 28

OFFICIAL REPORT

CONTENTS

Friday, the 2nd April, 1965

Price Rs. 5.65 Paise.

ERRATA

TO

PUNJAB VIDHAN SABHA DEBATES VOL. I, NO. 28, DATED THE 2ND APRIL, 1965.

Read	*For*	*Page*	*Line*
during	duridg	(28)3	Last
श्री फतेह चन्द विज	श्री फतेह चन्बंद विज	(28)4	3 from below
ਹੁੰਦੀ	ਰੁੰਦੀ	(28)6	10 from below
those	these	(28)8	11
ਮੁਤੱਲਿਕ	ਮੁਤਾਬਿਕ	(28)15	11 from below
question	que ion	(28)18	6
ANSWERS	ANSWRS	(28)25	Heading
Delete the word 'हमें' before the word 'उसके'		(28)29	4 from below
फैमिलीज	फर्मालीज	(28)30	10
के	क	(28)30 (28)32	25, 27 2 from below
Higher	High	(28)31	29
चाहे	चाह	(28)32	29
point	p int	(28)32	31
खतरनाक	खरतनाक	(28)33	13
Chaudhri Hardwari Lal	Chaudhri Harlwari Lal	(28)34	1
तरीका	त ीका	(28)37	21
ਉਥੇ	ਉਥ	(28)41	11
Delete the word 'ਤ' before the word 'ਬਾਹਰ'		(28)41	11
चौधरी नेत राम (हिसार सदर) : स्पीकर साहिब, सारे पंजाब में दोनों रिजनल भाषाएं बोली जाती हैं । हमारे मुख्य मन्त्री अंग्रेज़ी भाषा को अच्छी तरह से नहीं जानते हैं । वह हमेशा हिन्दी में ही जवाब देने का प्रयत्न करते चाहे उन्हें माननीय सदस्य अंग्रेज़ी में ही सवाल करें, ऐसे मौके में हमारी प्रादेशिक भाषाएं पनपनी चाहिएं लेकिन खेद की बात है कि वह भी अंग्रेज़ी के पक्षपाती बन कर अंग्रेज़ी को ही चालू रखना चाहते हैं । जब तक हमारे यहां पर अंग्रेज़ी भाषा का बोल बाला रहेगा उस वक्त तक हमारी भाषाएं तरक्की नहीं कर सकती हैं । जब तक हमारे अन्दर यही भावना रही कि अंग्रेज़ी बोल कर ही विद्वान रह सकते हैं तब तक हमारी भाषाओं का विकास नहीं हो सकेगा । मैं ने देखा है कि लोग अंग्रेज़ी बोल कर दूसरों पर विद्वता की छाप डालने की कोशिश करते हैं । वह अंग्रेज़ी बोल कर अपने आप को सियाने और काबिल कहलावाने का प्रयत्न करते हैं वह दूसरों के ऊपर अंग्रेज़ी बोल कर प्रभाव डालना चाहते हैं । मेरा तजरुबा इस से बिलकुल उल्ट है । मैं समझता हूं कि जो लोग अपनी भाषा में ही बात करते हैं वह इन से सियाने और काबिल होते हैं । प्राय: देखा गया है कि लोग अंग्रेज़ी बोल कर धोखा देने में कामयाब हो जाते हैं । हमारे शिक्षा मन्त्री जो अंग्रेज़ी कायम रखने की वकालत करते हैं मेरी उन से प्रार्थना है कि वह इसी विषय पर अस्तीफा दे कर दोबारा अपने क्षेत्र से चुनाव लड़ें और अंग्रेज़ी बोल कर जनता से वोट प्राप्त करें और उन के मुकाबले में मैं भी असैम्बली की सीट से अस्तीफा देकर उसी क्षेत्र से चुनाव लड़ूं, और मैं पंजाबी भाषा में जनता से वोटें प्राप्त करूंगा । मुझे पूर्ण विश्वास है कि जनता इन को वोट नहीं देगी और मैं यहां से

1.00 p.m.

[चौधरी नेत राम]

निर्वाचित हो जाऊंगा । यहां पर अंग्रेज़ी क्यों लादी जा रही है । इस का मतलब साफ है कि इस के बारे में सरकार की नीयत साफ नहीं है । वह स्वयं यहां की प्रादेशिक भाषाओं को विकसित नहीं होने देना चाहती है । यह सरकार प्रांत की तरक्की करते हुए नहीं देख सकती है । अगर सरकार ने अंग्रेज़ी को लागू रखने पर जोर दिया तो मैं समझता हूं कि यह पंजाब की जनता के साथ अन्याय कर रहे हैं । देश की अन्य प्रांतीय सरकारों ने इसी प्रकार के विधेयक विधान सभाओं में पेश किए थे और बाद में वापस ले कर सराहनीय कदम उठाए । मैं भी इन से प्रार्थना करना चाहता हूं कि यह भी उन सरकारों का अनुगमन करें और इस बिल को वापस ले लें ।

खान अबदुल गफार खां (अम्बाला शहर) : जनाब सदरे मोहतरम, आज हमारे सामने जो बिल लाया गया है उस के लिए गवर्नर साहिब ने आर्डीनैंस जारी किया था और अब सरकार उस को रैगूलेराइज़ करने के लिए हाउस में यह बिल लाई है । इस के मुतअल्लिक बहुत कुछ कहा गया है । अंग्रेजी के मुतअल्लिक, जैसा कि सरदार गुरनाम सिंह ने हाउस में कहा, मैं उस की ताइद करता हूं । उन्होंने कहा कि यह इन्टरनैशनल ज़बान है । अगर अंग्रेज़ी को छोड़ दें तो हमारा काम नहीं चल सकता है । (आपोज़ीशन की तरफ से विघ्न) हमारे जन संघी भाइयों को अभी तक मालूम नहीं हुआ कि हमारे मुल्क में ऐसे लोग भी मौजूद हैं, ऐसे सूबे भी मौजूद हैं जो नान-हिन्दी स्पीकिंग हैं । वहां पर लोग अंग्रेज़ी में बातचीत करते हैं क्योंकि वहां के लोग अंग्रेज़ी को जानते हैं । अगर हमारी सरकार को मद्रास के साथ, बंगाल के साथ, मैसूर के साथ, केरल के साथ और आंधरा के साथ खतोकिताबत करनी पड़ी तो वह अंग्रेज़ी में करनी पड़ेगी क्योंकि वह हिन्दी ज़बान नहीं जानते, वह पंजाबी ज़बान को नहीं जानते । (Interruptions by Jan Sangh Members) अगर यह इस को इन्टरनैशनल लैंगुइज़ नहीं मानते तो इस को इन्टरप्रोविंशियल लैंगूएज लाज़मी तौर पर तसलीम कर लें । इस आर्डीनैंस को रैगूलेराइज़ करने के लिए सरकार ने हाउस में बिल पेश किया है । इस सिलसिले में हिन्दी और पंजाबी के मुतअल्लिक हाउस में गुफतगू हुई (विघ्न)

श्री अध्यक्ष : खान साहिब, आप इस बिल की क्लाज़ 2 के बारे में कहिए । (Let the hon. Member discuss clause 2.)

खान अबदुल ग़फ़ार खां : जनाब सदरे मुहतरम, मैं तो उर्दू के बारे में अर्ज़ करना चाहता हूं । अगर आप मेरे ऊपर पाबन्दी लगाना चाहते हैं तो आप की मर्ज़ी, मैं बैठ जाता हूं ।

श्री अध्यक्ष : इस वक्त क्लाज़ 2 अंडर डिस्कशन है । इस लिए आप सिर्फ अंग्रेज़ी के बारे में कहिए । अगर आप ने जनरल तौर पर बोलना हो थर्ड रीडिंग पर अपना ख्याल प्रकट कर लें । (Clause two is under consideration now. So the hon. Member should confine his remarks to the position of English. General discussion on the Bill can be done during the third reading stage.)

खान अब्दुल ग़फ़ार खां: स्पीकर साहिब, मैं इस बिल की थर्ड रीडिंग पर अपना राइट रिज़र्व रखता हूं और अपनी सीट पर बैठता हूं ।

Mr. Speaker : Question is—

That clause 2 stand part of the Bill.

The motion was carried.

Clause 3, Clause 1 and the Title.

Mr. Speaker : Question is—

That clause 3, clause 1 and the Title stand part of the Bill.

The motion was carried.

Education and Local Government Minister (Shri Prabodh Chandra) **:** Sir, I beg to move—

That the Punjab Official Languages (Amendment) Bill be passed.

Mr. Speaker : Motion moved—

That the Punjab Official Languages (Amendment) Bill be passed

खान अब्दुल गफार खां (अम्बाला शहर) : जनाब सदरे मुतहरम, मैं पहले अर्ज़ कर चुका हूं कि जहां तक अंग्रेजी का सवाल है, वह जारी रहनी चाहिए । पहले आप ने सवाल उठाया था कि क्लाज 2 के बारे में बोलें और मैं उस वक्त थर्ड रीडिंग पर अपना राइट रिजर्व करके बैठ गया था । अब मैं अर्ज करना चाहता हूं कि यहां पर हिन्दी और पंजाबी का सवाल उठा और यहां पर दो रिजनज़ बन गए । एक हिन्दी रिजन और दूसरा पंजाबी रिजन । इस सिलसिले में अर्ज करना चाहता हूं कि जब दो रिजनज़ बनने का सवाल पैदा हुआ था तो मैं उस वक्त इन रीजनज़ के सख्त खिलाफ था। मैंने 1956 और 1957 में अपनी तकरीर में कहा था, और इस के बाद भी कहता चला आया, हूं, कि सरकार ने रीजनज बनाकर सख्त गलती की और आपस में फूट डालने की कोशिश की । इस तरह से दो रिजन बना दिए । एक हिन्दी रिजन का और दूसरा पंजाबी रिजन का। मुझे मुआफ फरमाएंगे कि इस हाउस के आनरेबल मैम्बर जब मैं यह कहूं कि इस का मतलब यह हुआ कि पंजावी रिज़न में ऐसे जानवर रहते हैं जो हिन्दी रिजन के जानवरों की ज़बान नहीं समझते और हिन्दी रिजन में ऐसे जानवर रहते हैं जो पंजाबी रिजन की ज़बान नहीं समझते । इस तरह से दो रिजन बना दिए हैं । मेरी समझ में नहीं आता कि किस्सा क्या है । मैं मानता हूं कि मेरा हिन्दी और पंजाबी से लगाव नहीं है । मैं तो समझता हूं कि हिन्दुस्तान में 14 ज़बानें हैं और यह सब हमारी नैशनल ज़बानें करार दी गई हैं । (विघ्न) (शोर) हिन्दी के बारे में कहना चाहता हूं। आप आफिश्यल लेंगूएज बनाना चाहते हैं । (विघ्न) (शोर) मैं अर्ज़ करना चाहता हूं कि उर्दू भी इन में से एक नेशनल लेंगूएज है । इस के साथ सौतीली मां का सलूक किया जा रहा है । इस के बारे में मुझे बात समझ में नहीं आई कि इस के साथ ऐसा बर्ताव क्यों किया जा रहा है । इस बात के लिए तैयार हैं कि . . .

(श्री बलरामजी दास टंडन द्वारा विघ्न) (शोर)

श्री अध्यक्ष : आर्डर प्लीज । No noise.
खान साहिब, आप ने जो कुछ कहना है, मुझ मुखातिब करते हुए कहें। इन से कुछ न कहें । (Order please. No noise. *Addressing Khan Abdul Ghaffar Khan.* He may address me. He may not address the hon. members direct.)

खां अब्दुल ग़फ़ार खां : स्पीकर साहिब, मैं उर्दू के मुतालिक अर्ज कर रहा था । मैं आप की खिदमत मे अर्ज़ करना चाहता हूं कि यह यूनीफाइंग लेंगूएज बन जाएगी । (घंटी) मैं अर्ज करना चाहता हूं कि मुझे खुल कर कहने दिया जाए। जनाब, उर्दू मद्रास से लेकर दर्रा खैबर तक समझी जाती है । चिटागांग से लेकर बम्बई तक समझी जाती है । यह हिन्दुस्तान के एक प्रान्त की ज़बान नहीं है बल्कि हिंदुस्तान के सब प्रान्तों में समझी जाती है । यह ज़बान न हिन्दुओं की है, न मुसलमानों की है, न सिक्खों की है बल्कि सारे हिन्दुस्तान की जबान है । यह हिन्दुओं ने पैदा नहीं की, मुसलमानों ने पैदा नहीं की और न ही सिक्खों ने पैदा की बल्कि सब ने मिल कर उस की परवरिश की और लोगों नें इजाद की। वह परवरिश पाते पाते लखनऊ, दिल्ली तक और पंजाब में लाहौर तक पहुंचती है । वहां इसकी खिदमत होती है । यह परवरिश पाकर बढ़ती है और ज़बान बनती है । इस में वह लोच पैदा होती है वह खूबसूरती पैदा होती है जिसको देखकर तमाम हिन्दुस्तान के लोग इसके गरवीदा होते हैं । हिन्दुस्तान ही नहीं बलकि पंडित नेहरू ने एक बार गोहाटी में कहा था कि उर्दू तो इंटरनैशनल ज़बान है । ये बात पंडित नेहरू ने फरमाई थी । उन्होंने इसको इन्टरनैशनल ज़बान क्यों माना । इस लिए माना क्योंकि जब पंडित जी रूस में तशरीफ ले गये और दूसरी जगहों आजरबाईजान और उजबेकस्तान में तशरीफ ले गए तो वहां पर उनको उर्दू जबान में एड्रेस पेश किया गया । इस लिए पेश किया गया क्योंकि आपको तमाम दुनियां में बहुत से लोग उर्दू ज़बान बोलने वाले मिलेंगे। सदरे मोहतरम, आप को मालूम होगा कि जब रूस वालों का डेलीगेशन एशिया में आया और हिन्दुस्तान में आया तो उनमें से कई लोग उर्दू बोलते थे । उर्दू की गज़लें पढ़ते थे और उर्दू की नसर पढ़ते थे लेकिन किसी ने आप को हिन्दी पढ़ कर तो नहीं सुनाई, किसी ने पंजाबी पढ़ कर तो नहीं सुनाई । मुझे हिन्दी से या पंजाबी से कद्द नहीं है । हमें जरूर पढ़नी चाहिए, लाजमी पढ़नी चाहिए लेकिन अगर मिनिस्टर साहिब ये कहें कि उर्दू पढ़ने वाले नहीं हैं तो क्या करें । जनाबेवाला, आप मुझे मुआफ फरमायें और हाउस भी मुआफ फरमाए । मैं एक ऐसी मिसाल देने लगा हूं कि बूढ़ा आदमी हूं आप शायद मजाक करें। मेरी शादी भी कर रहे हों आप लोग मिलकर और मुझे कहो कि तू और तेरी बीवी एक छत के नीचे कभी इकट्ठे नहीं हो सकोगे। आप मुलाहज़ा फरमायें कि ऐसी शर्त लगा कर मेरी शादी की जा रही है साहिब मेरी शादी तो हो जाए लेकिन मैं और मेरी बीवी एक छत के नीचे अकेले इकट्ठे नहीं हो सकते । आप मुलाहज़ा फरमायें कि मिनिस्टर साहिब क्या फरमाते हैं और तमतराक और जोश से फरमाते हैं कि पढ़ने वाले न हों तो क्या करें । पढने वाले तो मौजूद हैं लेकिन

पढ़ाने वाला कोई नहीं है । पढ़ने वाले तो दरखास्तें देते हैं, वह पढ़ना चाहते हैं लेकिन आपने तो यह शर्त लगा रखी है कि एक क्लास में दस तालिबेइलम पढ़ने वाले हों और तमाम स्कूल में चालीस की तादाद पढ़ने वालों की हो तो तब इंतजाम हो सकता है, वह तादाद पूरी नहीं होती। और आप इंतजाम नहीं करते । हम कहते हैं कि अगर तालबेइलमों की तादाद ज़्यादा मांगते हो तो वहां की आबादी ज्यादा करो ताकि तालबेइलमों की तादाद हो जाए लेकिन आप करना नहीं चाहते । बहाने बनाना चाहते हो । और इस तरह से उर्दू जबान को खत्म करना चाहते हो। जब कोई पढ़ाने वाला नही होगा तो आइंदा की नसलें उर्दू को भूल जाएंगी । जानबूझ कर ऐसा फैसला किया जा रहा है (घंटी का आवाज़) । जनाब यहां पर कहा जाता है कि यह मुसलमानों की ज़बान है, मैं कहता हूं कि साहिब यह मुसलमानों की ज़बान तो नहीं है, किसी मुसलमान मुल्क में नहीं बोली जाती। शायद कहीं पाकिस्तान में बोली जाती है । गिल साहिब शायद कह दें, वह कहने को तैयार हैं लेकिन आप को तो इस बात पर फखर होना चाहिए कि यह ज़बान आप की पैदावार, आपने इसको बड़ा किया । इस की परवरिश की, आपने लेकिन आज दूसरे मुल्क के लोग उसी ज़बान को सीख रहे हैं, पढ़ रहे हैं, गोया आपकी जबान पर फखर करते हैं। आपको तो इस पर फखर करना चाहिए था लेकिन इसके बरअक्स आप मुंह खोलकर कहें कि साहिब यह पाकिस्तान में बोली जाती है, वहां की जबान है । क्या आप इसको तशतरी में रख कर के पाकिस्तान की नज़र करना चाहते हैं, बड़े अफसोस की बात है । मेरी अर्ज़ है कि उर्दू जबान को हिन्दुस्तान में तमाम के तमाम लोग जानते हैं। आज बड़े फखर से कहा जाता है कि हिन्दी का शार्टहैंड करने लगे हैं । पहले अंग्रेजी का शार्टहैंड सीखा था, अब हिन्दी का शार्टहैंड सिखाएंगे। मैं कहना चाहता हूं कि मेरे बजुर्गों ने और आप के बुजुर्गों ने हिन्दु-सिक्ख, मुसलमान, इसाई और पारसी बजुर्गों ने तमाम ने मिलकर उर्दू एक ऐसी ज़बान बनाई जो कि खुद शार्टहैंड है। सदरेमोहतरम अगर आप का नाम आनरेबल लाला हरबंस लाल हिन्दी में या अंग्रेजी में लिखना हो तो तमाम हरूफ अलग अलग लिखने पड़ेंगे। मगर उर्दू में मैं आप का नाम इतनी सी जगह पर लिखकर दिखा देता हूं । उर्दू तो खुद शार्टहैंड है, इसमें हरूफ अलग अलग नहीं लिखे जाते । इसके बावजूद आप उर्दू के बारे में यह कहते हैं (विघ्न) इसके हरूफ मुलाहजा फर्मायें कितने सलीस हैं। इनको बच्चा इतनी जल्दी सीख सकता है.. ..अलफ, बे, पे, ते, जीम, चे, हे (घंटी की आवाज़) जनाबवाला मैं उर्दू ज़बान मतरूक ज़बान इस यतीम और लावारिस ज़बान के लिए जब आवाज़ बलंद करने लगा हूं तो आप मुझ पर पाबंदी लगाते हैं । मुझे तो बड़ा अफसोस होता है कि क्यों ऐसी बात हो रही है । मैं अर्ज़ करना चाहता हूं कि अंग्रेज़ी, हिन्दी गरजे कि तमाम किस्म के हरुफ से उर्दू ज़बान के हरूफ लिखने और समझने में ज़्यादा आसान हैं । इन से बच्चे के दिमाग पर कोई बोझ नहीं पड़ता । जितनी और जबानें हैं अदर दैन उर्दू हर एक के हरूफ अलग अलग हैं । उन से बच्चे के दिमाग पर बोझ पड़ता है ।

[खान अब्दुल गफार खां]
इस लिए खुदा रा उर्दू के लिए स्टैप मदरली जो ट्रीटमेंट आप दिखा रहे हैं वो छोड़ दो । हम नहीं कहते कि हिन्दी न करो या पंजाबी न करो । ज़रूर पढ़ो, लिखो और सीखो लेकिन खुदा रा उन लोगों पर भी रहम करो जो उर्दू पढ़ना चाहते हैं । उस ज़बान पर रहम करो जिस पर आप को फखर है और जिस ज़बान के शेअर आनरेबल मिनिस्टर साहिबान और दूसरे मैंबर साहिबान पढ़ देते हैं । खुदा रा न ज़ालिम बनो । न कत्ल करने वाले बनो, न मरडरर बनो इस ज़बान के । अगर बनोगे तो दुनियां आपको क्या कुछ नहीं कहेगी ।

ਸਰਦਾਰ ਲਛਮਣ ਸਿੰਘ ਗਿੱਲ (ਜਗਰਾਉਂ) : ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਵਿਰੋਧਤਾ ਲਈ ਖੜਾ ਹੋਇਆ ਹਾਂ । ਮੈਂ ਵਿਰੋਧਤਾ ਇਸ ਲਈ ਕਰਦਾ ਹਾਂ ਕਿ ਆਜ਼ਾਦੀ ਦੇ ਬਾਅਦ ਵੀ ਅੰਗ੍ਰੇਜ਼ੀ ਜ਼ਬਾਨ ਨੂੰ 17, 18 ਸਾਲ ਤਕ ਇਥੇ ਜਾਰੀ ਰਖਿਆ ਗਿਆ ਹੈ। ਇਹ ਸਾਡੇ ਮੁਲਕ ਦੀ ਬੜੀ ਭਾਰੀ ਬਦਕਿਸਮਤੀ ਹੈ ਕਿ ਜਿਨ੍ਹਾਂ ਨੇ ਸਾਡੇ ਤੇ ਰਾਜ ਕੀਤਾ ਉਨ੍ਹਾਂ ਦੀ ਜ਼ਬਾਨ ਨੂੰ ਸਾਡੇ ਤੇ 17-18 ਸਾਲਾਂ ਤਕ ਲਾਗੂ ਰਖਿਆ ਹੁਣ ਹੋਰ ਵੀ ਜ਼ਿਆਦਾ ਅਨਿਆਂ ਇਹ ਹੈ ਕਿ ਇਸ ਜ਼ਬਾਨ ਨੂੰ ਅਗੇ ਵਾਸਤੇ ਵੀ ਚਾਲੂ ਰਖਣਾ ਚਾਹੁੰਦੇ ਹਨ । ਮੈਂ ਪੰਜਾਬੀ ਦੇ ਬਾਰੇ ਵਿਚ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇਕਰ ਗੌਰਮਿੰਟ ਈਮਾਨਦਾਰੀ ਨਾਲ ਚਾਹੁੰਦੀ ਹੈ ਕਿ ਪੰਜਾਬ ਦੀ ਜ਼ਬਾਨ, ਜਿਹੜੀ ਕਿ ਪੰਜਾਬੀ ਹੈ, ਤਰੱਕੀ ਕਰੇ ਅਤੇ ਚਾਹੁੰਦੀ ਹੈ ਕਿ ਪੰਜਾਬ ਵਿਚ ਕਾਰੋਬਾਰ ਚੰਗੀ ਤਰ੍ਹਾਂ ਚਲੇ ਤਾਂ ਬਾਤ ਬੜੀ ਪਧਰੀ ਤੇ ਸਿਧੀ ਸੀ । ਮੈਂ ਜ਼ਿਮੇਂਵਾਰੀ ਨਾਲ ਕਹਿੰਦਾ ਹਾਂ । ਸਾਡੇ ਲੇਟ ਪ੍ਰਾਈਮ ਮਿਨਿਸਟਰ ਪੰਡਤ ਨਹਿਰੂ ਨੇ ਇਸ ਦਾ ਹੱਲ ਢੂੰਡਿਆ ਸੀ ਪਰ ਉਹ ਕਹਿੰਦੇ ਸਨ ਕਿ ਫਿਰਕਾਪ੍ਰਸਤ ਲੋਕਾਂ ਨੇ ਮੇਰੇ ਹੱਥ ਐਨੇ ਟਾਈਟ ਕੀਤੇ ਹੋਏ ਹਨ ਕਿ ਮੈਂ ਹਲ ਢੂੰਡ ਕੇ ਫਿਰ ਉਲਝ ਜਾਂਦਾ ਹਾਂ । ਉਨ੍ਹਾਂ ਨੇ ਦਸਿਆ ਸੀ ਕਿ ਬਾਕੀ ਦਿਆਂ ਸਾਰਿਆਂ ਪ੍ਰਾਂਤਾਂ ਵਿਚ ਆਪਣੀ ਆਪਣੀ ਜ਼ਬਾਨ ਚਾਲੂ ਹੈ। 14 ਨੈਸ਼ਨਲ ਜ਼ਬਾਨਾਂ ਮੰਨੀਆਂ ਗਈਆਂ ਹਨ ਅਤੇ ਪੰਜਾਬੀ ਉਨ੍ਹਾਂ ਵਿਚੋਂ ਇਕ ਹੈ ਪੰਜਾਬੀ ਬੋਲੀ ਜੋ ਪੰਜਾਬ ਦੀ ਹੈ ਅਤੇ ਇਕ ਜ਼ਬਾਨ ਹੈ। ਉਨ੍ਹਾਂ ਨੇ ਕਿਹਾ ਸੀ ਕਿ ਇਕ ਹੀ ਇਲਾਜ ਇਸ ਗੱਲ ਦਾ ਹੈ ਕਿ ਪੰਜਾਬ ਵਿਚ ਪੰਜਾਬੀ ਚਾਲੂ ਕੀਤੀ ਜਾਵੇ। ਪਰ ਫਿਰਕਾਪ੍ਰਸਤ ਲੋਕਾਂ ਨੇ, ਚਾਹੇ ਉਹ ਸਰਵਸਿਜ਼ ਵਿਚ ਸਨ, ਚਾਹੇ ਬਾਹਰ ਸਨ, ਅਜਿਹੀ ਮੁਨੱਜ਼ਮ ਸਾਜ਼ਸ਼ ਕੀਤੀ ਕਿ ਲੇਟ ਪ੍ਰਾਈਮ ਮਿਨਿਸਟਰ ਆਪਣੀ ਤਮੰਨਾ ਨੂੰ ਨਾਲ ਲੈ ਕੇ ਹੀ ਚਲੇ ਗਏ । ਸਪੀਕਰ ਸਾਹਿਬ, ਤੁਸਾਂ ਵੇਖਿਆ ਹੋਵੇਗਾ ਕਿ ਪ੍ਰਾਂਤ ਵਿਚ ਕਈ ਤਰ੍ਹਾਂ ਦੇ ਐਜੀਟੇਸ਼ਨ ਚਲੇ—ਹਿੰਦੀ ਦਾ ਐਜੀਟੇਸ਼ਨ ਚਲਿਆ, ਪੰਜਾਬੀ ਦਾ ਐਜੀਟੇਸ਼ਨ ਚਲਿਆ, ਉਨ੍ਹਾਂ ਦੀ ਜ਼ਿੰਮੇਵਾਰੀ ਉਸ ਵੇਲੇ ਦੀ ਸਰਕਾਰ ਤੇ ਆਉਂਦੀ ਹੈ, ਉਨ੍ਹਾਂ ਲੋਕਾਂ ਦੀ ਵਜ੍ਹਾ ਨਾਲ ਉਹ ਐਜੀਟੇਸ਼ਨ ਚਲੇ ।

ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਅਗਰ ਪੰਜਾਬ ਦੀ ਜ਼ਬਾਨ ਪੰਜਾਬੀ ਮੰਨ ਲਈ ਜਾਂਦੀ ਔਰ ਪੰਜਾਬੀ ਦੀ ਉਸੇ ਤਰੀਕੇ ਨਾਲ ਤਰੱਕੀ ਕੀਤੀ ਜਾਂਦੀ ਜਿਸ ਤਰ੍ਹਾਂ ਦੇਸ਼ ਦੀਆਂ ਬਾਕੀ ਬੋਲੀਆਂ ਦੀ ਕੀਤੀ ਗਈ ਹੈ ਤਾਂ ਪੰਜਾਬ ਵਿਚ ਪੰਜਾਬੀ ਸੂਬੇ ਦਾ ਖਿਆਲ ਕਦੇ ਪੈਦਾ ਵੀ ਨਹੀਂ ਸੀ ਹੋਣਾ । ਇਹ ਖਿਆਲ ਹੀ ਹਕੀਕਤ ਵਿਚ ਉਨ੍ਹਾਂ ਲੋਕਾਂ ਦਾ ਪੈਦਾ ਕੀਤਾ ਹੋਇਆ ਹੈ, ਜਿਵੇਂ ਕਿ ਇਕ ਸ਼ਾਇਰ ਨੇ ਵੀ ਕਿਹਾ ਹੈ ਕਿ ਇਥੇ ਨਾ ਹਿੰਦੂ ਦਾ ਨਾ ਸਿਖ ਦਾ ਝਗੜਾ ਹੈ, ਝਗੜਾ ਸਿਰਫ ਕੁਰਸੀ-ਦਾਰਾਂ ਦਾ ਹੈ। ਪੰਜਾਬ ਦੇ ਵਿਚ ਕਿਸੇ ਫਿਰਕਾਦਾਰੀ ਦਾ ਝਗੜਾ ਨਹੀਂ। ਝਗੜੇ ਸਿਰਫ ਉਨ੍ਹਾਂ ਬੰਦਿਆਂ ਦੇ ਪਾਏ ਹੋਏ ਹਨ ਜਿਹੜੇ ਗੌਰਮੈਂਟ ਵਿਚ ਹੋ ਕੇ ਮੌਕੇ ਬੇਮੌਕੇ ਅਜਿਹੀਆਂ ਸਿਚੁਏਸ਼ਨਜ਼ ਪੈਦਾ ਕਰਦੇ ਰਹੇ ਹਨ ਕਿ ਫਿਰਕਾਦਾਰਾਨਾ ਫ਼ਸਾਦ ਹੋਣ। ਔਰ ਫ਼ਸਾਦ ਇਸ ਲਈ ਪਵਾਏ ਜਾਂਦੇ ਰਹੇ ਹਨ ਤਾਕਿ ਉਨ੍ਹਾਂ ਦੀਆਂ ਕੁਰਸੀਆਂ ਬਣੀਆਂ ਰਹਿਣ। ਜੇ ਤੁਸੀਂ ਪੰਜਾਬ ਦਾ ਇਤਿਹਾਸ ਵੇਖੋ ਤਾਂ ਇਹ ਗੱਲ ਸਾਫ ਪਤਾ ਲਗਦੀ ਹੈ ਕਿ ਇਸ ਮੌਜੂਦਾ ਮਿਨਿਸਟਰੀ ਤੋਂ ਪਹਿਲਾਂ ਜਿਨ੍ਹਾਂ ਲੋਕਾਂ ਨੇ

ਪੰਜਾਬ ਉਤੇ ਅਠ ਸਾਲ ਰਾਜ ਕੀਤਾ ਉਨ੍ਹਾਂ ਨੇ ਅਪਣੇ ਕੁਝ ਐਸੇ ਤਰੀਕੇ ਬਣਾਏ ਹੋਏ ਸਨ ਕਿ ਭਾਵੇਂ ਉਹ ਹਿੰਦੀ ਬਾਰੇ ਸਨ ਜਾਂ ਪੰਜਾਬੀ ਬਾਰੇ, ਐਸੀ ਫਿਜ਼ਾ ਪੈਦਾ ਕੀਤੀ ਜਾਵੇ ਕਿ ਪਹਿਲੇ ਤਾਂ ਐਜੀਟੇਸ਼ਨਾਂ ਕਰਵਾਈਆਂ ਜਾਂਦੀਆਂ ਸਨ ਫੇਰ ਉਨ੍ਹਾਂ ਨੂੰ ਡੰਡੇ ਦੇ ਜ਼ੋਰ ਨਾਲ ਕਾਬੂ ਕੀਤਾ ਜਾਂਦਾ ਸੀ ਅੌਰ ਇਸ ਤਰ੍ਹਾਂ ਅਪਣੇ ਰਾਜ ਨੂੰ ਬਰਕਰਾਰ ਰਖਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਸਨ। ਪਰ ਜਿਹੜੀ ਮਿਨਿਸਟਰੀ ਹੁਣ ਕੁਰਸੀ ਉਤੇ ਬੈਠੀ ਹੈ ਇਸ ਦਾ ਫਰਜ਼ ਹੈ ਕਿ ਹੱਲ ਢੂੰਡਿਆ ਜਾਵੇ। ਮੈਂ ਈਮਾਨ-ਦਾਰੀ ਨਾਲ ਮਹਿਸੂਸ ਕਰਦਾ ਹਾਂ ਕਿ ਅੰਗਰੇਜ਼ੀ ਇਸ ਸਮੱਸਿਆ ਦਾ ਹੱਲ ਨਹੀਂ ਪਰ ਅੰਗਰੇਜ਼ੀ ਨੂੰ ਇਸ ਵਾਸਤੇ ਲਿਆਂਦਾ ਜਾ ਰਿਹਾ ਹੈ ਤਾਕਿ ਸੂਬੇ ਵਿਚ ਹੋਰ ਪਾੜਾ ਧਾੜਾ ਪਾਇਆ ਜਾਵੇ।

Minister for Education and Local Government (Shri Prabodh Chandra) : Sir, I beg to move:

> That the proceedings on the Punjab Official Languages (Amendment) Bill, 1965. be exempted at this day's sitting from the provisions of the rule 'Sittings of the Assembly' till the Bill is passed.

Mr. Speaker : Is it the pleasure of the House that the proceedings on the Punjab Official Languages (Amendment) Bill, 1965, be exempted at this day's sitting from the provisions of the rule 'Sittings of the Assembly' till the Bill is passed.

श्री बलरामजी दास टंडन : स्पीकर साहिब, मैं रिक्वैस्ट करना चाहता हूं कि इस सिटिंग को ऐक्सटेंड न किया जाए । इस बिल की कंसिडरेशन को पोस्टपोन किया जाए और सोमवार पर रख दिया जाए ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਜੋ ਮੋਸ਼ਨ ਐਜੂਕੇਸ਼ਨ ਮਿਨਿਸਟਰ ਸਾਹਿਬ ਨੇ ਪੇਸ਼ ਕੀਤੀ ਹੈ ਮੈਂ ਇਸ ਦੀ ਤਾਈਦ ਕਰਨ ਲਈ ਖੜ੍ਹਾ ਹੋਇਆ ਹਾਂ। ਠੀਕ ਹੈ ਕਿ ਹਾਊਸ ਦੀ ਇਸ ਸਿਟਿੰਗ ਨੂੰ ਐਕਸਟੈਂਡ ਕੀਤਾ ਜਾਣਾ ਚਾਹੀਦਾ ਹੈ। ਅਸੀਂ ਇਸ ਉਤੇ ਬੋਲਣਾ ਹੈ।

(Interruptions)

चौधरी देवी लाल : ग्रान ए प्वायंट ग्राफ ग्रार्डर, सर। मैं यह ग्रर्ज करना चाहता हूं कि ग्रगर ग्राप इस सिटिंग को ब इस वक्त ऐक्सटेंड कर देंगे तो यह उन मेम्बर साहिबान के साथ बेइन्साफी होगी जो इस ख्याल से चले गए हैं कि सिटिंग ने तो ग्रब एक बजे खत्म हो जाना है ग्रौर यह बिल ग्रगले दिन तक चलेगा । ग्रगर इस को पोस्टपोन न किया गया तो वह मेम्बर साहिबान नही बोल पाएंगे ग्रौर ग्रपने ख्यालात का इजहार नहीं कर पाएंगे जो चले गए हैं। इस लिए मैं यह मांग करता हूं कि इस कंसिडरेशन को पोस्टपोन कर दिया जाए ।

Mr. Speaker : The motion is before the House.

ਸਰਦਾਰ ਲਛਮਣ ਸਿੰਘ ਗਿਲ : ਇਹ ਕਿਵੇਂ ਹੋ ਸਕਦਾ ਹੈ? ਮੈਜਾਰਿਟੀ ਦੇ ਬੇਸਿਜ਼ ਉਤੇ ਭਾਵੇਂ ਜੋ ਮਰਜ਼ੀ ਹੈ ਕਰ ਕਰਾ ਲੈਣ।

चौधरी नेत राम : स्पीकर साहिब, ऐसा न कीजिए। यह बड़ा ग्रहम मसला है । इसको बड़ी गम्भीरता के साथ सोचा जाए । इस पर एक दो दिन तक ग्रौर बहस होनी चाहिए ताकि भी लोगों को ग्रसलियत का पता चल जाए कि ग्रंग्रेजी को क्यों लाने की कोशिश की जा रही है। जहां जनता में जाकर ग्रपनी जबान में बोल कर

[चौधरी नेत राम]

उन से वोट हासिल करके यहां पर आते हैं और यहां आ कर अंग्रेजी भाषा को, विदेशी भाषा को रखना चाहते हैं । मैं कहता हूं कि अंग्रेजी में बोल कर उन से वोट लेकर तो दिखाओ । इस लिए मैं यह निवेदन करूंगा कि इस बिल को पास नहीं करना चाहिए ।

Minister for Education and Local Government : Sir, this is not at all the intention of the Government to impose restrictions on the speeches of the hon. Members on this Bill. As I have already explained, there are certain legal and constitutional obligations. We cannot proceed with the use of English after the 4th of April, 1965, if this Bill is not passed.

चौधरी नेत राम : जनाब आली हमारी समझ में कुछ नहीं आ रहा कि आप क्या बोल रहे हैं । आप अपनी भाषा में बोलिए ।

शिक्षा तथा स्थानीय शासन मन्त्री : मैंने यही कहा है कि गवर्नमेंट को कोई एतराज़ नहीं है और न ही हम चाहते हैं कि किसी को बोलने के उपर पाबन्दी लगाई जाए मगर गवर्नमेंट की मजबूरी यह है कि चार एप्रैल से पहले पहले हम ने आर्डिनेंस को कानून की शक्ल देनी है । यह कान्स्टीचूशनल प्रोविज़न है ।

कुछ माननीय सदस्य : पांच को कर दें ।

शिक्षा तथा स्थानीय शासन मंत्री : इस में फिर लीगल इम्प्लीकेशंज आ जाएंगी ।

श्री बलरामजी दास टंडन : जब आगे ही इतनी देर कर दी है तो एक दिन से क्या फर्क पड़ जाता है । पांच तारीख तक पास कर देंगे । हमारी तरफ से कोई आबजैक्शन नहीं होगा । (विघ्न)

चौधरी नेत राम : मेरा व्यवस्था प्रश्न है स्पीकर साहिब ....

श्री अध्यक्ष : चौधरी साहिब, ज़रा ठहरिए (The hon. Member may please wait.)

चौधरी नेत राम : स्पीकर साहिब, मेरा व्यवस्था प्रश्न है । मैं एक बड़ी अहम बात कहने वाला हूं जिस को सुनने के बाद ही मिनिस्टर साहिब को अपना जवाब देना चाहिए ।

श्री अध्यक्ष : नो प्लीज । चौधरी नेत राम जी, आप तशरीफ रखिए । (No please. The hon. Member, Chaudhri Net Ram, should please resume his seat.)

शिक्षा तथा स्थानीय शासन मन्त्री : जनाब आली, यह तो अब स्पीकर साहिब और सरदार गुरनाम सिंह जी ही लीगल राए दे सकते हैं । मैं तो सिर्फ इतना ही कहता हूं कि हमारी बिल्कुल यह नीयत नहीं है कि मेम्बर साहिबान के रास्ते में बोलने के लिए किसी तरह की रुकावट डाली जाए । आप जितना चाहें बोल सकते है गवर्नमेंट को इस पर कोई एतराज़ नहीं है । इस की अहमियत को भी हम जानते हैं । मगर कोई खास मज़बूरी आ गई जिस की वजह से इस को हम जल्दी नहीं ला सके गो इस बिल को, मैं समझता हूं, दो तीन दिन पहिले हाउस में ले आना

चाहिए था मगर कोशिश करने के बावजूद भी इस से जल्दी नहीं ला सके। अगर जज साहिब अपनी लीगल राए दे दें कि इस को पोस्टपोन करने से कोई फर्क नहीं पड़ेगा तो देख लें ।

ਸਰਦਾਰ ਗੁਰਨਾਮ ਸਿੰਘ: ਮੇਰਾ ਖਿਆਲ ਹੈ ਕਿ ਇਹ ਕੋਈ ਖਾਸ ਸੀਰੀਅਸ ਮਾਮਲਾ ਨਹੀਂ। ਸਦਨ ਦੀ ਬੋਲੀ ਦਾ ਸਵਾਲ ਹੈ। ਸਾਡੀ ਇਹ ਕੋਈ ਇਨਟੈਨਸ਼ਨ ਨਹੀਂ ਕਿ ਜੇਕਰ ਕੋਈ ਅੰਗਰੇਜ਼ੀ ਵਿਚ ਬੋਲੇ ਤਾਂ ਉਸ ਨੂੰ ਰੋਕ ਦੇਈਏ। ਸਵਾਲ ਸਿਰਫ ਇਤਨਾ ਹੈ ਕਿ ਮੈਂਬਰਾਂ ਨੂੰ ਮੌਕਾ ਮਿਲ ਜਾਏਗਾ ਆਪੋ ਅਪਣੀ ਰਾਏ ਦੇਣ ਦਾ। ਇਸ ਵਾਸਤੇ ਇਕ ਮੌਕਾ ਦੇਣਾ ਚਾਹੀਦਾ ਹੈ। ਇਹ ਕੋਈ ਐਸੀ ਸੀਰੀ-ਅਸ ਗੱਲ ਨਹੀਂ ਹੈ।

ਵਿੱਤ ਮੰਤਰੀ: ਇਹ ਸੀਰੀਅਸ ਗੱਲ ਤਾਂ ਨਹੀਂ ਹੈ ਪਰ ਜਿਹੜਾ ਕਾਨਸਟੀਚੂਸ਼ਨਲ ਪੁਆ-ਇੰਟ ਹੈ ਉਸ ਨੂੰ ਸਾਹਮਣੇ ਰਖ ਲਓ। (ਵਿਘਨ)

ਸਰਦਾਰ ਗੁਰਨਾਮ ਸਿੰਘ: ਵੇਖ ਲਉ ਕਲ੍ਹ ਨੂੰ ਅਗਰ ਬਿਲ ਅੰਗਰੇਜ਼ੀ ਵਿਚ ਪਾਸ ਹੋਵੇ ਤਾਂ ਇਸ ਨੂੰ ਕੁਐਸਚਨ ਵੀ ਕੀਤਾ ਜਾ ਸਕਦਾ ਹੈ। ਇਸ ਵਿਚ ਚੂੰਕਿ ਲੀਗਲ ਮਾਮਲਾ ਹੈ ਮੈਂ ਇਸ ਬਾਰੇ ਇਸ ਮੌਕੇ ਤੇ ਆਪਣੀ ਲੀਗਲ ਰਾਏ ਦੇਣ ਨੂੰ ਤਿਆਰ ਨਹੀਂ ਹਾਂ। ਇਹ ਗੱਲ ਜ਼ਰੂਰ ਹੈ ਕਿ ਮੈਂਬਰਾਂ ਨੂੰ ਬੋਲਣ ਦਾ ਮੌਕਾ ਜ਼ਰੂਰ ਮਿਲਣਾ ਚਾਹੀਦਾ ਹੈ।

Mr. Speaker : The motion is before the House. I will put it to the vote of the House.

Mr. Speaker : Question is:

That the proceedings on the Punjab Official Languages (Amendment) Bill, 1965, be exempted at this day's sitting from the provisions of the rule "Sitting of the Assembly" till the Bill is passed.

The motion was carried.

चौधरी नेत राम : मेरा व्यवस्था प्रश्न है ।

श्री अध्यक्ष : आप मेहरबानी करके अब बैठ जाईए। (The hon. Member may take his seat.)

***चौधरी नेत राम :** * * *

श्री अध्यक्ष : यह कोई प्वायंट आफ आर्डर नहीं है । बैठ जाइए । (This is no point of order. The hon. Member may take his seat.)

***चौधरी नेत राम :** * * *

श्री अध्यक्ष : मैंने कह जो दिया कि यह कोई प्वायंट आफ आर्डर नहीं है । (I have already stated that this is no point of order.)

***चौधरी नेत राम :** * * *

Mr. Speaker : Chaudhri Net Ram........

चौधरी नेत राम : * * *

श्री अध्यक्ष : चौधरी नेत राम मेरे बार बार रोकने के बावजूद भी आप अपनी बात कहे जा रहे हैं । यह ठीक नहीं है । (*Addressing Chaudhri Net Ram.* The hon. Member is saying what he wanted to say inspite of my checking him again and again. This is not proper.)

---

*Expunged as ordered by the Chair at page (28)92

*चौधरी नेत राम : * * * * *

श्री अध्यक्ष : चौधरी नेत राम, मैं आप को नेम करता हूं । जब तक जो कुछ आप ने अब कहा है वह सभी लफ्ज़ वापिस नहीं लेंगे मैं आगे नहीं चलूंगा । यह आप की एक आदत ही बन गई है । अगर आप अपने लफ्ज वापिस नहीं लेंगे तो मुझे खुद कोई एक्शन लेना पड़ेगा । (*Addressing Chaudhri Net Ram.* I name the hon, Member. I will not proceed further unless the hon. Member withdraws all that he has said before. The hon. Member has developed this habit. If the hon. Member does not withdraw his word-, I will have to take some action.)

*चौधरी नेत राम : * * *

श्री अध्यक्ष : मैंने आप को बोलने की इजाजत नहीं दी थी और आप बावजूद मेरे बार बार रोकने के आपने आप तकरीर करते रहे । (I had not allowed the hon. Member to speak and inspite of my checking him again and again he has gone on making his speech.)

*चौधरी नेत राम : * * *

श्री अध्यक्ष : मैंने कह जो दिया कि आप मेरे आर्डर के खिलाफ बोलते रहे हैं । आप की ऐसी आदत बन गई है । (I have stated that the hon. Member is making his speech in contravention of my order, he has developed this habit.)

*चौधरी नेत राम : * * *

श्री अध्यक्ष : क्या आगे के लिए आप मेरे आर्डर को मानेंगे या नहीं ? (Will the hon. Member obey my order in future or not?)

सरदार लछमन सिंह गिल : मानेंगे, जरूर मानेंगे ।

Mr. Speaker : Sardar Lachhman Singh Gill.

Comrade Ram Chandra : On a point of Order, Sir. I would like to know whether the speech of the hon. Member Chaudhri Net Ram that he has made on the pretext of the point of Order shall form part of the record of the proceedings of the House or not ?

Mr. Speaker : That is expunged from the record of the proceedings of the House.

ਸਰਦਾਰ ਲਛਮਣ ਸਿੰਘ ਗਿਲ : ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਕਿ ਹਕੀਕਤ ਦੇ ਵਿਚ ਬੋਲੀ ਦੇ ਮਸਲੇ ਨੂੰ ਹੱਲ ਕਰਨ ਦੀ ਬਜਾਏ ਇਸ ਨੂੰ ਉਲਝਾਇਆ ਗਿਆ ਹੈ । ਸਿਧੀ ਜਹੀ ਗੱਲ ਸੀ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਜੋ ਅਸੀਂ ਆਪਣਾ ਆਈਨ ਬਣਾਇਆ ਉਸ ਵਿਚ 14 ਜ਼ਬਾਨਾਂ ਨੂੰ ਮੰਨ ਲਿਆ ਔਰ ਇਹ ਸਾਰੇ ਹਿੰਦੁਸਤਾਨ ਤੇ ਲਾਜ਼ਮੀ ਹੋ ਗਿਆ ਕਿ ਉਨ੍ਹਾਂ ਦਾ ਅਸੀਂ ਆਦਰ ਕਰੀਏ ਔਰ ਪੰਜਾਬ ਦੇ ਵਿਚ ਜਿਥੇ ਅਜ ਜ਼ਬਾਨ ਦਾ ਜ਼ਿਕਰ ਕਰਦਾਂ ਹਾਂ, ਮੇਰਾ ਇਹ ਖਦਸ਼ਾ ਹੈ ਕਿ ਉਸ ਜ਼ਬਾਨ ਨੂੰ ਕਾਨਸਟੀਚਿਊਸ਼ਨ ਵਿਚ ਰਖਿਆ

*Expunged as ordered by the Chair.

ਸੀ ਜੋ ਸਾਡੇ ਪੰਜਾਬ ਦੀ ਜ਼ਬਾਨ ਹੈ, ਪਰ ਹੁਣ ਉਸ ਨੂੰ ਕੁਚਲਿਆ ਜਾ ਰਿਹਾ ਹੈ। ਪਹਿਲੀ ਗੱਲ ਤਾਂ ਇਹ ਹੋਈ ਕਿ ਪੰਜਾਬੀ ਸਾਰੇ ਪੰਜਾਬ ਦੀ ਬੋਲੀ ਹੈ, ਕਾਨਸਟੀਚਿਊਸ਼ਨ ਵਿਚ ਮੰਨੀ ਹੋਈ ਸੀ ਔਰ ਜਿਹੜੀਆਂ ਸਾਡੀਆਂ ਆਰਗੇਨਾਈਜੇਸ਼ਨਜ਼ ਸਨ ਜਿਸ ਤਰ੍ਹਾਂ ਕਾਂਗਰਸ ਹੈ, ਅਕਾਲੀ ਦਲ ਹੈ ਜਾਂ ਹੋਰ ਜਿਤਨੀਆਂ ਪਾਰਟੀਆਂ ਹਨ , ਉਨ੍ਹਾਂ ਨੇ ਵੀ ਆਪਣੇ ਆਪਣੇ ਆਈਨ ਵਿਚ ਮੰਨਿਆਂ ਸੀ ਕਿ ਪੰਜਾਬੀ ਪੰਜਾਬ ਦੀ ਬੋਲੀ ਹੈ । ਇਹ ਗੱਲ ਕਾਂਗਰਸ ਵਾਲਿਆਂ ਨੇ ਮੰਨੀ ਹੋਈ ਸੀ ਔਰ 1947 ਤੋਂ ਪਹਿਲੇ ਕਾਂਗਰਸ ਦੇ ਆਈਨ ਵਿਚ ਸੀ ਕਿ ਪੰਜਾਬ ਦੀ ਬੋਲੀ ਪੰਜਾਬੀ ਹੈ ਔਰ ਉਸ ਵਿਚ ਇਸ ਨੂੰ ਸਾਰੇ ਪ੍ਰਾਂਤ ਦੀ ਬੋਲੀ ਹੋਣ ਦਾ ਦਰਜਾ ਹਾਸਲ ਸੀ । ਪਰ ਆਜ਼ਾਦੀ ਤੋਂ ਬਾਅਦ ਇਸ ਨੂੰ ਮੰਨਿਆ ਨਹੀਂ ਗਿਆ । ਇਸ ਦਾ ਪਹਿਲਾ ਨਤੀਜਾ ਇਹ ਨਿਕਲਿਆ ਕਿ ਇਨ੍ਹਾਂ ਪੰਜਾਬ ਦੀ ਬੋਲੀ ਨੂੰ ਮਾਰਿਆ ਔਰ ਇਸ ਦੇ ਨਾਲ ਹੀ ਇਨ੍ਹਾਂ ਪੰਜਾਬ ਦੀ ਬੋਲੀ ਨਾਲ, ਪੰਜਾਬ ਨਾਲ ਔਰ ਪੰਜਾਬ ਦੇ ਲੋਕਾਂ ਨਾਲ, ਇਕ ਬੜਾ ਭਾਰੀ ਧੱਕਾ ਕੀਤਾ ਔਰ ਇਸ ਦਾ ਨਤੀਜਾ ਇਹ ਨਿਕਲਿਆ ਕਿ ਇਸ ਬੋਲੀ ਦੀ ਸੇਵਾ ਕਰਨ ਵਾਸਤੇ, ਮਾਂ ਬੋਲੀ ਨੂੰ ਪਰਾਪਰ ਸਥਾਨ ਦਿਲਾਣ ਵਾਸਤੇ, ਇਥੋਂ ਦੇ ਲੋਕਾਂ ਨੇ ਪੁਰਅਮਨ ਮੁਜ਼ਾਹਰੇ ਕੀਤੇ ਲੇਕਿਨ ਇਥੇ ਪੰਜਾਬ ਵਿਚ ਜਿਹੜੀ ਐਂਟੀ ਨੈਸ਼ਨਲ ਗੌਰਮਿੰਟ ਸੀ, ਜਿਹੜੀ ਪੰਜਾਬ ਦੀ ਦੁਸ਼ਮਣ ਸੀ ਔਰ ਜਿਹੜੀ ਬੋਲੀ ਬੋਲੀ ਜਾਂਦੀ ਸੀ ਉਸ ਨਾਲ ਧੱਕਾ ਕਰਨ ਵਾਲੀ ਸੀ ਯਾਨੀ ਜਿਹੜੀ ਕੈਰੋਂ ਸਰਕਾਰ ਸੀ ਔਰ ਇਥੇ ਜਿਹੜੀ ਇਸ ਗੱਲ ਦੀ ਆੜ ਲੈ ਕੇ ਇਥੇ ਰਾਜ ਕਰਦੀ ਸੀ ਉਹ ਖੁਦ ਫਿਰਕਾਪਰਸਤ ਸੀ ਲੇਕਿਨ ਜਿਹੜੀ ਇਥੋਂ ਦੀ ਬੋਲੀ ਦੀ ਗੱਲ ਕਰਦੇ ਸੀ ਉਨ੍ਹਾਂ ਨੂੰ ਫਿਰਕਾਪਰਸਤ ਕਹਿ ਕੇ ਉਨ੍ਹਾਂ ਨੂੰ ਦਬਾਣ ਦੀ ਕੋਸ਼ਿਸ਼ ਕਰਦੀ ਸੀ ਔਰ ਜਿਸ ਨੇ ਪੰਜਾਬ ਦੇ ਲੋਕਾਂ ਦੀ ਜ਼ਬਾਨ ਨੂੰ ਸਹੀ ਮਾਨਿਆਂ ਵਿਚ ਲਾਗੂ ਹੋਣ ਨਹੀਂ ਦਿੱਤਾ ਔਰ ਇਹ ਇਸ ਕਰਕੇ ਨਹੀਂ ਹੋਣ ਦਿੱਤਾ ਤਾਂ ਕਿ ਉਨ੍ਹਾਂ ਦੀਆਂ ਕੁਰਸੀਆਂ ਕਾਇਮ ਰਹਿ ਸਕਣ । ਹੁਣ ਵੀ ਇਹ ਸਵਾਲ ਮੁਕ ਨਹੀਂ ਗਿਆ । ਮੈਂ ਸਮਝਦਾ ਹਾਂ ਕਿ ਇਸ ਚੀਜ਼ ਲਈ ਗੌਰਮਿੰਟ ਆਫ਼ ਇੰਡੀਆ ਮੁਜਰਮ ਹੈ ਜਿਸ ਨੇ ਇਸ ਸਟੇਟ ਦੇ ਦੋ ਰਿਜਨ ਬਣਾ ਕੇ ਇਸ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਰਖ ਦਿਤਾ ਹੈ ਔਰ ਇਸ ਨੇ ਇਸ ਤਰ੍ਹਾਂ ਕਰਕੇ ਉਸ ਆਰਗੇਨਾਈਜ਼ੇਸਨ ਨਾਲ ਜਿਹੜੀ ਆਰਗੇਨਾਈਜੇਸ਼ਨ ਨੇ ਬੋਲੀ ਦੇ ਆਧਾਰ ਤੇ ਸੂਬੇ ਦੀ ਮੰਗ ਕੀਤੀ ਸੀ, ਉਸ ਨਾਲ ਮਜ਼ਾਕ ਕੀਤਾ ਸੀ ਔਰ ਆਪਣੀਆਂ ਗਦੀਆਂ ਕਾਇਮ ਰਖਣ ਵਾਸਤੇ ਇਸ ਨੂੰ ਤਕਸੀਮ ਕਰਾਇਆ ਔਰ ਪਜਾਬ ਨੂੰ ਮਾਰਨ ਵਾਸਤੇ ਔਰ ਪੰਜਾਬੀ ਬੋਲੀ ਨਾਲ ਧੱਕਾ ਕਰਨ ਵਾਸਤੇ ਪੰਜਾਬ ਨੂੰ ਦੋ ਹਿਸਿਆਂ ਵਿਚ ਵੰਡਿਆ । ਮੈਂ ਜ਼ਿਮੇਵਾਰੀ ਨਾਲ ਕਹਿਦਾ ਹਾਂ ਕਿ ਇਸ ਤਰ੍ਹਾਂ ਪੰਜਾਬ ਸਟੇਟ ਦੇ ਦੋ ਖਿਤੇ ਬਣਾ ਕੇ ਇਕ ਐਂਟੀਨੈਸ਼ਨਲ ਕੰਮ ਕੀਤਾ ਹੈ । ਅਸੀਂ ਇਸ ਦੇ ਹੱਕ ਵਿਚ ਨਹੀਂ ਸੀ । ਅਸੀਂ ਤਾਂ ਹੁਣ ਵੀ ਕਹਿੰਦੇ ਹਾਂ ਕਿ ਪੰਜਾਬੀ ਤੇ ਹਿੰਦੀ ਰਿਜਨ ਨੂੰ ਮੁਕਾ ਦਿਓ ਔਰ ਫਿਰ ਦੇਖੋ ਕਿ ਪੰਜਾਬ ਦੇ ਲੋਕ ਰਾਜ ਦੀ ਵਾਗ ਡੋਰ ਕਿਨ੍ਹਾਂ ਦੇ ਹਥਾਂ ਵਿਚ ਦਿੰਦੇ ਹਨ ਔਰ ਇਸ ਮਸਲੇ ਦਾ ਫੈਸਲਾ ਕਿਸ ਤਰ੍ਹਾਂ ਕਰਦੇ ਹਨ । ਪੰਜਾਬ ਦੇ ਲੋਕ ਐਸੇ ਆਦਮੀਆਂ ਦੇ ਹਥਾਂ ਵਿਚ ਰਾਜ ਦੇਣਗੇ ਜਿਹੜੇ ਪੰਜਾਬ ਦੇ....

(Sardar Gurnam Singh, Member of the Panel of Chairmen, in the Chair.)

ਚੌਧਰੀ ਦਰਸ਼ਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ , ਸਰ । ਗਿਲ ਸਾਹਿਬ ਨੇ ਆਖਿਆ ਹੈ ਕਿ ਐਂਟੀ ਨੈਸ਼ਨਲ ਗੌਰਮਿੰਟ ਨੇ ਉਸ ਵੇਲੇ ਪੰਜਾਬ ਦੇ ਦੋ ਰਿਜਨ ਬਣਾ ਦਿਤੇ ਸੀ । ਮੈਂ ਉਨ੍ਹਾਂ ਕੋਲੋਂ ਪੁਛਣਾ ਚਾਹੁੰਦਾ ਹਾਂ ਕਿ ਕੀ 1957 ਵਿਚ ਗਿਲ ਸਾਹਿਬ ਦੀ ਪਾਰਟੀ ਦੇ ਲੀਡਰਾਂ ਨੇ ਬੋਲੀ ਦੀ ਬਿਨਾਂ ਤੇ ਪੰਜਾਬ ਦੀ ਵੰਡ ਦੋ ਰਿਜਨਜ਼ ਵਿਚ ਮੰਨੀ ਸੀ ਕਿ ਨਹੀਂ ਮੰਨੀ ਸੀ ।

Mr. Chairman : This is no point of order. The honourable Member should not have raised it.

ਸਰਦਾਰ ਲਛਮਣ ਸਿੰਘ ਗਿੱਲ : ਚੇਅਰਮੈਨ ਸਾਹਿਬ, ਮੈਂ ਇਨ੍ਹਾਂ ਦਾ ਬੜਾ ਮਸ਼ਕੂਰ ਹਾਂ ਜੋ ਇਨ੍ਹਾਂ ਨੇ ਮੇਰੀ ਅਟੈਨਸ਼ਨ ਇਸ ਪਾਸੇ ਵਲ ਦਿਵਾਈ ਹੈ, ਵੈਸੇ ਵੀ ਮੇਰੇ ਮਨ ਵਿਚ ਇਹ ਗੱਲ ਸੀ ਕਿ ਮੈਂ ਇਸ ਬਾਰੇ ਵੀ ਰੋਸ਼ਨੀ ਪਾਵਾਂ । ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਤਸੱਲੀ ਰਖਣ, ਮੈਂ ਇਸ ਚੀਜ਼ ਦਾ ਜਵਾਬ ਵੀ ਦਿਆਂਗਾ । ਮੈਂ ਬੇਨਤੀ ਕਰਦਾ ਹਾਂ ਕਿ ਜੋ ਸਟੇਟ ਨੂੰ ਦੋ ਹਿੱਸਿਆਂ ਵਿਚ ਵੰਡਣਾ ਚਾਹਿਆ ਔਰ ਮੈਂ ਸਮਝਦਾ ਹਾਂ ਕਿ ਇਸ ਨੇ ਇਸ ਤਰ੍ਹਾਂ ਕਰਕੇ ਇਕ ਐਂਟੀ ਨੈਸ਼ਨਲ ਕੰਮ ਕੀਤਾ ਸੀ ਔਰ ਇਸ ਨੇ ਪੰਜਾਬ ਦੇ ਸੂਬੇ ਨੂੰ ਨੁਕਸਾਨ ਪਹੁੰਚਾਇਆ ਹੈ, ਪੰਜਾਬ ਦੇ ਲੋਕਾਂ ਨੂੰ ਨੁਕਸਾਨ ਪਹੁੰਚਾਇਆ ਹੈ ਔਰ ਪੰਜਾਬ ਦੀ ਬੋਲੀ ਨੂੰ ਨੁਕਸਾਨ ਪਹੁੰਚਾਇਆ ਹੈ । ਜਿਸ ਜਮਾਤ ਨੇ ਰਿਜਨਲ ਫਾਰਮੂਲਾ ਮੰਨਿਆ ਸੀ , ਉਸ ਜਮਾਤ ਦੇ ਕੁਝ ਬੰਦਿਆਂ ਨੂੰ ਇਨ੍ਹਾਂ ਨੇ ਫੋੜ ਕੇ ਮਨਾ ਲਿਆ ਸੀ ਔਰ ਉਨ੍ਹਾਂ ਨੇ ਇਹ ਮੰਨ ਕੇ ਪੰਜਾਬ ਦੀ ਜ਼ਬਾਨ ਨਾਲ ਧਕਾ ਕੀਤਾ ਔਰ ਇਸ ਦੇ ਬਦਲੇ ਵਿਚ ਚੰਦ ਆਦਮੀ ਐਡਜਸਟ ਕਰ ਦਿਤੇ ਗਏ ਔਰ ਜਿਹੜੇ ਆਦਮੀ ਐਡਜਸਟ ਕੀਤੇ ਗਏ ਸੀ ਬਾਅਦ ਵਿਚ ਉਨ੍ਹਾਂ ਨਾਲ ਵੀ ਬਹੁਤ ਬੁਰਾ ਸਲੂਕ ਕੀਤਾ ਗਿਆ ਔਰ ਉਹ ਮੁਸਤਹਕ ਵੀ ਇਸੇ ਚੀਜ਼ ਦੇ ਸੀ ਕਿਉਂਕਿ ਉਨ੍ਹਾਂ ਨੇ ਆਪਣੀ ਜ਼ਬਾਨ ਨਾਲ ਗੱਦਾਰੀ ਕੀਤੀ ਸੀ । ਅਜ ਵੀ ਜੇ ਉਨ੍ਹਾਂ ਦੇ ਦਿਲ ਵਿਚ ਵੜ ਕੇ ਦੇਖਿਆ ਜਾਵੇ ਤਾਂ ਜੋ ਗੱਲਾਂ ਉਨ੍ਹਾਂ ਨਾਲ ਕੀਤੀਆਂ ਗਈਆਂ ਹਨ, ਉਹ ਸ਼ਾਇਦ ਹੀ ਕਿਸੇ ਨਾਲ ਕਦੇ ਹੋਈਆਂ ਹੋਣ । ਅਗਰ ਰਿਜਨਲ ਫਾਰਮੂਲਾ ਬਣਾਉਣ ਵਾਲਿਆਂ ਵਿਚ ਕੁਝ ਈਮਾਨਦਾਰੀ ਸੀ ਜੋ ਕਹਿੰਦੇ ਹਨ ਕਿ ਸਾਡੇ ਕਹਿਣ ਤੇ ਬਣਾਇਆ ਗਿਆ ਹੈ ਤਾਂ ਮੈਂ ਉਨ੍ਹਾਂ ਤੋਂ ਪੁਛਦਾ ਹਾਂ ਕਿ ਕੀ ਰਿਜਨਲ ਫਾਰਮੂਲੇ ਤੇ ਅਮਲ ਹੋਇਆ ਹੈ । ਤੁਸੀਂ ਰੋਜ਼ ਹਿੰਦੀ ਅਤੇ ਪੰਜਾਬੀ ਰਿਜਨਲ ਕਮੇਟੀਆਂ ਵਿਚ ਜਾਂਦੇ ਹੋ ਔਰ ਦੇਖਦੇ ਹੋ ਕਿ ਉਥੇ ਕੀ ਹੁੰਦਾ ਹੈ । ਪੰਜਾਬੀ ਰਿਜ਼ਨਲ ਕਮੇਟੀ ਦਾ ਚੇਅਰਮੈਨ ਜਿਹੜਾ ਹੈ ਉਹ ਪੰਜਾਬੀ ਬੋਲਦਾ ਨਹੀਂ । ਜਦੋਂ ਵੀ ਉਹਨਾਂ ਨੂੰ ਬੋਲਣ ਦਾ ਮੌਕਾ ਮਿਲਦਾ ਹੈ ਉਹ ਦੂਜੀ ਜ਼ਬਾਨ ਵਿਚ ਬੋਲਦੇ ਹਨ ਔਰ ਦੂਜੇ ਢੰਗ ਨਾਲ ਦਸਦੇ ਹਨ । ਮੈਂ ਸਮਝਦਾ ਹਾਂ ਕਿ ਰਿਜਨਲ ਫਾਰਮੂਲੇ ਦੀ ਇਮਪਲੀਮੈਂਟੇਸ਼ਨ ਨਹੀਂ ਕੀਤੀ ਗਈ । ਔਰ ਨਾ ਹੀ ਇਨ੍ਹਾਂ ਦਾ ਮਕਸਦ ਇਹ ਸੀ ਕਿ ਇਸ ਦੀ ਇੰਪਲੀਮੈਂਟੇਸ਼ਨ ਹੋਵੇ । ਉਨ੍ਹਾਂ ਦਾ ਮਕਸਦ ਤਾਂ ਇਹ ਸੀ ਕਿ ਆਪਣੀਆਂ ਕੁਰਸੀਆਂ ਨੂੰ ਕਾਬੂ ਰਖਿਆ ਜਾਵੇ ....

चौधरी देवी लाल : आन ए प्वायंट आफ आर्डर सर । इस वक्त कोई भी आनरेबल मिनिस्टर हाज़र नहीं है हालांकि इतने अहम मसले पर बहस हो रही है । इस बहस का जवाब कौन देगा मिनिस्टर इनचार्ज भी यहां नहीं है ।

Voices: The Chief Parliamentary Secretary is persent in the House.

Chaudhri Devi Lal : He cannot represent the Government.

Mr. Chairman (Sardar Gurnam Singh) : The Education Minister is here. I can see him.

ਸਰਦਾਰ ਲਛਮਣ ਸਿੰਘ ਗਿੱਲ : ਚੇਅਰਮੈਨ ਸਾਹਿਬ, ਤੁਹਾਡੀ ਕੀ ਰੂਲਿੰਗ ਹੈ, ਕੀ ਮੈਂ ਜਾਰੀ ਰਖਾਂ ਜਾਂ ਮਨਿਸਟਰ ਇਨਚਾਰਜ ਦੇ ਆਣ ਲਈ ਵੇਟ ਕਰਨਾ ਹੈ ?

Mr. Chairman (Sardar Gurnam Singh) : Please go on. He is being called.

ਸਰਦਾਰ ਲਛਮਣ ਸਿੰਘ ਗਿਲ : ਦੂਜੀ ਬੇਨਤੀ ਮੈਂ ਇਹ ਕਰਦਾ ਹਾਂ ਕਿ ਤੁਸੀਂ ਹੁਣ ਵੀ ਆਪਣੀ ਭੁਲ ਨੂੰ ਸਵਾਰ ਲਓ। ਤੁਸੀਂ ਪਹਿਲੇ ਪੰਜਾਬ ਨੂੰ ਦੋ ਹਿਸਿਆਂ ਵਿਚ ਤਕਸੀਮ ਕੀਤਾ ਔਰ ਇਹ ਪੰਜਾਬ ਨਾਲ ਔਰ ਪੰਜਾਬ ਦੇ ਲੋਕਾਂ ਨਾਲ ਜ਼ਿਆਦਤੀ ਕੀਤੀ। ਫਿਰ ਰਿਜਨਲ ਫਾਰਮੂਲਾ ਬਣਾਇਆ। ਤੁਸੀਂ ਜਮਾਤ ਤੋੜੀ ਔਰ ਲੋਕਾਂ ਨੇ ਇਸ ਤੇ ਐਜੀਟੇਸ਼ਨ ਕੀਤੀ, ਹਜ਼ਾਰਾਂ ਆਦਮੀ ਤੁਸੀਂ ਜੇਲ੍ਹਾਂ ਵਿਚ ਸੁਟੇ। ਤੁਸੀਂ ਉਥੇ ਕਈ ਆਦਮੀਆਂ ਨੂੰ ਮਾਰਿਆ। ਫੀਰੋਜ਼ਪੁਰ ਜੇਲ੍ਹ ਵਿਚ ਮਾਰੇ, ਬਠਿੰਡੇ ਜੇਲ੍ਹ ਵਿਚ ਮਾਰੇ ਔਰ ਪਟਿਆਲੇ ਵਿਚ ਮਾਰੇ। ਫਿਰ ਜੋ ਰਿਜਨਲ ਫਾਰਮੂਲਾ ਬਣਾਇਆ ਤਾਂ ਇਸ ਤੇ ਕੋਈ ਅਮਲ ਨਹੀਂ ਹੋ ਰਿਹਾ । ਸਾਨੂੰ ਤਾਂ ਪਤਾ ਹੀ ਨਹੀਂ ਸੀ ਕਿ ਰਿਜਨਲ ਫਾਰਮੂਲਾ ਕਿਸ ਜਿੜੀਆ ਦਾ ਨਾਂ ਹੈ । ਜਿਹੜੇ ਆਦਮੀ ਰਿਜਨਲ ਫਾਰਮੂਲਾ ਦੀ ਪਰੋਪੋਜ਼ਲ ਲੈ ਕੇ ਆਏ ਸੀ, ਉਨ੍ਹਾਂ ਦੇ ਇਹ ਸ਼ਬਦ ਸੀ ਕਿ ਰਿਜਨਲ ਫਾਰਮੂਲਾ ਜਿਹੜਾ ਲੈ ਕੇ ਆਏ ਹਾਂ ਇਹ ਤਾਂ ਪੰਜਾਬੀ ਸੂਬੇ ਦਾ ਛੁਹਾਰਾ ਲੈ ਕੇ ਆਏ ਹਾਂ, ਇਹ ਤਾਂ ਸਗਨ ਹੈ ਪੰਜਾਬੀ ਸੂਬੇ ਦਾ । ਤੁਸੀਂ ਇਸ ਨੂੰ ਮੰਨ ਲਓ ਪੰਜਾਬੀ ਸੂਬਾ ਆਪਣੇ ਆਪ ਆ ਜਾਵੇਗਾ । ਮੈਂ ਸਮਝਦਾ ਹਾਂ ਕਿ ਜਿਨ੍ਹਾਂ ਨੇ ਪੰਜਾਬੀ ਸੂਬੇ ਦਾ ਸਗਨ ਰਿਜਨਲ ਫਾਰਮੂਲਾ ਦਸਿਆ ਸੀ, ਉਹ ਵਿਚੋਲੇ ਕਿਧਰੇ ਨਹੀਂ ਲਭਦੇ ਔਰ ਪੰਜਾਬੀ ਸੂਬਾ ਲੈਣ ਵਾਸਤੇ ਤਾਂ ਲੋਕ ਹਾਲੇ ਵੀ ਤਿਆਰ ਹਨ। ਔਰ ਚੇਅਰਮੈਨ ਸਾਹਿਬ, ਤੁਸੀਂ ਸਾਰੇ ਜਾਣਦੇ ਹੋ ਕਿ ਉਹ ਵਿਚੋਲਾ ਗਿਆਨੀ ਕਰਤਾਰ ਸਿੰਘ ਸੀ . . . . .

(*Mr. Speaker in the Chair.*)

ਸ੍ਰੀ ਸਪੀਕਰ: ਸਰਦਾਰ ਲਛਮਣ ਸਿੰਘ ਜੀ, ਥੋੜ੍ਹਾ ਜਿਹਾ ਬਰੀਫ ਹੋ ਜਾਵੋ ਕਿਉਂਕਿ ਇਹ ਜੋ ਬਿਲ ਹੈ ਇਹ ਨਾ ਤਾਂ ਪੰਜਾਬੀ ਦੇ ਬਾਰੇ ਹੈ ਔਰ ਨਾ ਹੀ ਹਿੰਦੀ ਦੇ ਬਾਰੇ ਹੈ। ਤੁਸੀਂ ਤਾਂ ਸਾਰੀ ਹਿਸਟਰੀ ਦਸਣੀ ਸ਼ੁਰੂ ਕਰ ਦਿੱਤੀ ਹੈ। (*Addressing Sardar Lachhman Singh Gill*: The hon. Member is requested to be a little brief in his speech as this Bill is neither about the Punjabi nor about Hindi. The hon. Member has begun to relate the whole history.)

ਸਰਦਾਰ ਲਛਮਣ ਸਿੰਘ ਗਿਲ : ਸਪੀਕਰ ਸਾਹਿਬ, ਮੈਂ ਤਾਂ ਕਹਿੰਦਾ ਹਾਂ ਕਿ ਪੰਜਾਬੀ ਨੂੰ ਕਟਣ ਵਾਸਤੇ ਹੀ ਇਹ ਆਰਡੀਨੈਂਸ ਕਢਿਆ ਗਿਆ ਸੀ।

ਮੈਂ ਤਾਂ ਕਹਿੰਦਾ ਹਾਂ ਕਿ ਤੁਸੀਂ ਦੋ ਵਾਰੀ ਉਕ ਗਏ ਹੋ ਲੇਕਿਨ ਤੀਜੀ ਵਾਰੀ ਨਾ ਉਕੋ। ਮੈਂ ਨੈਸ਼ਨਲਿਸਟ ਹੋਣ ਦਾ ਸਬੂਤ ਦਿੰਦਾ ਹਾਂ ਔਰ ਕਹਿੰਦਾ ਹਾਂ ਕਿ ਪੰਜਾਬ ਵਿਚੋਂ ਰਿਜਨਲ ਫਾਰਮੂਲਾ ਚੁਕ ਲਓ ਔਰ ਇਸ ਚੀਜ਼ ਦਾ ਫੈਸਲਾ ਪੰਜਾਬ ਦੇ ਲੋਕਾਂ ਤੇ ਛੱਡ ਦਿਓ ਕਿ ਉਹ ਕਿਹੜੀ ਜ਼ਬਾਨ ਚਾਹੁੰਦੇ ਨੇ। ਇਸ ਗੱਲ ਦਾ ਫੈਸਲਾ ਉਹ ਆਪ ਕਰ ਲੈਣਗੇ। ਜੇ ਤੁਸੀਂ ਇਸ ਦਾ ਫੈਸਲਾ ਨਹੀਂ ਕਰਦੇ ਤਾਂ ਉਹ ਆਪ ਹੀ ਕਰ ਲੈਣਗੇ। ਕੀ ਹਕ ਹੈ ਆਪ ਨੂੰ ? ਤੁਸੀਂ ਪੰਜਾਬੀ ਰਿਜਨ ਇਸ ਲਈ ਬਣਾਇਆ ਕਿ ਇਸ ਦੇ ਲੋਕ ਪੰਜਾਬੀ ਬੋਲਦੇ ਹਨ ਭਾਵੇਂ ਹਿੰਦੂ ਹਨ ਜਾਂ ਸਿਖ ਹਨ, ਮੁਸਲਮਾਨ ਹਨ ਜਾਂ ਈਸਾਈ। ਮੈਂ ਉਸ ਆਦਮੀ ਨੂੰ ਮੁਜਰਮ ਸਮਝਦਾ ਹਾਂ ਜੋ ਆਪਣੀ ਬੋਲੀ ਨੂੰ ਧਰਮ ਦੇ ਨਾਲ ਜੋੜਦਾ ਹੈ। ਧਰਮ ਦੇ ਨਾਂ ਤੇ ਸੂਬਾ ਮੰਗਣ ਵਾਲੇ ਕਿਸੇ ਆਦਮੀ ਨਾਲ ਸਾਡੀ ਹਮਦਰਦੀ ਨਹੀਂ, ਅਸੀਂ ਕਿਸੇ ਐਸੀ ਜਮਾਤ ਨੂੰ ਰੈਪਰੇਜ਼ੈਂਟ ਨਹੀਂ ਕਰਦੇ, ਅਸੀਂ ਪੰਜਾਬ ਦੇ ਸਾਰੇ ਲੋਕਾਂ ਨੂੰ ਕਹਿੰਦੇ ਹਾਂ ਕਿ ਹਿਮਤ ਕਰੋ ਤੇ ਇਹ ਰਿਜਨ ਤੋੜ ਦਿਓ, ਰਿਜਨਲ ਫਾਰਮੂਲਾ ਤੋੜ ਦਿਓ । ਸਾਰੀ ਗੱਲ ਇਥੋਂ ਦੇ ਲੋਕਾਂ ਤੇ ਛਡ ਦਿਉ । ਤੁਸੀਂ ਆਪਣੀਆਂ ਕੁਰਸੀਆਂ ਕਾਇਮ ਰਖਣ

[ਸਰਦਾਰ ਲਛਮਣ ਸਿੰਘ ਗਿੱਲ]
ਲਈ ਸਾਡੀ ਬੋਲੀ ਵੀ ਤੈ ਕਰ ਦਿਤੀ ਹੈ । ਜਦ ਅਸੀਂ ਕਹਿੰਦੇ ਹਾਂ ਕਿ ਪੰਜਾਬੀ ਸੂਬਾ ਬਣਾ ਦਿਉ ਤਾਂ ਕਿਹਾ ਜਾਂਦਾ ਹੈ ਕਿ ਦੂਜੇ ਜੋ ਪੰਜਾਬੀ ਨਹੀਂ ਬੋਲਦੇ ਉਹ ਦੂਸਰਿਆਂ ਸੂਬਿਆਂ ਨੂੰ ਚਲੇ ਜਾਣਗੇ । ਕਿੰਨੇ ਹੀ ਦੁਖ ਦੀ ਗਲ ਹੈ । ਕੀ 17 ਸਾਲਾਂ ਵਿਚ ਤੁਸੀਂ ਲੋਕਾਂ ਨੂੰ ਇਹੀ ਸਬਕ ਸਿਖਾਇਆ ਹੈ ? ਕੀ ਇੰਨਾਂ ਹੀ ਉਨ੍ਹਾਂ ਨੂੰ ਆਪਣੇ ਮੁਲਕ ਨਾਲ ਪਿਆਰ ਸਿਖਾਇਆ ਹੈ ? ਸਾਲ 1962 ਵਿਚ ਹੱਲਾ ਹੋਇਆ, ਪੰਜਾਬ ਦਾ ਸਿਰ ਉਚਾ ਹੈ ਕਿ ਇਹ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਿਆਰ ਹੋਇਆ ਬਗੈਰ ਕਿਸੇ ਕਿਸਮ ਦੇ ਮਹਜ਼ਬ ਜਾਂ ਮਿਲੱਤ ਦੇ ਖਿਆਲ ਦੇ ਕਿ ਮੁਲਕ ਤੇ ਆਂਚ ਨਹੀਂ ਆਉਣ ਦੇਣੀ । ਪਰ ਤੁਸੀਂ ਇਨ੍ਹਾਂ ਲੋਕਾਂ ਵਿਚ ਝਗੜੇ ਪਾਉਂਦੇ ਹੋ । ਪਹਿਲੇ ਪ੍ਰਾਈਮ ਮਿਨਿਸਟਰ ਸਾਹਿਬ ਨੂੰ ਅਸੀਂ ਮਿਲੇ । ਉਨ੍ਹਾਂ ਨੇ ਮੈਨੂੰ ਕਿਹਾ ਕਿ ਮੇਰੀ ਰਿਕੁਐਸਟ ਹੈ ਕਿ ਤੁਸੀਂ ਪੰਜਾਬੀ ਸੂਬਾ ਨਾ ਮੰਗੋ, ਇਹ ਹਿੰਦੂਆਂ ਲਈ ਅਮੂਮਨ ਤੇ ਸਿਖਾਂ ਲਈ ਖਸੂਸਨ ਬੁਰਾ ਹੈ । ਮੈਂ ਕਈ ਦਫਾ ਕਿਹਾ ਕਿ ਪੰਡਤ ਜੀ ਅਸੀਂ ਤੁਹਾਡਾ ਬੜਾ ਮਾਣ ਕਰਦੇ ਹਾਂ । ਤੁਸੀਂ ਪੰਜਾਬੀ ਸੂਬਾ ਬਣਾਉਣ ਵਿਚ ਕੋਈ ਇਕ ਵੀ ਖਰਾਬੀ ਦਸੋ । ਮੈਂ ਈਮਾਨਦਾਰੀ ਨਾਲ ਕਹਿੰਦਾ ਹਾਂ ਕਿ ਉਨਾਂ ਨੇ ਮੈਨੂੰ ਕਦੇ ਕੋਈ ਖਰਾਬੀ ਨਹੀਂ ਦਸੀ ।

Mr. Speaker ; Please don't make any reference to the Prime Minister.

ਸਰਦਾਰ ਲਛਮਣ ਸਿੰਘ ਗਿੱਲ : ਮੈਂ ਤਾਂ ਸਿਰਫ ਹਵਾਲਾ ਦੇ ਰਿਹਾ ਹਾਂ । ਮੈਂ ਕਹਿੰਦਾ ਹਾਂ ਕਿ ਪੰਜਾਬ ਦੇ ਲੋਕ ਪੰਜਾਬੀ ਨਾਲ ਪਿਆਰ ਕਰਦੇ ਹਨ । ਇਹ ਗਲਤ ਗੱਲ ਹੈ ਕਿ ਜਨ ਸੰਘੀ ਪੰਜਾਬੀ ਨੂੰ ਨਹੀਂ ਮੰਨਦੇ । ਉਨ੍ਹਾਂ ਨੇ ਤਾਂ ਕਿਹਾ ਹੈ ਕਿ ਦਿੱਲੀ ਦੀ ਸੈਕੰਡ ਲੈਂਗੁਏਜ ਪੰਜਾਬੀ ਹੋਣੀ ਚਾਹੀਦੀ ਹੈ ਚੂੰਕਿ ਉਥੇ 30 ਲਖ ਵਿਚੋਂ 7 ਲਖ ਲੋਕ ਪੰਜਾਬੀ ਹਨ । (ਵਿਘਨ) ਇਸ ਲਈ ਮੈਂ ਕਹਿੰਦਾ ਹਾਂ ਕਿ ਤੁਸੀਂ ਪੰਜਾਬੀ ਬੋਲੀ ਦੇ ਆਧਾਰ ਤੇ ਪੰਜਾਬੀ ਰਿਜਨ ਤਾਂ ਬਣਾਇਆ ਹੋਇਆ ਹੀ ਹੈ । ਤਸੀਲਾਂ ਜਾਂ ਜ਼ਿਲ੍ਹਿਆਂ ਦੇ ਝਗੜੇ ਵਿਚ ਨਹੀਂ ਪੈਣਾ ਚਾਹੀਦਾ ਜਿਥੇ ਬੋਲੀ ਪੰਜਾਬੀ ਹੈ ਉਸ ਇਲਾਕੇ ਦਾ ਪੰਜਾਬੀ ਸੂਬਾ ਬਣਾ ਦਿਉ ।

ਫਿਰ ਹਰਿਆਣੇ ਦਾ ਸਵਾਲ ਹੈ । ਤੁਸੀਂ ਪੰਜਾਬੀ ਰਿਜਨ ਵਿਚ ਵੀ ਹਿੰਦੀ ਪੜ੍ਹਾਉਂਦੇ ਹੋ । ਠੀਕ ਹੈ ਮੁਲਕ ਦੀ ਇਕ ਸਾਂਝੀ ਲੈਂਗੁਏਜ ਹੋਣੀ ਚਾਹੀਦੀ ਹੈ ਅਤੇ ਇਹ ਕੋਈ ਫਾਰੇਨ ਲੈਂਗੁਏਜ ਨਹੀਂ ਹੋ ਸਕਦੀ , ਹਿੰਦੀ ਹੀ ਹੋ ਸਕਦੀ ਹੈ । ਇਸੇ ਕਰਕੇ ਅਸੀਂ ਆਪਣੇ ਬਚਿਆਂ ਨੂੰ 17 ਸਾਲ ਹੋ ਗਏ ਹਨ ਹਿੰਦੀ ਪੜ੍ਹਾਉਂਦੇ ਹੋਏ । ਜ਼ਬਾਨ ਦਾ ਮਸਲਾ ਲੋਕਾਂ ਤੇ ਛੱਡ ਦੇਣਾ ਚਾਹੀਦਾ ਹੈ । ਮਦਰਾਸ ਵਿਚ ਹਿੰਦੀ ਦੀ ਮੁਖਾਲਫਤ ਇਸ ਕਰਕੇ ਹੋਈ ਕਿ ਉਥੇ ਕੋਈ ਹਿੰਦੀ ਨਹੀਂ ਬੋਲਦਾ । (ਘੰਟੀ) ਸਪੀਕਰ ਸਾਹਿਬ, ਇਹ ਮੇਰਾ ਰਾਈਟ ਹੈ ਕਿ ਅਗਰ ਮੈਂ ਰੈਲੇਵੈਂਟ ਰਹਾਂ ਤਾਂ ਭਾਵੇਂ 10 ਦਿਨ ਬੋਲਦਾ ਰਹਾਂ । ਮੈਂ ਰੀਕੁਐਸਟ ਕਰਾਂਗਾ ਕਿ ਮੈਨੂੰ ਡਿਸਟਰਬ ਨਾ ਕਰੋ ।

Mr. Speaker: Please do not use these words. I have a right to regulate and control the proceedings.

ਸਰਦਾਰ ਲਛਮਣ ਸਿੰਘ ਗਿੱਲ : I am sorry if you have taken it in that light. ਮੈਂ ਕਹਿ ਰਿਹਾ ਸੀ ਕਿ ਮਦਰਾਸ ਦੇ ਲੋਕਾਂ ਲਈ ਹਿੰਦੀ ਵੈਸੀ ਹੀ ਔਖੀ ਹੈ ਜੈਸੀ ਅੰਗ੍ਰੇਜ਼ੀ ਸਾਡੇ ਲਈ । ਉਨ੍ਹਾਂ ਨੂੰ ਹੱਕ ਸੀ ਕਿ ਅੰਗ੍ਰੇਜ਼ੀ ਨੂੰ ਜਾਰੀ ਰਖਣ, ਤੁਸੀਂ ਤਜਰਬੇ ਕਰਦੇ ਹੋ । ਨਤੀਜਾ ਇਹ ਹੋਇਆ ਕਿ ਕਈ ਬੰਦੇ ਆਪਣੇ ਤੇ ਪੈਟਰੋਲ ਪਾਕੇ ਸੜੇ ਕਿਉਂਕਿ ਰਾਸ਼ਟਰਪਤੀ ਉਥੇ ਦਾ ਸੀ ਤੇ ਪਾਵਰਫੁਲ ਆਦਮੀ ਸੀ, ਕਾਂਗਰਸ ਆਰਗੇਨਾਈਜੇਸ਼ਨ ਦਾ ਸਦਰ ਵੀ ਤਾਕਤਵਰ ਆਦਮੀ ਹੈ ਸੈਂਟਰ ਵਿਚ...................

Education and Local Government Minister : Mr. Speaker, on a point of order. The hon. Member, Sardar Lachhman Singh Gill, while discussing the Language Bill has all along been referring to the President of India and the Congress Organisation. This is not proper. It would be better if these things are not brought in. If some body from this side of the House referred to their organisations then it will not be a good thing for the House.

Mr. Speaker : It would be better if the hon. Member does not make any reference to organisations.

ਸਰਦਾਰ ਲਛਮਣ ਸਿੰਘ ਗਿੱਲ : ਮੈਂ ਕਹਿੰਦਾ ਹਾਂ ਕਿ ਜਿਨ੍ਹਾਂ ਦੇ ਹਥ ਵਿਚ ਰਾਜ ਪ੍ਰਬੰਧ ਤੇ ਆਰਗੇਨਾਈਜੇਸ਼ਨ ਸੀ ਉਨ੍ਹਾਂ ਨੇ ਰੁਖ ਬਦਲ ਲਿਆ ਅਤੇ ਤੁਸੀਂ ਇਥੇ ਕੇਰਲ ਤੇ ਮਦਰਾਸ ਨੂੰ ਫਾਲੋ ਕੀਤਾ । ਇਹ ਕੋਈ ਚੰਗਾ ਕੰਮ ਨਹੀਂ ਕੀਤਾ । ਮੈਂ ਤਾਂ ਹਰਿਆਣਾ ਵਾਲਿਆਂ ਨੂੰ ਕਹਾਂਗਾ ਕਿ ਤੁਸੀਂ ਤਾਂ ਪੰਜਾਬ ਦਾ ਹਿੱਸਾ ਹੀ ਨਹੀਂ ਹੋ । ਹਿੰਦੀ ਤੇ ਪੰਜਾਬੀ ਰਿਜਨ ਜੋ ਬਣਾਏ ਗਏ ਹਨ ਇਸੇ ਕਰਕੇ ਕਿ ਇਨ੍ਹਾਂ ਦਾ ਆਪੋ ਵਿਚ ਕੋਈ ਤਅਲੱਕ ਨਹੀਂ ਹੈ । ਇਹ ਤਾਂ ਹਰਿਆਣੇ ਵਾਲਿਆਂ ਨੂੰ ਸਜ਼ਾ ਦੇਣੀ ਸੀ, ਯੂ. ਪੀ. ਤੇ ਰਾਜਸਥਾਨ ਨਾਲੋਂ ਕਟ ਕੇ ਪੰਜਾਬ ਨਾਲ ਜੋੜ ਦਿਤਾ । ਇਨ੍ਹਾਂ ਦੇ ਰੰਗ ਢੰਗ, ਊਠਕ ਬੈਠਕ ਸਭ ਯੂ. ਪੀ. ਦੇ ਲੋਕਾਂ ਵਰਗੇ ਹਨ । ਇਨ੍ਹਾਂ ਨੂੰ ਕਿਉਂ ਪੰਜਾਬ ਵਿਚ ਠੋਸਿਆ ਹੋਇਆ ਹੈ । ਅਸੀਂ ਸੈਂਟਰ ਦੀ ਲੈਂਗੁਏਜ ਹਿੰਦੀ 17 ਸਾਲ ਬਚਿਆਂ ਨੂੰ ਪੜ੍ਹਾਈ ਹੁਣ ਇਕ ਨਵੀਂ ਲੈਂਗੁਏਜ ਲੈ ਆਏ ਹਨ ਅੰਗਰੇਜ਼ੀ । ਇਸ ਤਰ੍ਹਾਂ ਡਿਸਟਰਬੈਂਸ ਹੁੰਦੀ ਹੈ । ਹਿੰਦੀ ਬੜੀ ਸੋਹਣੀ ਤੇ ਮਿਠੀ ਜ਼ਬਾਨ ਹੈ ਯੂ. ਪੀ. ਤੇ ਰਾਜਸਥਾਨ ਦੀ । ਇਸ ਵਿਚ ਨਜ਼ਮਾਂ ਵਗੈਰਾ ਸੁਣਦੇ ਹਾਂ ਤਾਂ ਰਸ ਆਉਂਦਾ ਹੈ। ਮੇਰੀ ਈਮਾਨਦਾਰਾਨਾ ਰਾਏ ਹੈ ਕਿ ਹਰਿਆਣੇ ਦਾ ਪੰਜਾਬ ਨਾਲ ਕੋਈ ਤਅੱਲੁਕ ਨਹੀਂ ਹੈ । ਇਨ੍ਹਾਂ ਦੀ ਹਾਲਤ ਤੇ ਰਹਿਮ ਕਰੋ ਅਤੇ ਯੂ. ਪੀ. ਜਾਂ ਰਾਜਸਥਾਨ ਨਾਲ ਜੋੜ ਦਿਉ । ਹਿੰਦੀ ਦਾ ਗਲਾ ਨਾ ਘੁਟੋ ਉਥੇ ਦੇ ਲੋਕਾਂ ਨੂੰ ਹਿੰਦੀ ਪੜ੍ਹਨ ਦਿਉ । ਉਸ ਇਲਾਕੇ ਨਾਲ ਜੋ ਡਿਸਕ੍ਰਿਮੀਨੇਟਰੀ ਸਲੂਕ ਹੁੰਦਾ ਰਿਹਾ ਹੈ ਉਸਨੂੰ ਬੰਦ ਕਰੋ, ਤਦ ਹੀ ਉਸ ਇਲਾਕੇ ਦੀ ਬੈਕਵਰਡਨੈਸ ਦੂਰ ਕੀਤੀ ਜਾ ਸਕਦੀ ਹੈ । ਤੁਸੀਂ ਝਗੜਾ ਇਸ ਕਰਕੇ ਪੈਦਾ ਕਰਦੇ ਹੋ ਕਿ ਤੁਹਾਡੀਆਂ ਕੁਰਸੀਆਂ ਮਜ਼ਬੂਤ ਰਹਿ ਸਕਣ ਇਹ ਤਾਂ ਹੀ ਕਾਇਮ ਰਹਿਣਗੀਆਂ ਜੇ ਹਿੰਦੀ ਤੇ ਪੰਜਾਬੀ ਰਿਜਨਾਂ ਦਾ ਝਗੜਾ ਪੈਦਾ ਕੀਤਾ ਜਾਵੇ ।

ਜੇ ਦੇਸ਼ ਦੀ ਸੇਵਾ ਅੰਤੇ ਬੋਲੀ ਦੀ ਸੇਵਾ ਕਰਨੀ ਹੈ ਤਾਂ ਹਰਿਆਣੇ ਨੂੰ ਅਲਗ ਕਰ ਦਿਤਾ ਜਾਵੇ । ਜੇਕਰ ਉਨ੍ਹਾਂ ਦੀ ਖਾਹਿਸ਼ ਹੋਵੇ ਤੇ ਉਹ ਯੂ.ਪੀ. ਨਾਲ ਮਿਲ ਜਾਣ ਨਾ ਖਾਹਿਸ਼ ਹੋਵੇ ਤੇ ਆਪਣੀ ਵਖਰੀ ਸਟੇਟ ਬਣਾ ਲੈਣ ਤਾਂ ਜੋ ਉਨ੍ਹਾਂ ਦੀ ਬੋਲੀ ਫਲ ਫੁਲ ਸਕੇ ਅਤੇ ਇਸ ਤਰ੍ਹਾਂ ਹਰਿਆਣਾ ਸ਼ਾਨਦਾਰ ਤਰੀਕੇ ਨਾਲ ਚਲ ਸਕੇਗਾ ।

ਜੇਕਰ ਹਰਿਆਣੇ ਦੇ ਲੋਕਾਂ ਨੂੰ ਇਸ ਗੱਲ ਦਾ ਸ਼ੌਕ ਹੋਵੇਗਾ ਕਿ ਪੰਜਾਬੀ ਸਟੇਟ ਵਿਚ ਜਾ ਕੇ ਨੌਕਰੀ ਕਰਨੀ ਹੈ ਤਾਂ ਉਨ੍ਹਾਂ ਨੂੰ ਲਾਜ਼ਮੀ ਪੰਜਾਬੀ ਪੜ੍ਹਨੀ ਪਏਗੀ। ਅਤੇ ਪੰਜਾਬੀ ਸੂਬੇ ਦੀ ਬੋਲੀ ਸੈਕਰੇਟੈਰੀਅਟ, ਹਾਈ ਕੋਰਟ ਦੀ ਅਤੇ ਹੇਠਾਂ ਤਕ ਪੰਜਾਬੀ ਹੋਵੇ। ਪੰਜਾਬੀ ਤੋਂ ਬਗੈਰ ਨਹੀਂ ਹੋ ਸਕਦੀ। ਅਗਰ ਹਰਿਆਣੇ ਵਾਲਿਆਂ ਨੇ ਆਈ.ਏ.ਐਸ. ਵਿਚ ਜਾਂ ਹੋਰ ਸਰਵਿਸਾਂ ਵਿਚ ਇਧਰ ਆਉਣਾ ਹੋਏ ਤਾਂ ਉਨ੍ਹਾਂ ਨੂੰ ਆਪਣੀ ਗਰਜ਼ ਲਈ ਪੰਜਾਬੀ ਪੜ੍ਹਨੀ ਪਵੇਗੀ। ਇਸੇ ਤਰ੍ਹਾਂ ਹੀ ਲੈਂਗੁਏਜ ਤਰਕੀ ਕਰ ਸਕਦੀ ਹੈ । ਜੋ ਤਜਰਬਾ ਪਿਛਲੀ ਸਰਕਾਰ ਨੇ ਕੀਤਾ ਸੀ ਅਤੇ ਉਸ ਸਮੇਂ ਵੀ ਅਕਲਮੰਦ ਆਦਮੀਆਂ ਦੀ ਰਾਏ ਨਹੀਂ ਸੀ ਲਈ ਗਈ ਅਤੇ ਉਨ੍ਹਾਂ ਦੀ ਰਾਏ ਨੂੰ ਵਜ਼ਨ ਨਹੀਂ ਸੀ ਦਿਤਾ ਗਿਆ ਅਤੇ ਬੰਦਰ ਬਾਂਟ ਕਰ ਦਿਤੀ ਸੀ, ਰਿਜਨਲ ਫਾਰਮੂਲਾ ਬਣਾ ਦਿਤਾ ਗਿਆ, ਸਿਰਫ ਦੋ ਤਿੰਨ

[ਸਰਦਾਰ ਲਛਮਣ ਸਿੰਘ ਗਿੱਲ]
ਕੁਰਸੀਆਂ ਕਾਇਮ ਰਖਣ ਲਈ। ਅਤੇ ਇਕ ਪੰਜਾਬੀ ਯੂਨੀਵਰਸਟੀ ਇਥੇ ਬਣਾ ਦਿਤੀ ਗਈ! ਮੈਂ ਇਸ ਨੂੰ ਯੂਨੀਵਰਸਟੀ ਨਹੀਂ ਕਹਿੰਦਾ ਇਹ ਤਾਂ ਇਕ ਮਦਰਸਾ ਹੈ ਜਿਸ ਨੂੰ ਕੇਵਲ 10-12 ਮੀਲ ਦੇ ਇਲਾਕੇ ਦੀਆਂ ਹੱਦਾਂ ਨਾਲ ਸੀਮਤ ਕਰ ਦਿਤਾ ਗਿਆ ਹੈ। ਇਸ ਤਰ੍ਹਾਂ ਕਰਕੇ ਇਕ ਭਾਰੀ ਮੰਗ ਦੀ ਅਤੇ ਇਨੋਸੈਂਟ ਲੋਕਾਂ ਦੀ ਜ਼ਬਾਨ ਬੰਦੀ ਕਰ ਦਿਤੀ ਗਈ ਸੀ। ਇਸ ਦੇ ਨਾਲ ਤਾਂ ਮੈਂ ਸਮਝਦਾ ਹਾਂ ਕਿ ਫਿਰਕਾਪ੍ਰਸਤੀ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਅਤੇ ਇਹ ਇਕ ਪਾਵਰਫੁੱਲ ਇਨਸਾਨ ਨੇ ਇਸ ਤਰ੍ਹਾਂ ਕਰਵਾ ਲਿਆ। ਜੇਕਰ ਹਿੰਦੀ ਨੈਸ਼ਨਲ ਲੈਂਗੁਏਜ ਹੈ ਤਾਂ ਫਿਰ ਹਿੰਦੀ ਯੂਨੀਵਰਸਟੀ ਕੁਰੁਕਸ਼ੇਤਰ ਵਿਚ ਕਾਇਮ ਕਰਨ ਦੀ ਕੀ ਲੋੜ ਸੀ। ਇਸ ਤਰ੍ਹਾਂ ਫਿਰਕਾ-ਪ੍ਰਸਤੀ ਦੀ ਨੀਂਹ ਪੰਜਾਬ ਵਿਚ ਪੱਕੀ ਕਰ ਦਿਤੀ ਗਈ। ਇਸੇ ਤਰ੍ਹਾਂ ਦੂਜੇ ਪਾਸੇ ਪੰਜਾਬੀ ਯੂਨੀਵਰਸਟੀ ਨੂੰ ਕਾਇਮ ਕਰਕੇ ਇਕ ਸੈਕੰਡ ਫਿਰਕਾਪ੍ਰਸਤੀ ਦੀ ਨੀਂਹ ਰਖ ਦਿਤੀ ਗਈ। ਇਸ ਤਰ੍ਹਾਂ ਦੀ ਫਿਰਕਾਪ੍ਰਸਤੀ ਨੂੰ ਦੂਰ ਕਰਨ ਲਈ ਦੋਨੋ ਇਨਡੀਪੈਂਨਡੈਂਟ ਸੂਬੇ ਬਣਾਉਣ ਨਾਲ ਇਹ ਫਿਰਕਾਪ੍ਰਸਤੀ ਦੂਰ ਹੋ ਸਕਦੀ ਹੈ ਅਤੇ ਪੰਜਾਬੀ ਜੋ ਭਾਰਤ ਦੀਆਂ 14 ਬੋਲੀਆਂ ਵਿਚੋਂ ਇਕ ਲੈਂਗੁ-ਏਜ ਹੈ ਉਸ ਦੇ ਵਿਕਾਸ ਕਰਨ ਦਾ ਮੌਕਾ ਮਿਲ ਸਕਦਾ ਹੈ। ਹਰ ਸ਼ਹਿਰੀ, ਹਰ ਦੇਸ਼ ਵਾਸੀ ਇਸ ਗੱਲ ਦੀ ਮੰਗ ਕਰ ਰਿਹਾ ਹੈ ਕਿ ਅਸਾਡੇ ਨਾਲ ਇਨਸਾਫ ਕੀਤਾ ਜਾਵੇ ਇਸ ਸੂਬੇ ਦੀ ਮੰਗ ਕਿਸੇ ਹੋਰ ਕਿਸਮ ਦੇ ਅਧਾਰ ਤੇ ਨਹੀਂ ਕੀਤੀ ਜਾ ਰਹੀ ਬੋਲੀ ਦੇ ਆਧਾਰ ਤੇ ਹੈ ਅਤੇ ਫਿਰਕਾਪ੍ਰਸਤੀ ਨੂੰ ਦੂਰ ਕਰਨ ਵਾਸਤੇ ਹੈ। ਇਸ ਨਾਲ ਹੀ ਦੇਸ਼ ਖੁਸ਼ ਅਤੇ ਸੁਖੀ ਹੋ ਸਕਦਾ ਹੈ ਅਤੇ ਇਸ ਨਾਲ ਤਰੱਕੀ ਹੋ ਸਕਦੀ ਹੈ। ਹਰਿਆਣੇ ਵਾਲਿਆਂ ਦੀ ਜੋ ਮਰਜ਼ੀ ਹੋਵੇ ਕਰਨ। ਯੂ.ਪੀ. ਨਾਲ ਜਾਣਾ ਚਾਹੁਣ ਤਾਂ ਉਨ੍ਹਾਂ ਤੇ ਕੋਈ ਰੋਕ ਨਹੀਂ ਹੋਣੀ ਚਾਹੀਦੀ। ਅਤੇ ਇਹ ਜ਼ਰੂਰੀ ਨਹੀਂ ਕਿ ਪੰਜਾਬੀ ਨੂੰ ਉਨ੍ਹਾਂ ਦੇ ਰਿਜਨ ਵਿਚ ਠੋਸਿਆ ਜਾਵੇ। ਇਸ ਤਰ੍ਹਾਂ ਹਿੰਦੀ ਦੀ ਕੋਈ ਜ਼ਰੂਰਤ ਨਹੀਂ ਕਿ ਪੰਜਾਬੀ ਰਿਜਨ ਤੇ ਠੋਸਿਆ ਜਾਵੇ। ਜੇਕਰ ਠੋਸੋਗੇ ਤਾਂ ਸਾਫ ਜ਼ਾਹਿਰ ਹੋ ਜਾਵੇਗਾ ਕਿ ਤੁਸੀਂ ਕਿੰਨੇ ਦੇਸ਼ ਭਗਤੀ ਦੇ ਦਾਹਵੇਦਾਰ ਹੋ। ਜਿਵੇਂ ਕਿ ਸੋਸ਼ਲਿਸਟ ਪਾਰਟੀ ਦੇ ਵਾਹਦ ਨੇਤਾ ਚੌਧਰੀ ਨੇਤ ਰਾਮ ਨੇ ਕਿਹਾ ਹੈ ਅਤੇ ਠੀਕ ਕਿਹਾ ਹੈ ਕਿ ਇਹ ਸਰਕਾਰ ਦੇਸ਼ ਭਗਤ ਹੋਣ ਦਾ ਦਾਹਵਾ ਕਰਦੀ ਹੈ ਪਰ ਹਕੀਕਤ ਵਿਚ ਅਮਲ ਨਹੀਂ ਕਰਦੀ। ਅਤੇ ਇਹ ਗੱਲ ਕਿਸੇ ਆਰਗੇਨਾਇਜ਼ੇਸ਼ਨ ਲਈ ਸ਼ਰਮ ਦੀ ਹੈ ਕਿ ਉਹ ਦੇਸ਼ ਨਾਲ ਪਿਆਰ ਰਖਦੀ ਹੋਈ ਕਿਸੇ ਫਾਰੇਨ ਲੈਂਗੁਏਜ ਨੂੰ ਇਕ ਗੈਰ ਮੁਲਕ ਦੀ ਬੋਲੀ ਨੂੰ ਆਪਣੇ ਦੇਸ਼ ਵਿਚ ਲਾਗੂ ਕਰਨ ਅਤੇ ਕਾਇਮ ਰਹਿਣ ਦੇਣ। ਜੇਕਰ ਇਸ ਤਰ੍ਹਾਂ ਕੀਤਾ ਜਾਵੇ ਤਾਂ ਇਸ ਸਰਕਾਰ ਨੂੰ ਬੋਲੀ ਦਾ ਕਾਤਲ ਗਰਦਾਨਿਆ ਜਾ ਸਕਦਾ ਹੈ। ਇਹ ਲੋਕਾਂ ਨਾਲ ਭਾਰੀ ਬੇਇਨਸਾਫੀ ਹੋਏਗੀ ਜੇਕਰ ਫਾਰੇਨ ਲੈਂਗੁਏਜ ਨੂੰ ਇਥੇ ਰਹਿਣ ਦਿਤਾ ਗਿਆ। ਅਸਾਡੀ ਜ਼ਬਾਨ ਪੰਜਾਬੀ ਵੀ ਭਾਰਤ ਦੀਆਂ 14 ਪਰਮਾਣਿਤ ਬੋਲੀਆਂ ਵਿਚੋਂ ਹੈ। ਇਸ ਲਈ ਇਸ ਨਾਲ ਈਮਾਨਦਾਰੀ ਨਾਲ ਸਲੂਕ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਨੂੰ ਪਰਾਪਰ ਥਾਂ ਦਿਤੀ ਜਾਣੀ ਚਾਹੀਦੀ ਹੈ, ਨਹੀਂ ਤਾਂ ਘਰ ਘਰ ਵਿਚ ਇਸ ਗੱਲ ਲਈ ਐਜੀਟੇਸ਼ਨ ਹੋਵੇਗੀ। ਲੋਕ ਮਾਯੂਸ ਹੋਣਗੇ। ਉਹੋ ਤਜਰਬੇ ਕਰਨ ਲਈ ਮਜਬੂਰ ਹੋਣਗੇ ਜੋ ਮਦਰਾਸ ਅਤੇ ਮਹਾਰਾਸ਼ਟਰ ਵਿਚ ਕੀਤੇ ਗਏ। ਮਦਰਾਸ ਨਾਲੋਂ ਅਸਾਡੀ ਸਟੇਟ ਦੀ ਪੋਜ਼ੀਸ਼ਨ ਬਿਹਤਰ ਹੈ ਕਿ ਇਥੇ ਦੇ ਲੋਕੀਂ ਹਿੰਦੀ ਅਤੇ ਪੰਜਾਬੀ ਜਾਣਦੇ ਹਨ ਇਸ ਲਈ ਤੁਹਾਨੂੰ ਮੌਕਾ ਮਿਲਿਆ ਹੈ ਕਿ ਦੇਸ਼ ਦੀ ਲੈਂਗੁਏਜ ਨੂੰ ਜੋ ਹਿੰਦੀ ਹੈ ਰਹਿਣ ਦਿਤਾ ਜਾਵੇ ਅਤੇ ਅੰਗ੍ਰੇਜ਼ੀ ਦਾ ਥਾਂ ਰਿਪਲੇਸ ਕਰ ਦਿਤਾ ਜਾਵੇ। ਮੈਂ ਮੰਨਦਾ ਹਾਂ ਕਿ ਨੈਸ਼ਨਲ ਲੈਂਗੁਏਜ ਨੂੰ ਤਰੱਕੀ ਦੇਣੀ ਚਾਹੀਦੀ ਹੈ। ਜੇਕਰ ਬਾਹਰਲੇ ਦੇਸ਼ ਦੀ ਬੋਲੀ ਨੂੰ ਇਥੇ ਥਾਂ ਦਿਤੀ ਗਈ ਤਾਂ ਤੁਸੀਂ ਆਪਣੇ ਲੋਕਾਂ ਨਾਲ ਅਤੇ ਆਪਣੇ ਦੇਸ਼ ਦੀਆਂ ਬੋਲੀਆਂ ਨਾਲ ਕਦੇ ਵੀ ਇਨਸਾਫ ਨਹੀਂ ਕਰ ਸਕਦੇ। ਦੇਸ਼ ਵਿਚ ਕਦੇ ਸ਼ਾਂਤੀ ਨਹੀਂ ਹੋਵੇਗੀ। ਇਸ ਲਈ ਮੈਂ ਅੰਗ੍ਰੇਜ਼ੀ ਦੀ ਵਿਰੋਧਤਾ ਕਰਦਾ ਹਾਂ।

ਹਿੰਦੀ ਅਸਾਡੇ ਦੇਸ਼ ਵਿਚ ਪਿਛਲੇ 17 ਸਾਲਾਂ ਤੋਂ ਪਰਚਲਤ ਹੈ ਅਤੇ ਅਸੀਂ ਇਹ ਸਿਖ ਲਈ ਹੈ ਅਸਾਡੇ ਬਚਿਆਂ ਨੇ ਇਸ ਨੂੰ ਚੰਗੀ ਤਰ੍ਹਾਂ ਨਾਲ ਸਿਖ ਲਿਆ ਹੈ । ਇਸ ਲਈ ਸਾਊਥ ਦੇ ਡਰ ਕਰਕੇ ਨੈਸ਼ਨਲ ਲੈਂਗੁਏਜ ਦੀ ਥਾਂ ਨਾ ਦੇਣੀ ਮੁਨਾਸਿਬ ਨਹੀਂ । ਹਿੰਦੀ ਨੂੰ ਪਰਾਪਰ ਥਾਂ ਦੇਣੀ ਚਾਹੀਦੀ ਹੈ ਕਿਉਂਕਿ ਇਹ ਨੈਸ਼ਨਲ ਜ਼ਬਾਨ ਹੈ ।

ਪ੍ਰਿੰਸੀਪਲ ਰਲਾ ਰਾਮ : ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ । ਸਰਦਾਰ ਲਛਮਣ ਸਿੰਘ ਗਿਲ ਅਤੇ ਸਰਦਾਰ ਗੁਰਨਾਮ ਸਿੰਘ ਨੇ ਮੇਰੇ ਬਾਰੇ ਵਿਚ ਫਰਮਾਇਆ ਹੈ ਕਿ ਮੈਂ ਪੰਜਾਬੀ ਰਿਜਨਲ ਕਮੇਟੀ ਦਾ ਚੇਅਰਮੈਨ ਹਾਂ ਪਰ ਪੰਜਾਬੀ ਵਿਚ ਨਹੀਂ ਬੋਲਦਾ ਹਾਂ ਇਸ ਲਈ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਪੰਜਾਬੀ ਰਿਜਨਲ ਕਮੇਟੀ ਵਿਚ ਮੈਂ ਹਮੇਸ਼ਾਂ ਹੀ ਪੰਜਾਬੀ ਵਿਚ ਬੋਲਦਾ ਹਾਂ ਪਰ ਕਿਉਂਕਿ ਮੈਨੂੰ ਪੰਜਾਬੀ ਬੋਲਣ ਦਾ ਅਭਿਆਸ ਘਟ ਹੈ ਇਸ ਲਈ ਕਈ ਵੇਰ ਹਿੰਦੀ ਵਿਚ ਬੋਲਦਾ ਹਾਂ ਅਤੇ ਮੈਂ ਇਹ ਸਮਝਦਾ ਹਾਂ ਕਿ ਜੇਕਰ ਪੰਜਾਬੀ ਰਿਜਨ ਵਿਚ ਹਿੰਦੀ ਵਿਚ ਅਤੇ ਹਿੰਦੀ ਰਿਜਨ ਵਿਚ ਪੰਜਾਬੀ ਵਿਚ ਬੋਲਿਆ ਜਾਵੇ ਤਾਂ ਯਕਜਹਿਤੀ ਵਧੇਗੀ ।

Finance Minister : Sir, I beg to move that the question be now put.

श्री अध्यक्ष : एक दो मेम्बरों को और बोलने दें बाद में इस को टेक अप कर लेंगे। (Let one or two more hon. Members speak and thereafter this question may be taken up.)

चौधरी रणबीर सिंह : स्पीकर साहिब मेरा एक व्यवस्था प्रश्न है कि आप ने अभी फरमाया है कि इस बिल पर दो तीन तकरीरों के हो जाने के बाद आप इस बहस को खत्म करना चाहते हैं। यह अहम सवाल है, इस लिए, स्पीकर साहिब, मैं आप से दरखास्त करूंगा कि इस पर जितने भी मेम्बर बोलना चाहते हैं उन्हें बोलने दिया जाए और जितना समय लेना चाहें लें । ज़बान के बारे में रोज़ झगड़ा होता है । इस लिए इस बात की जिम्मेवारी हमें नहीं लेनी चाहिए कि उन्हें बोलने भी नहीं दिया गया । इस लिए मैं आप से प्रार्थना करूंगा कि जितने भी मेम्बर इस बिल पर बोलना चाहें बोलने दिया जाए । और कोई क्लोज़र मोशन टेक अप ना किया जाए ।

Mr. Speaker : And that is why I have not taken up the closure motion at this stage.

चौधरी देवी लाल (फतेहाबाद) : स्पीकर साहिब, आज आफिश्यल लेंगवेजिज़ (अमैंडमेंट) बिल पर बहस हो रही है और इस की ज़रूरत इस वास्ते मासूस की गई कि पहले यह फैसला किया गया था कि 26 जनवरी, 1965 के बाद अंग्रेजी आफिशल लेंगुवेज हाउस के लिए नहीं रहेगी । भारत सरकार की भाषा हिन्दी होगी, इस ज़बान के मसला ने हालात को बहुत पेचीदा कर दिया है । मद्रास में जो हालात हुए वह बहुत बुरे हैं । जहां तक हिन्दी को नैशनल लेंगुवेज बनाने का सम्बन्ध है इस को साऊथ वाले नहीं समझते इस लिए वह इस बिल की मुखालफित करते हैं क्योंकि वह हिन्दी जानते नहीं और ना ही पढ़ सकते हैं । इस लिए अगर वहां पर अंग्रेजी रायज कर दें तो बात समझ में आ सकती है लेकिन उतरी भारत में हिन्दी भाषा को सब जानते हैं, पंजाब में भी सब इसे समझते और जानते हैं, तो फिर कोई वजह नज़र नहीं आती

[चौधरी देबी लाल]

कि अंग्रेजी को दोबारा चालू किया जाए । अंग्रेजी को चालू रखने की ज़रूरत क्यों महसूस हुई । इस लिए ताकि राजसत्ता अपने हाथ में रखी जाए । पहले यह फैसला इसी सरकार ने किया था सेंटर में कि 26 जनवरी 1965 के बाद हिन्दी भाषा को रखा जाएगा । लेकिन अब हर तरफ के खास प्रेशर से कई तरह के इन्ट्रेस्टों के दबाव से इस तरह का फैसला किया गया है और फिर इसे दोबारा शुरू किया जा रहा है । भाषा का मसला एक राजनैतिक मसला बन गया है । और इस पर हमेशा राजनैतिक दबाव डालते रहे हैं । हालांकि इस मसले पर गंम्भीरता से विचार करना चाहिए था । और फैसला करना चाहिए था । जहां तक हमारे सूबे का तअल्लुक है इस भाषा के मसले के बारे में यहां पर सच्चर फारमूला लाया गया इस मसले को हल करने के लिए रिजनल फारमूला भी आया लेकिन उस पर सही तौर से अमल न किया गया । जहां तक रिजनल फारमूला का तालुक है इस में सिवाए रिजनल कमेटियों पर आने के लिए मेम्बरों को टी. ए. देने का प्रबन्ध कर दिया जाए और किसी भी बात पर आज तक अमल नहीं किया गया ।

आज हालत यह है कि पंजाबी रिजनल कमेटी वाले भी दुखी हैं और हिन्दी रिजन कमेटी वाले भी दुखी हैं। समझ में नहीं आता कि आखिर इन रिजनल कमेटीज़ की ज़रूरत ही क्या है। अगर सारे पंजाब पर नज़र डाली जाये तो इसके एक तरफ गुड़गावां, दिल्ली, करनाल और रोहतक हैं, ऊपर की तरफ हिमाचल के पहाड़ी इलाके हैं और इस के इधर पंजाबी बोलते इलाके हैं। यह समझ नहीं आई कहीं पर हिन्दी है, कहीं पर पंजाबी के लिये जोर दिया जा रहा है और आज यहां पर अंग्रेज़ी के लिये भी कहा जाता है । यह मुआमला मेरी समझ में नहीं आया कि आखिर यह सारा सिलसिला है क्या ? पहले मैं यह ख्याल करता था कि यह एक अकाली पार्टी की एक पुलीटीकल चाल है जो हिन्दी और पंजाबी के आधार पर हरियाणा को अलग रखकर, हम पर इस तरह का दबाव डाल रहे हैं। मगर आज जसटिस गुरनाम सिंह की स्पीच सुनन के बाद यह बात साफ है कि हरियाणे वाले कहते हैं उधर हरियाणवी ही रहे पंजाबी न ठोसी जाये और पंजाबी बोली के इलाके में पंजाबी ही रहे हिन्दी न ठोसी जाये। मगर जैसे कि आज जिस तरह की चीज़ें हमारे सामने रख रहे हैं इस से साफ ज़ाहिर है कि इस में किसी का कोई कसूर नहीं, यह तो एक राज्य करने वाली पार्टी अपना राज्य सत्ता को कायम रखने के लिये ऐसा कर रही है। जब वह पंजाब में रहने वाले सिखों की यह मांग थी कि उन के इलाका में महज़ पंजाबी बोली को बढ़ावा दिया जाये और हिन्दी बोलो वालों ने हिन्दी की मांग की थी तो फिर यह आज किस तरह का मज़ाक उन लोगों के साथ कर रहे हैं।

यहां पर एच. आर. सी. की रिपोर्ट पर जब बहस हुई तो यहां पर एक मैम्बर ने कहा था कि हरियाणा के इलाके के लोगों के साथ सौतीली मां का स्लूक किया जाता है। मैं कहता हूं कि यह भाषा का कोई सवाल नहीं है अगर. ऐसे होता तो दोनों भाषाओं का अपने अपने इलाके में डीवैल्प होने पर किसी को क्या इतराज़ हो सकता है। यह सब

तो इन की अपनी सत्त को बरकरार रखने का सवाल है । आप देखें कि आज हरियाणे का इतना बड़ा इलाका इस तरह से इन्हीं ने इग्नोर किया हुआ है। इस इलाके के साथ कभी हिन्दी के नाम पर और कभी हिन्दू के नाम पर इतना बड़ा अत्याचार किया जा रहा है, ज़ुल्म किया जा रहा है कि उनकी किसी भी क्षेत्र में कोई भी आवाज़ सुनी नहीं जाती। न मुलाज़मों के अन्दर हमारी कोई आवाज़ है, इस कैबिनट में नज़र डालें तो हमारी कोई आवाज़ नहीं है। हम अगर अपने बच्चों को मात्री भाषा पढ़ाने की भी कोई कोशिश करते हैं तो हम पर पंजाबी ठोसी जाती है। मैं समझता हूं कि अगर यह पूरी सूझ-बूझ और ईमानदारी से काम लेते तो आज इस बिल के लाने की ज़रूरत ही न थी। दूसरे सूबों में जब यह काम आसानी से चलाये जा रहे हैं तो पंजाब में क्यों नहीं इन दोनों भाषाओं से काम लिये जाते। उत्तरी भारत में पंजाबी और हिन्दी को दोनों समझते हैं फिर इस वक्त इंगलिश लादने की ज़रूरत ही क्यों समझी जाती है। बदकिस्मती तो इस बात की है कि इस देश की हकूमत को चलाने वाली हस्तियां सारी बात को सोचती और समझती नहीं जब कि बार बार इस के नतीजे उन के सामने आ रहे हैं। आप देखें कि महाराष्ट्र में क्या हुआ। * * * *
* * * * * * * * *
* * * * * * * * *

ਚੌਧਰੀ ਦਰਸ਼ਨ ਸਿੰਘ : On a point of order, Sir. ਚੌਧਰੀ ਦੇਵੀ ਲਾਲ ਜੀ ਨੇ ਪਿਛਲੇ ਮਨਿਸਟਰਾਂ ਦਾ ਨਾਉਂ ਲੈ ਕੇ ਮੌਜੂਦਾ ਮਨਿਸਟਰਾਂ ਨੂੰ ਬੁਰਾ ਕਿਹਾ ਹੈ। ਮੈਂ ਆਪਦਾ ਇਸ ਗਲ ਤੇ ਰੂਲਿੰਗ ਚਾਹੁੰਦਾ ਹਾਂ ਕਿ ਕੀ ਸੈਂਟਰ ਦੇ ਮੈਂਬਰਾਂ ਦਾ ਨਾਉਂ ਲੈ ਕੇ ਮੌਜੂਦਾ ਮਨਿਸਟਰੀ ਨਾਲ ਟਾਕਰਾ ਕਰਦੇ ਹੋਏ ਇਸ ਮਨਿਸਟਰੀ ਨੂੰ ਮਿਨੀਮਾਈਜ਼ ਕਰ ਸਕਦਾ ਹੈ। ਅਤੇ ਕੀ ਉਨ੍ਹਾਂ ਨੂੰ ਏਥੇ ਡਿਸਕਸ ਕੀਤਾ ਜਾ ਸਕਦਾ ਹੈ ? I would like to have your ruling whether this House can discuss or minimise the Central Ministers ?

Mr. Speaker : I have not heard that. But if the hon. Member has criticised the Central Ministers, that will not form part of the proceedings of the House. It will be expunged.

चौधरी देवी लाल : दर असल भाषा के मसले को हल करना हमारी सैन्टर की सरकार का काम है क्योंकि इसको हल करने के लिये कंस्टीट्यूशन को अमैंड करने का सवाल है। यही वजह है कि इन को आर्डीनैन्स लागू करने पड़ते हैं। मगर बदकिस्मती तो यह है कि सरकार भाषा के मसले को हल ही नहीं करना चाहती। इस किस्म के फार्मूले बनाती है जिस से ऐसे हालात पैदा हो जायें जो कभी मुग़लिया खानदान की हकूमत के वक्त थे। जिस के नतीजा के तौर पर उन दिनों भी गुरू गोविन्द सिंह को खालसा सजाना पड़ा था जिस की निशानी के तौर पर 5 ककके बनाये थे, कछ, कड़ा, किरपान, केश और कंघा। आज भी हालात के मुताबिक 5 कक्के तैयार हो चुके हैं। याद रखें

---

*N. B.—Expunged as ordred by the Speaker.

[चौधरी देवी लाल]
अगर इसी तरह से भाषा के मसले को हल करने की कोशिश की गई तो इन 5 कक्कों की तरह यह 5 कक्कों से शुरू होने वाले प्राब्लम आज पैदा हो चुके हैं । पहले तो काश्मीर का प्राब्लम, दूसरा है आप के कम्यूनिस्टों का प्राब्लम, तीसरा है केरल कांग्रेस प्राब्लम, चौथा पंजाब में कैरों कांग्रेस प्राब्लम और पांचवां है कामराज बज़ातें खुद एक प्राब्लम ।

श्री अध्यक्ष : आप पार्टीज़ को डिस्कस न करें। I will not allow that. (The hon. Member should not discuss the parties. I will now allow that.)

चौधरी देवी लाल : मैं तो, स्पीकर साहिब, यही अर्ज़ कर रहा था कि अगर भाषा के मसले को हल नहीं किया जायेगा तो हालात बिगड़ते ही जायेंगे। भाषा का मसला इस तरह के अमैंडिंग बिल लाने से हल नहीं होगा। जिन लोगों के साथ किसी तरह का डिसक्रिमीनेटरी स्लूक चल रहा है, सरकार को उधर ध्यान देना होगा । यह बात समझ में नहीं आई कि अगर हम कहते हैं कि पंजाबी को हिन्दी रिजन में ज़रूरत ही नहीं है तो फिर यह हम पर ठोंसी क्यों जाती है । अगर किसी तरह का भी इमत्याज़ी स्लूक हमारे रिजन के साथ किया गया तो हम बरदाश्त नहीं करेंगे। तो हिन्दी रिजन को खामखाह यह सरकार मजबूर करेगी और फिरकादारी का सवाल अगर उठा तो उसकी जिम्मेदारी इस सरकार पर होगी ।

मैं इसका विरोध करता हूं कि यह एक ऐसा बिल है, जिस के कारण मसला हल नहीं होगा। इसको मुल्तवी भी किया जा सकता है। मैं समझता हूं कि इस बिल को छोड़ कर अगर वर्तमान समस्याओं और स्टेट के हालात पर गौर किया जाये तो अच्छी बात होगी। मैं इस बिल का विरोध करता हूं।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼(ਰੋਪੜ) : ਮੈਂ ਇਸ ਬਿਲ ਦੀ ਹਮਾਇਤ ਕਰਨ ਲਈਂ ਖੜ੍ਹਾ ਹੋਇਆ ਹਾਂ। ਜਦੋਂ ਡਿਸਟ੍ਰਿਕਟ ਪੱਧਰ ਤੇ ਔਰ ਹਾਈਕੋਰਟ ਦੇ ਲੈਵਲ ਤੇ ਅੱਜ ਵੀ ਅੰਗਰੇਜ਼ੀ ਚਾਲੂ ਹੈ, ਤਾਂ ਅੰਗਰੇਜ਼ੀ ਨੂੰ ਹਾਊਸ ਵਿਚੋਂ ਕਿਵੇਂ ਕਢਿਆ ਜਾ ਸਕਦਾ ਹੈ। ਜਿਸ ਵੇਲੇ ਹਿੰਦੀ ਔਰ ਪੰਜਾਬੀ ਆਪਣੇ ਆਪਣੇ ਜ਼ੋਨ ਵਿਚ ਡਿਸਟ੍ਰਿਕਟ ਲੈਵਲ ਤੇ ਪਨਪੇਗੀ ਤਾਂ ਉਸ ਵੇਲੇ ਇਕ ਮਿੰਟ ਨਹੀਂ ਲਗੇਗਾ ਅੰਗਰੇਜ਼ੀ ਨੂੰ ਇਥੋਂ ਕੱਢਣ ਵਿਚ।

ਇਸ ਸਰਕਾਰ ਦਾ ਫਰਜ਼ ਸੀ, ਔਰ 17 ਸਾਲ ਦੇ ਦੌਰਾਨ ਹਿੰਦੀ ਪੰਜਾਬੀ ਨੂੰ ਇਤਨਾ ਉਚਾ ਕਰ ਦੇਣਾ ਚਾਹੀਦਾ ਸੀ ਕਿ ਅੰਗਰੇਜ਼ੀ ਦੀ ਕਿਧਰੇ ਵੀ ਲੋੜ ਨਾ ਰਹਿੰਦੀ। ਮਗਰ ਇਹ ਇਕ ਫੈਕਟ ਹੈ ਕਿ ਹਿੰਦੀ-ਪੰਜਾਬੀ ਦੀ ਉਨਤੀ ਨਹੀਂ ਹੋਈ ਔਰ ਇਸੇ ਲਈ ਜਿਹੜਾ ਸਿਸਟਮ ਹਾਲ ਵੀ ਰਾਇਜ਼ ਹੈ, ਉਸਦੇ ਮੁਤਾਬਕ ਆਸੀਂ ਅੰਗਰੇਜ਼ੀ ਨੂੰ ਨਹੀਂ ਕੱਢ ਸਕਦੇ।

ਹਾਲੇ ਵੀ ਹਿੰਦੁਸਤਾਨ ਦੀ ਨੈਸ਼ਨਲ ਲਾਈਫ ਵਿਚ ਅੰਗਰੇਜ਼ੀ ਦਾ ਇਕ ਸਥਾਨ ਹੈ। (ਸ਼ੋਰ) ਔਰ 150 ਸਾਲ ਅੰਗ੍ਰੇਜ਼ੀ ਰਾਜ ਰਹਿਣ ਕਰਕੇ ਇਸ ਦੇਸ਼ ਵਿਚ ਅੰਗ੍ਰੇਜ਼ੀ ਨੇ ਇਕ ਥਾਂ ਬਣਾ ਲਈ ਹੈ, ਇਸ ਲਈ ਜੇ ਅੰਗਰੇਜ਼ੀ ਨੂੰ ਕਾਰ-ਵਿਹਾਰ ਵਿਚੋਂ ਕੱਢ ਦਿਤਾ ਗਿਆ ਤਾਂ ਅਸੀਂ ਨੈਸ਼ਨਲ ਕਰੈਂਟ ਤੋਂ ਕੱਟ ਜਾਵਾਂਗੇ। ਔਰ ਜੇ ਅਸੀਂ ਆਈਸੋਲੇਟ ਹੋ ਗਏ ਦੂਜੀਆਂ ਸਟੇਟਾਂ ਤੋਂ ਤਾਂ ਇਹ ਮੁਨਾਸਬ ਨਹੀਂ ਹੋਵੇਗਾ। ਪੰਡਤ ਜਵਾਹਰ ਲਾਲ ਨਹਿਰੂ ਦੀ ਇਕ ਖਾਸ ਔਪ੍ਰੋਚ ਸੀ ਔਰ ਜਿਸ ਕਰਕੇ ਇਸ

ਤਰ੍ਹਾਂ ਕਦੇ ਨਹੀਂ ਹੋਇਆ ? ਭਾਸ਼ਾ ਦੇ ਇਸ਼ੂ ਨੂੰ ਲੈ ਕੇ ਜਿਸ ਤਰ੍ਹਾਂ ਰੀਜੈਂਟਲੀ ਮਦਰਾਸ ਦੇ ਵਿਚ ਹੋਇਆ । ਇਸ ਦਾ ਕਾਰਣ ਇਹ ਰਿਹਾ ਕਿ ਪੰਡਤ ਨਹਿਰ ਦੀ ਜਿਹੜੀ ਅਪ੍ਰੋਚ ਸੀ ਉਸਨੂੰ ਛੱਡ ਕੇ ਸੈਂਟਰ ਦੇ ਨੇਤਾ ਹੋਰ ਐਪ੍ਰੋਚ ਅਪਣਾਉਣ ਲਗ ਪਏ।

ਅਸੀਂ ਅੰਗਰੇਜ਼ੀ ਨਹੀਂ ਚਾਹੁੰਦੇ। ਅਸੀਂ ਇਹ ਚਾਹੁੰਦੇ ਹਾਂ ਕਿ ਅੰਗ੍ਰੇਜ਼ੀ ਇਕ ਐਸੋਸ਼ੀਏਟ ਲੈਂਗੁਏਜ਼ ਦੀ ਤਰ੍ਹਾਂ ਰਖੀ ਜਾਏ, ਜਦ ਤਕ ਕਿ ਰਿਜਨਲ ਭਾਸ਼ਾਵਾਂ ਉਚੀਆਂ ਨਹੀਂ ਹੋ ਜਾਂਦੀਆਂ ਲੇਕਿਨ ਇਥੇ ਦੇਖਣ ਵਿਚ ਇਹ ਆਇਆ ਹੈ ਕਿ ਲੈਂਗੁਏਜ ਨੂੰ ਮਜ਼ਹਬ ਨਾਲ ਜੋੜ ਦਿਤਾ ਜਾਂਦਾ ਹੈ। ਕਿਹਾ ਗਿਆ ਹੈ ਕਿ ਇਹ ਭਾਸ਼ਾ ਸਿੱਖਾਂ ਦੀ ਭਾਸ਼ਾ ਹੈ ਔਰ ਇਸ ਦੀ ਜ਼ਿੰਮੇਵਾਰੀ ਮਾਸਟਰ ਤਾਰਾ ਸਿੰਘ ਤੇ ਹੈ। ਮਗਰ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਜਦੋਂ ਸਿੱਖ ਧਰਮ ਪੈਦਾ ਨਹੀਂ ਸੀ ਹੋਇਆ ਉਸ ਵੇਲੇ ਵੀ ਪੰਜਾਬੀ ਭਾਸ਼ਾ ਇਥੇ ਸੀ ਔਰ ਜਦ ਆਰੀਆ ਇਥੇ ਆਏ ਤਾਂ ਸਾਡਾ ਇਤਿਹਾਸ ਦਸਦਾ ਹੈ ਕਿ ਉਹ ਵੀ ਇਹ ਭਾਸ਼ਾ ਬੋਲਦੇ ਸਨ। ਮਗਰ ਮਾਸਟਰ ਤਾਰਾ ਸਿੰਘ ਨੇ ਇਸ ਭਾਸ਼ਾ ਨੂੰ ਸਿੱਖਾਂ ਨਾਲ ਜੋੜ ਦਿਤਾ। ਉਸਦਾ ਪ੍ਰਤੀਕਰਮ ਨਾਜਾਇਜ਼ ਤੌਰ ਤੇ ਫਿਰਕਾਪ੍ਰਸਤੀ ਹੋਇਆ ਔਰ ਜਦ ਇਹ ਨਾਅਰਾ ਲਗਿਆ ਤਾਂ ਦੂਜੇ ਫਿਰਨ ਵਾਲਿਆਂ ਨੇ ਕਿਹਾ ਕਿ ਜੇ ਇਹ ਭਾਸ਼ਾ ਸਿੱਖਾਂ ਦੀ ਹੈ, ਤਾਂ ਇਹ ਸਾਡੀ ਨਹੀਂ। ਕਮਿਊਨਿਸਟ ਪਾਰਟੀ ਉਨ੍ਹਾਂ ਵਿਚੋਂ ਨਹੀਂ ਜੋ ਲੈਂਗੁਏਜ ਨੂੰ ਧਰਮ ਨਾਲ ਜੋੜੇ । ਅਸੀਂ ਟੈਰੇਟਰੀ ਨਾਲ ਜੋੜਦੇ ਹਾਂ। ਜਿਹੜਾ ਵੀ ਪੰਜਾਬ ਦੇ ਵਿਚ ਵਸਦਾ ਹੈ, ਉਸਦੀ ਬੋਲੀ ਪੰਜਾਬੀ ਹੈ। ਜਿਥੋਂ ਤਕ ਪੰਜਾਬੀ ਜ਼ੋਨ ਦੀ ਤਾਲੁਕ ਹੈ, ਹਿੰਦੀ ਬੋਲਣ ਵਾਲਾ ਇਕ ਵੀ ਨਹੀਂ ਲੇਕਿਨ ਹਿੰਦੀ ਜ਼ੋਨ ਵਿਚ ਇਕ ਤਿਹਾਈ ਪਾਪੂਲੇਸ਼ਨ ਰਿਫਿਊਜੀਆਂ ਦੀ ਹੈ। ਫਰੀਦਾਬਾਦ ਜੈਸੇ ਕਈ ਸ਼ਹਿਰਾਂ ਦੀ ਪਾਪੂਲੇਸ਼ਨ ਅਜਿਹੀ ਹੈ ਜਿਸਦੀ ਡਾਮੀਨੈਂਟ ਲੈਂਗੁਏਜ ਪੰਜਾਬੀ ਹੈ। ਇਸ ਗੱਲ ਨੂੰ ਸਰਕਾਰ ਰਿਕਗਨਾਈਜ਼ ਕਰੇ।

(ਘੰਟੀ)

ਸਾਡੇ ਸੂਬੇ ਦਾ ਹਲ ਰਿਜਨਲ ਫਾਰਮੂਲੇ ਦੇ ਤੌਰ ਪਰ ਕਢਿਆ ਗਿਆ। ਲੇਕਿਨ ਉਸਦਾ ਬੇਸਿਜ਼ ਗ਼ਲਤ ਸੀ। ਕਾਂਗੜਾ ਜੋ ਪੰਜਾਬੀ ਬੋਲਣ ਵਾਲਾ ਇਲਾਕਾ ਹੈ, ਉਸਨੂੰ ਹਿੰਦੀ ਜ਼ੋਨ ਵਿਚ ਪਾ ਰਖਿਆ ਗਿਆ। ਸਿਰਫ ਇਸ ਲਈ ਕਿ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਵਧ ਨਾ ਜਾਏ। ਕਾਂਗਰਸ ਨੇ ਆਪੁਰਚੁਨਿਜ਼ਮ ਤੋਂ ਕੰਮ ਲੀਤਾ। ਔਰ ਇਹ ਸਰਕਾਰ ਅੱਜ ਉਸਨੂੰ ਵੀ ਖਤਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਇਜਲਾਸ ਵਿਚ ਉਹ ਸਵਾਲ ਉਠਾਇਆ ਗਿਆ ਹੈ, ਜਿਹੜਾ ਕਿ ਪਿਛਲੇ 4 ਸਾਲਾਂ ਤੋਂ ਬੰਦ ਸੀ। ਸਰਕਾਰ ਨੇ ਇਕ ਸਰਕੂਲਰ ਜਾਰੀ ਕੀਤਾ ਸੀ ਕਿ ਕੋਈ ਆਦਮੀ ਕਿਸੇ ਲੈਂਗੁਏਜ ਵਿਚ ਦਰਖਾਸਤ ਦੇ ਸਕਦਾ ਹੈ। ਉਸਨੂੰ ਉਸੇ ਭਾਸ਼ਾ ਵਿਚ ਜਵਾਬ ਦਿਤਾ ਜਾਏਗਾ। ਇਸਦਾ ਨਤੀਜਾ ਇਹ ਹੋਵੇਗਾ ਕਿ ਹਿੰਦੀ ਜ਼ੋਨ ਵਿਚ ਪੰਜਾਬੀ ਦਾ ਇਕ ਜ਼ੋਨ ਹੋਰ ਬਣ ਜਾਏਗਾ। ਔਰ ਪੰਜਾਬੀ ਦੇ ਵਿਚ ਹਿੰਦੀ ਦਾ ਜ਼ੋਨ ਬਣ ਜਾਏਗਾ ਕਿਉਂਕਿ ਜਦ ਲੋਕਾਂ ਨੂੰ ਇਹ ਸਹੂਲਤ ਮਿਲੇਗੀ ਤਾਂ ਉਹ ਕਿਉਂ ਉਸ ਜ਼ੋਨ ਦੀ ਭਾਸ਼ਾ ਪੜ੍ਹਨਗੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿਉਂ ਸਰਕਾਰ ਫੇਰ ਫਿਰਕਾਪ੍ਰਸਤੀ ਨੂੰ ਨਵਾਂ ਮੌਕਾ ਦੇ ਰਹੀ ਹੈ। ਜਿਹੜੀ ਨਵੀਂ ਅਨਾਊਂਸਮੈਂਟ ਕੀਤੀ ਹੈ ਉਹ ਵੀ ਦਰੁਸਤ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਸਰਕਾਰ ਪੱਕੇ ਤੌਰ ਤੇ ਕਹੇ ਕਿ ਪੰਜਾਬੀ ਜ਼ੋਨ ਵਿਚ ਕੋਈ ਆਦਮੀ ਕਿਸੇ ਭਾਸ਼ਾ ਵਿਚ ਦਰਖਾਸਤ ਦੇਵੇ ਕੋਈ ਰੋਕ ਨਹੀਂ ਹੈ ਪਰ ਪੰਜਾਬ ਸਰਕਾਰ ਨੂੰ ਰੋਕ ਹੈ। ਸਰਕਾਰ ਪਾਬੰਦ ਹੈ ਕਿ ਇਹ ਉਸ ਭਾਸ਼ਾ ਵਿਚ ਜਵਾਬ ਦੇਵੇਗੀ ਜਿਹੜੀ ਕਿ ਉਸ ਨੇ ਪਰਵਾਨ ਕੀਤੀ ਹੋਈ ਹੈ, ਏਸੇ ਤਰ੍ਹਾਂ ਅਗਰ ਕੋਈ ਹਿੰਦੀ ਜ਼ੋਨ ਵਿਚ ਪੰਜਾਬੀ ਵਿਚ ਦਰਖਾਸਤ ਲਿਖ ਕੇ ਦਿੰਦਾ ਹੈ ਤਾਂ ਉਸ ਨੂੰ ਜਵਾਬ ਹਿੰਦੀ ਵਿਚ ਮਿਲਣਾ ਚਾਹੀਦਾ ਹੈ। ਅਗਰ ਇਸ ਪਾਲੀਸੀ ਤੇ ਕੰਮ ਕੀਤਾ ਜਾਵੇ ਤਾਂ ਇਹ ਏਥੇ ਸੈਕੂਲਰ ਗੌਰਮੈਂਟ ਕਾਇਮ ਕਰਨ ਵਿਚ ਸਹਾਇਕ ਹੋਵੇਗੀ। ਚੌਦਾਂ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਬੋਲੀਆਂ ਸਾਡੇ ਦੇਸ਼ ਦੀਆਂ ਨੈਸ਼ਨਲ ਜ਼ਬਾਨਾਂ ਕਰਾਰ ਦਿੱਤੀਆਂ ਗਈਆਂ ਹਨ। ਉਨ੍ਹਾਂ ਸਾਰੀਆਂ ਨੂੰ ਅਸੀਂ ਅਗੇ ਲੈ ਜਾਣਾ ਹੈ। ਹਿੰਦੀ ਨੂੰ ਅਸੀਂ ਸਿਰਫ ਇਤਨੀ ਵਧ ਥਾਂ ਦਿਤੀ ਹੈ ਕਿ ਇਸ ਨੂੰ ਅਸੀਂ ਲਿੰਕ ਲੈਂਗੁਏਜ ਮੰਨਦੇ ਹਾਂ, ਇੰਟਰ ਸਟੇਟ ਔਰ ਸੈਂਟਰ ਦੇ ਦਰਮਿਆਨ ਇਕ ਲਿੰਕ ਲੈਂਗੁਏਜ ਪਰਵਾਣ ਕਰਦੇ ਹਾਂ ਪਰ ਇਸ ਦਾ ਸਟੇਟਸ ਸੂਬਿਆਂ ਦੀਆਂ ਭਾਸ਼ਾਵਾਂ ਦੇ ਬਰਾਬਰ ਹੀ ਹੈ। ਮਦਰਾਸ ਵਿਚ ਅੰਗਰੇਜ਼ੀ ਦੀ ਥਾਂ ਤਾਮਲ ਨੂੰ ਮਿਲਣੀ ਚਾਹੀਦੀ ਹੈ, ਮਹਾਂਰਾਸ਼ਟਰ ਵਿਚ ਮਰਹੱਟੀ ਨੂੰ ਮਿਲਣੀ ਚਾਹੀਦੀ ਹੈ ਔਰ ਪੰਜਾਬ ਵਿਚ ਪੰਜਾਬੀ ਨੂੰ ਮਿਲਣੀ ਚਾਹੀਦੀ ਹੈ। ਇਸ ਨਿਸ਼ਾਨੇ ਤੇ ਪਹੁੰਚਣ ਲਈ ਸਾਨੂੰ ਕਾਂਸ਼ਸਲੀ ਚਲਣਾ ਚਾਹੀਦਾ ਹੈ ਔਰ ਸਾਨੂੰ ਕਾਹਲੇ ਨਹੀਂ ਪੈਣਾ ਚਾਹੀਦਾ । ਇਹ ਬਹੁਤ ਸਾਰੀਆਂ ਬੋਲੀਆਂ ਬੋਲਣ ਵਾਲੇ ਲੋਕਾਂ ਦਾ ਦੇਸ਼ ਹੈ। ਜਿਸ ਤਰ੍ਹਾਂ ਦੱਖਣ ਦੇ ਵਿਚ ਜ਼ਬਾਨ ਦੇ ਮਸਲੇ ਦੇ ਬਾਰੇ ਤੁਸੀਂ ਦੇਖਿਆ ਹੈ ਕਿ ਲੋਕਾਂ ਨੇ ਹਿੰਦੀ ਨੂੰ ਇੰਪਾਸੀਬਲ ਕਿਹਾ। ਉਸ ਨੂੰ ਦੇਖਦੇ ਹੋਏ ਮੈਂ ਇਹ ਸਮਝਦਾ ਹਾਂ ਕਿ ਸਾਨੂੰ ਅੰਗਰੇਜ਼ੀ ਨਾਲ ਐਨੀ ਦੁਸ਼ਮਨੀ ਨਹੀਂ ਕਰਨੀ ਚਾਹੀਦੀ ਬਲਕਿ ਸਾਨੂੰ ਲੈਂਗੁਏਜ ਦੇ ਮਸਲੇ ਬਾਰੇ ਨਿਰੋਲ ਸਾਇੰਟਫਿਕ ਨੁਕਤਾਨਿਗਾਹ ਅਖਤਿਆਰ ਕਰਨਾ ਚਾਹੀਦਾ ਹੈ। ਅਗਰ ਪੰਜਾਬ ਸਰਕਾਰ ਇਸ ਪਾਲੀਸੀ ਤੇ ਕੰਮ ਕਰੇਗੀ ਤਾਂ ਮੈਂ ਆਪਣੀ ਪਾਰਟੀ ਵਲੋਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਕਮਿਊਨਲ ਲੋਕਾਂ ਦੀ ਸਖਤ ਮੁਖਾਲਫਤ ਕਰਾਂਗੇ ਔਰ ਪੰਜਾਬ ਸਰਕਾਰ ਦਾ ਡਟ ਕੇ ਸਾਥ ਦੇਵਾਂਗਾ।

Chief Parliamentary Secretary (Shri Ram Partap Garg) : Sir, I beg to move:

That the question be now put.

(Voices : No, No.)

Mr. Speaker : There has been a reasonable delay and, therefore. I allow the question to be put.

ਡਿਪਟੀ ਸਪੀਕਰ : ਸਰਦਾਰ ਕਪੂਰ ਸਿੰਘ ਜੀ, ਮੈਂ ਕਈ ਵਾਰੀ ਕਹਿ ਚੁਕੀ ਹਾਂ ਕਿ ਕੋਰਮ ਪੂਰਾ ਰਖਿਆ ਕਰੋ ਲੇਕਿਨ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਤੁਹਾਡੇ ਪਾਸੇ ਦੇ

ਮੈਂਬਰ ਸਾਹਿਬਾਨ ਆਪਣੀ ਜ਼ਿਮੇਵਾਰੀ ਨਹੀਂ ਸਮਝਦੇ। (Addressing the Finance Minister. I have pointed out a number of times to keep the House in quorum but I am constrained to remark that the member occupying the Treasury Benches do not realise their responsibility.)

ਵਿਤ ਅਤੇ ਯੋਜਨਾ ਮੰਤ੍ਰੀ : ਪਰ, ਡਿਪਟੀ ਸਪੀਕਰ ਸਾਹਿਬਾ ਸਾਡੇ, ਸਾਹਮਣੇ ਦੀਆਂ ਬੈਂਚਾਂ ਤੇ ਵੀ ਤਾਂ ਸਿਰਫ ਦੋ ਮੈਂਬਰ ਹੀ ਬੈਠੇ ਹਨ।

(Quorum Bells Sounded)

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ : ਡਿਪਟੀ ਸਪੀਕਰ ਸਾਹਿਬਾ, ਮੈਂ ਅਰਜ਼ ਕਰ ਰਿਹਾ ਸੀ ਕਿ ਪਿਛਲੇ ਸਮਿਆਂ ਵਿਚ ਜਦੋਂ ਕੋਈ ਮੈਂਬਰ ਇਨ੍ਹਾਂ ਗੱਲਾਂ ਵਲ ਸਰਕਾਰ ਦਾ ਧਿਆਨ ਦਵਾਉਂਦਾ ਸੀ ਕਿ ਟੈਕਸਾਂ ਦੀ ਚੋਰੀ ਰੋਕਣ ਲਈ ਤਕੜਾ ਕਰੜਾ ਹੱਥ ਚੋਰਾਂ ਤੇ ਪਾਇਆ ਜਾਵੇ ਤਾਂ ਉਸ ਸਮੇਂ ਦੇ ਖਜ਼ਾਨਾਂ ਮੰਤ੍ਰੀ ਅਤੇ ਮੁਖ ਮੰਤ੍ਰੀ ਸਾਡੇ ਸੁਝਾਵਾਂ ਵਲ ਘਟ ਧਿਆਨ ਦਿੰਦੇ ਸਨ। ਅਜ ਚੰਗੀ ਗੱਲ ਹੈ ਕਿ ਸਰਕਾਰ ਨੇ ਕੁਝ ਪਿਛਲੇ ਅਮਲਾਂ ਤੋਂ ਸਬਕ ਲੈ ਕੇ ਇਸ ਸਿੱਟੇ ਤੇ ਪੁਜਣ ਦੇ ਜਤਨ ਕੀਤੇ ਹਨ ਕਿ ਜਿਹੜੇ ਟੈਕਸਾਂ ਦੇ ਚੋਰ ਹਨ ਉਨ੍ਹਾਂ ਤੇ ਹਥ ਪਾਇਆ ਜਾਵੇ, ਉਨ੍ਹਾਂ ਨੂੰ ਸਜ਼ਾਵਾ ਦਿੱਤੀਆਂ ਜਾਣ ਅਤੇ ਟੈਕਸਾਂ ਦੀ ਚੋਰੀ ਨੂੰ ਰੋਕਿਆਂ ਜਾਵੇ। ਡਿਪਟੀ ਸਪੀਕਰ ਸਾਹਿਬਾ, ਜਿਹੜਾ ਪੈਸੰਜਰ ਅਤੇ ਗੁਡਜ਼ ਟੈਕਸ ਦੀ ਚੋਰੀ ਨੂੰ ਰੋਕਣ ਲਈ ਬਿਲ ਲਿਆਂਦਾ ਗਿਆ ਹੈ ਇਹ ਬੜਾ ਅਧੂਰਾ ਜਿਹਾ ਹੈ। ਅਜ ਵੀ ਪੰਜਾਬ ਦੀਆਂ ਪਰਾਈਵੇਟ ਟਰਾਂਸਪੋਰਟ ਕੰਪਨੀਆਂ ਭਾਂਵੇਂ ਉਹ ਮੁਸਾਫਰ ਢੋਣ ਵਾਲੀਆਂ ਹਨ ਜਾਂ ਮਾਲ ਢੋਣ ਵਾਲੀਆਂ ਹਨ ਉਹ ਟੈਕਸਾਂ ਦੀ ਚੋਰੀ ਕਰਦੀਆਂ ਹਨ। ਬਹੁਤਿਆਂ ਨੇ ਦੋਹਰੇ ਦੋਹਰੇ ਵਹੀ ਖਾਤੇ ਬਣਾਏ ਹੋਏ ਹਨ। ਟੈਕਸ ਲੈਣ ਅਤੇ ਆਪਣੇ ਮੁਨਾਫੇ ਲੈਣ ਲਈ ਹੋਰ ਹਿਸਾਬ ਰਖਦੇ ਹਨ ਅਤੇ ਸਰਕਾਰ ਨੂੰ ਹਿਸਾਬ ਦੇਣ ਲਈ ਹੋਰ ਵਹੀ ਖਾਤੇ ਬਣਾਏ ਹੋਏ ਹਨ। ਇਸ ਲਈ ਲੋੜ ਇਸ ਗਲ ਦੀ ਨਹੀਂ ਕਿ ਸਿਰਫ ਕੰਡਕਟਰਾਂ ਅਤੇ ਡਰਾਈਵਰਾਂ ਤੇ ਕਰੜਾਈ ਕਰਕੇ ਟੈਕਸਾਂ ਦੀ ਚੋਰੀ ਨੂੰ ਰੋਕਿਆ ਜਾਵੇ ਸਗੋਂ ਲੋੜ ਇਸ ਗਲ ਦੀ ਹੈ ਕਿ ਜਿਹੜੀਆਂ ਪਰਾਈਵੇਟ ਗੁਡਜ਼ ਟਰਾਂਸਪੋਰਟ ਜਾਂ ਪੈਸੈਂਜਰ ਟਰਾਂਸਪੋਰਟ ਕੰਪਨੀਆਂ ਹਨ ਉਨ੍ਹਾਂ ਦੇ ਅਕਾਉਂਟਸ ਤੇ ਤਕੜੀ ਨਿਗਰਾਨੀ ਰੱਖੀ ਜਾਵੇ। ਪਰ ਸਾਨੂੰ ਅਫਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਅਜ ਇਨ੍ਹਾਂ ਪਰਾਈਵੇਟ ਕੰਪਨੀਆਂ ਦੇ ਨਾਲ ਸਰਕਾਰੀ ਮੁਲਾਜ਼ਮਾਂ ਦੀਆ ਮਾਹਵਾਰੀਆਂ ਬੱਝੀਆਂ ਹੋਈਆਂ ਹਨ। ਜਦੋਂ ਟਰੱਕ ਪਾਸ ਹੁੰਦੇ ਹਨ ਉਸ ਸਮੇਂ ਜਿਹੜਾ ਅੰਧੇਰ ਹੁੰਦਾ ਹੈ ਉਸ ਦਾ ਤੁਹਾਨੂੰ ਸਭ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ 50-50, ਸੌ ਸੌ ਰੁਪਿਆ ਲੈ ਕੇ ਟਰੱਕ ਪਾਸ ਕੀਤੇ ਜਾਂਦੇ ਹਨ। ਜਿਹੜੇ ਐਮ. ਵੀ. ਆਈ ਹਨ ਉਹ ਹੋਰ ਕਿਸੇ ਨੌਕਰੀ ਤੇ ਲਗਣਾ ਪਸੰਦ ਨਹੀਂ ਕਰਦੇ ਕਿਉਂਕਿ ਉਨ੍ਹਾਂ ਨੂੰ ਬਹੁਤ ਰਿਸ਼ਵਤ ਖਾਣ ਦਾ ਮੌਕਾ ਮਿਲਦਾ ਹੈ। ਏਸੇ ਤਰ੍ਹਾਂ ਹੋਰ ਵੀ ਜਿਹੜਾ ਨਿਗਰਾਨੀ ਵਾਲਾ ਸਟਾਫ ਹੈ ਉਹ ਇਨ੍ਹਾਂ ਕੰਪਨੀਆਂ ਨਾਲ ਰਲ ਕੇ ਟੈਕਸ ਦੀ ਚੋਰੀ ਕਰਨ ਵਿਚ ਉਨ੍ਹਾਂ ਦੀ ਮਦਦ ਕਰਦਾ ਹੈ ਅਤੇ ਉਨ੍ਹਾਂ ਦੇ ਕੋਲੋਂ ਰਿਸ਼ਵਤਾਂ ਖਾਂਦੇ ਹਨ। ਇਸ ਲਈ ਲੋੜ ਇਸ ਗਲ ਦੀ ਹੈ ਕਿ ਸਰਕਾਰ ਇਸ ਪਾਸੇ ਵਲ ਧਿਆਨ ਦੇਵੇ। ਜਿਸ ਢੰਗ ਦੇ ਨਾਲ ਲੋਕਾਂ ਦੇ ਕੋਲੋਂ ਪੈਸੈਂਜ਼ਰ ਟੈਕਸ ਵਸੂਲੇ ਜਾਂਦੇ ਹਨ ਉਸ ਦੇ ਵਿਚ ਕੁਝ ਤਰਮੀਮਾਂ ਲਿਆਉਣ ਦੀ ਲੋੜ ਹੈ। ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡਵੇਜ਼ ਦੀਆਂ ਜਿਹੜੀਆਂ ਟਿਕਟਾਂ ਹਨ ਉਨ੍ਹਾਂ ਦੇ ਵਿਚ ਹੀ ਪੈਸੈਂਜਰ ਟੈਕਸ ਦੀ ਰਕਮ ਛਪੀ ਹੋਈ ਹੁੰਦੀ ਹੈ। ਜਦੋਂ ਉਹ

[ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ]

ਟਿਕਟ ਕਟ ਦਿੰਦੇ ਹਨ ਤਾਂ ਉਸ ਦਾ ਪੈਸੈਂਜਰ ਟੈਕਸ ਸਰਕਾਰ ਨੂੰ ਜ਼ਰੂਰ ਚਲਾ ਜਾਂਦਾ ਹੈ । ਪਰ ਜਿਹੜੇ ਪਰਾਈਵੇਟ ਓਪਰੇਟਰ ਹਨ ਉਨ੍ਹਾਂ ਨੂੰ ਪੈਸੈਂਜਰ ਟੈਕਸ ਦੀਆਂ ਟਿਕਟਾਂ ਅਲਹਿਦਾ ਲਗਾਉਣੀਆਂ ਪੈਂਦੀਆਂ ਹਨ । ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਉਹ ਅਨਪੜ੍ਹ ਲੋਕਾਂ ਦੇ ਕੋਲੋ ਟੈਕਸ ਵਸੂਲ ਕਰ ਲੈਂਦੇ ਹਨ ਪਰ ਉਹ ਟਿਕਟਾਂ ਬਸ ਦੀ ਟਿਕਟ ਤੇ ਨਹੀਂ ਲਗਾਉਂਦੇ । ਇਸ ਚੀਜ਼ ਨੂੰ ਰੋਕਣ ਵਾਸਤੇ ਮੈਂ ਇਹ ਸੁਝਾਉ ਦਿਆਂਗਾ ਕਿ ਜਿਸ ਤਰ੍ਹਾਂ ਸਰਕਾਰੀ ਬੱਸਾਂ ਦੀਆਂ ਟਿਕਟਾਂ ਤੇ ਪੈਸੈਂਜਰ ਟੈਕਸ ਦੀ ਰਕਮ ਛਪੀ ਹੋਈ ਹੁੰਦੀ ਹੈ ਏਸੇ ਤਰ੍ਹਾਂ ਪਰਾਈਵੇਟ ਬੱਸਾਂ ਦੀਆਂ ਟਿਕਟਾਂ ਤੇ ਵੀ ਪਹਿਲੇ ਹੀ ਪੈਸੈਂਜਰ ਟੈਕਸ ਦੀ ਰਕਮ ਛਪੀ ਹੋਈ ਹੋਣੀ ਚਾਹੀਦੀ ਹੈ । ਸਰਕਾਰ ਇਹ ਟਿਕਟਾਂ ਆਪ ਛਾਪ ਕੇ ਉਨ੍ਹਾਂ ਨੂੰ ਵੇਚੇ । ਚਾਰ ਪੰਜ ਸਾਲ ਦਾ ਪਿਛਲਾ ਹਿਸਾਬ ਦੇਖਕੇ ਜਿਤਨਾ ਉਨ੍ਹਾਂ ਦਾ ਇਕ ਸਾਲ ਦਾ ਔਸਤ ਟੈਕਸ ਬਣਦਾ ਹੋਵੇ ਉਨ੍ਹਾਂ ਦੇ ਕੋਲੋਂ ਪਹਿਲਾਂ ਹੀ ਉਤਨੀ ਰਕਮ ਵਸੂਲ ਕਰ ਲਈ ਜਾਣੀ ਚਾਹੀਦੀ ਹੈ ਅਤੇ ਜੇ ਸਾਲ ਦੇ ਬਾਅਦ ਕੋਈ ਫਰਕ ਨਿਕਲੇ ਤਾਂ ਉਹ ਬਾਅਦ ਦੇ ਵਿਚ ਐਡਜਸਟ ਕਰ ਲਿਆ ਜਾਵੇ । ਜੇਕਰ ਇਹ ਤਰੀਕਾ ਅਪਨਾ ਲਿਆ ਜਾਵੇ ਤਾਂ ਉਨ੍ਹਾਂ ਨੂੰ ਹੇਰਾ ਫੇਰੀ ਦਾ ਮੌਕਾ ਨਹੀਂ ਮਿਲ ਸਕਦਾ ਨਹੀਂ ਤਾਂ ਟੈਕਸਾਂ ਦੀ ਚੋਰੀ ਨਹੀਂ ਰੋਕੀ ਜਾ ਸਕਦੀ । ਇਸ ਤੋਂ ਇਲਾਵਾ ਸਰਕਾਰ ਨੂੰ ਇਹ ਪਾਲੀਸੀ ਅਖਤਿਆਰ ਕਰਨੀ ਚਾਹੀਦੀ ਹੈ ਕਿ ਜੇ ਕਰ ਕੋਈ ਟੈਕਸਾਂ ਦੀ ਚੋਰੀ ਕਰਦਾ ਫੜਿਆ ਜਾਵੇ ਤਾਂ ਉਸ ਨੂੰ ਕਰੜੀ ਤੋਂ ਕਰੜੀ ਸਜ਼ਾ ਦਿਤੀ ਜਾਣੀ ਚਾਹੀਦੀ ਹੈ । ਦੇਸ਼ ਦੇ ਵਿੱਚੋਂ ਜੇਕਰ ਕੁਰਪਸ਼ਨ ਦੂਰ ਕਰਨੀ ਹੈ ਅਤੇ ਏਥੇ ਸੋਸ਼ਲਿਜ਼ਮ ਲਿਆਉਣਾ ਹੈ ਤਾਂ ਲਾਜ਼ਮੀ ਤੌਰ ਤੇ ਏਸ ਪਾਲੀਸੀ ਤੇ ਕੰਮ ਕਰਨਾ ਚਾਹੀਦਾ ਹੈ ਅਤੇ ਕਰੜੇ ਕਦਮ ਚੁਕਣੇ ਚਾਹੀਦੇ ਹਨ । ਅਜ ਦੀ ਇਕ ਖਬਰ ਹੈ ਜਿਹੜੀ ਕਿ ਸ਼ਾਇਦ ਮੇਰੇ ਕਾਂਗਰਸੀ ਭਰਾਵਾਂ ਨੂੰ ਕੁਝ ਚੰਗੀ ਨਾ ਲਗੇ ਅਤੇ ਉਹ ਉਸ ਸਜ਼ਾ ਦੇ ਨਾਲ ਸਹਿਮਤ ਨਾ ਹੋਣ ਪਰ ਮੈਂ ਹਾਊਸ ਨੂੰ ਦਸਣੀ ਜ਼ਰੂਰ ਚਾਹੁੰਦਾ ਹਾਂ । ਅਜ ਦੀ ਖਬਰ ਹੈ ਕਿ ਰੂਸ ਦੇ ਵਿਚ ਕਿਸੇ ਆਦਮੀ ਨੇ ਮਜ਼ਦੂਰਾਂ ਨੂੰ ਐਕਸਪਲਾਇਟ ਕਰਕੇ ਉਨ੍ਹਾਂ ਦੀ ਮਿਹਨਤ ਅਤੇ ਮਜ਼ਦੂਰੀ ਵਿੱਚੋਂ ਨਾਜਾਇਜ਼ ਤੌਰ ਤੇ ਪੈਸੇ ਖਾਦੇ ਅਤੇ ਉਥੋਂ ਦੀ ਸਰਕਾਰ ਨੇ ਉਸ ਨੂੰ ਗੋਲੀ ਦੇ ਨਾਲ ਉਡਾਇਆ ਹੈ । ਮੇਰਾ ਕਹਿਣ ਦਾ ਭਾਵ ਇਹ ਹੈ ਕਿ ਜਦੋਂ ਤਕ ਏਥੇ ਵੀ ਕੁਰਪਟ ਲੋਕਾਂ ਨੂੰ ਸਖ਼ਤ ਤੋਂ ਸਖਤ ਸਜ਼ਾਵਾਂ ਨਹੀਂ ਦਿੱਤੀਆਂ ਜਾਣਗੀਆਂ ਉਦੋਂ ਤਕ ਏਥੇ ਕੁਰਪਸ਼ਨ ਤੇ ਬੇਈਮਾਨੀ ਦੂਰ ਨਹੀਂ ਹੋ ਸਕਦੀ । ਸਾਡੀ ਸਰਕਾਰ ਨੇ ਜਿੱਥੇ ਕੰਡਕਟਰਾਂ ਅਤੇ ਡਰਾਈਵਰਾਂ ਤੇ ਬੜੀ ਆਫਤ ਦੀ ਨਿਗਾਹ ਲਗਾਉਣ ਦਾ ਯਤਨ ਕੀਤਾ ਹੈ ਉਥੇ ਇਸ ਗਲ ਵਲ ਧਿਆਨ ਨਹੀਂ ਦਿੱਤਾ ਕਿ ਕੰਡਕਟਰ ਜਿਹੜੇ ਬੇਈਮਾਨੀ ਵਲ ਤੁਰਦੇ ਹਨ ਉਸ ਦੇ ਵਿਚ ਸਾਡੀ ਸਰਕਾਰ ਦਾ ਆਪਣਾ ਵੀ ਕਸੂਰ ਹੈ । ਸਰਕਾਰ ਨੇ ਇਸ ਪਾਸੇ ਵਲ ਝਾਕਣ ਦਾ ਯਤਨ ਨਹੀਂ ਕੀਤਾ । ਮੈਂ ਦਸਣਾ ਚਾਹੁੰਦਾ ਹਾਂ ਕਿ ਪੰਜਾਬ ਅਤੇ ਹਿੰਦੁਸਤਾਨ ਦੀ ਸਰਕਾਰ ਨੇ 1961-62 ਵਿਚ ਟਰਾਂਸਪੋਰਟ ਐਕਟ ਬਣਾਇਆ ਜਿਸ ਦੇ ਵਿਚ ਕੰਡਕਟਰਾਂ ਅਤੇ ਡਰਾਈਵਰਾਂ ਨੂੰ ਕੁਝ ਸਹੂਲਤਾਂ ਦੇਣ ਦਾ ਐਲਾਨ ਕੀਤਾ ਅਤੇ ਪਰਾਈਵੇਟ ਕੰਪਨੀਆਂ ਨੂੰ ਕਿਹਾ ਕਿ ਘੱਟੋ ਘੱਟ ਤੁਹਾਨੂੰ ਇਹ ਸਹੂਲਤਾਂ ਡਰਾਈਵਰਾਂ ਅਤੇ ਕੰਡਕਟਰਾਂ ਨੂੰ ਦੇਣੀਆਂ ਪੈਣਗੀਆਂ । ਫਿਰ ਇਕ ਤਿੰਨ ਪਾਰਟੀ ਕਾਨਫਰੈਂਸ ਹੋਈ ਜਿਸ ਵਿਚ ਵਰਕਰਜ਼, ਟਰਾਂਸਪੋਰਟਰਜ਼ ਤੇ ਸਰਕਾਰ ਦੇ ਨੁਮਾਇੰਦੇ ਸ਼ਾਮਲ ਹੋਏ ਅਤੇ ਉਸ ਵਿਚ ਵਰਕਰਜ਼ ਨੂੰ ਕੁਝ ਰਿਆਇਤਾਂ ਦੇਣ ਦੇ ਫੈਸਲੇ ਕੀਤੇ ਗਏ ਪਰ ਉਨ੍ਹਾਂ ਫੈਸਲਿਆਂ ਨੂੰ ਕਈ ਕੰਪਨੀਆਂ ਨੇ ਲਾਗੂ ਨਹੀਂ ਕੀਤਾ ਹੈ । ਬਾਵਜੂਦ ਇਸ ਗਲ ਦੇ ਕਿ ਟਰਾਂਸਪੋਰਟ ਵਰਕਰਜ਼ ਨੇ ਆਪਣੇ ਮੈਮੋਰੈਂਡਮਜ਼ ਰਾਹੀਂ ਸਰਕਾਰ ਦੇ ਨੋਟਸ ਵਿਚ ਇਹ ਗਲ ਲਿਆਂਦੀ ਕਿ ਕਈ ਟਰਾਂਸਪੋਰਟ ਅਪਰੇਟਰਾ ਨੇ ਇਸ ਕਾਨੂੰਨ ਨੂੰ ਅਤੇ ਤਿੰਨ ਪਾਰਟੀ ਕਾਨਫਰੈਂਸ

ਦੇ ਫੈਸਲਿਆਂ ਨੂੰ ਲਾਗੂ ਨਹੀਂ ਕੀਤਾ ਅਤੇ ਉਨ੍ਹਾਂ ਦੇ ਅਨੁਸਾਰ ਉਨ੍ਹਾਂ ਨੂੰ ਕਈ ਕੰਪਨੀਆਂ ਨੇ ਰਿਆਤਾਂ ਨਹੀਂ ਦਿਤੀਆਂ ਸਰਕਾਰ ਨੇ ਕੋਈ ਐਕਸ਼ਨ ਨਹੀਂ ਲਿਆ । ਮੈਂ ਇਕ ਮਿਸਾਲ ਵੀ ਪੇਸ਼ ਕਰਦਾ ਹਾਂ । ਸਾਡੇ ਮੋਗੇ ਵਿਚ ਇਕ ਸੇਵਕ ਬਸ ਕੰਪਨੀ ਹੈ । ਉਸਦੇ ਮੁਲਾਜ਼ਮਾਂ ਦੀ ਯੂਨੀਅਨ ਨੇ ਕਈ ਦਫਾ ਚੀਫ ਮਿਨਿਸਟਰ ਸਾਹਬ ਤੇ ਦੂਜੇ ਅਫਸਰਾਂ ਨੂੰ ਦਰਖਾਸਤਾਂ ਦਿਤੀਆਂ ਹਨ ਕਿ ਇਸ ਕੰਪਨੀ ਨੇ ਨਾ ਟਰਾਂਸਪੋਰਟ ਐਕਟ ਤੇ ਨਾ ਹੀ ਤਿੰਨ ਪਾਰਟੀ ਕਾਨਫਰੈਂਸ ਦੇ ਫੈਸਲਿਆਂ ਨੂੰ ਲਾਗੂ ਕੀਤਾ ਇਸ ਲਈ ਇਸ ਕੰਪਨੀ ਤੋਂ ਉਨ੍ਹਾਂ ਮੁਤਾਬਕ ਸਾਰੀਆਂ ਸਹੂਲਤਾਂ ਵਰਕਰਜ਼ ਨੂੰ ਦਿਲਾਈਆਂ ਜਾਨ, ਪਰ ਸਰਕਾਰ ਨੇ ਹੁਣ ਤਕ ਕੁਝ ਨਹੀਂ ਕੀਤਾ । ਵਰਕਰਜ਼ ਦੇ ਕਹਿਣ ਦੀ ਤਾਂ ਗਲ ਹੀ ਛਡੋ ਅਸੀਂ ਮੋਗਾ ਤਹਿਸੀਲ ਦੇ ਚਾਰ ਐਮ. ਐਲ. ਏਜ਼. ਸਰਦਾਰ ਗੁਰਚਰਨ ਸਿੰਘ, ਸਰਦਾਰ ਕੁਲਤਾਰ ਸਿੰਘ, ਕਾਮਰੇਡ ਦਿਦਾਰ ਸਿੰਘ ਚੀਦਾ ਅਤੇ ਮੈਂ ਲਿਖ ਕੇ ਸਰਕਾਰ ਨੂੰ ਦਿਤਾ ਕਿ ਵਰਕਰਜ਼ ਨੂੰ ਉਹ ਸਾਰੀਆਂ ਸਹੂਲਤਾਂ ਦਿਲਾਈਆਂ ਜਾਣ ਜੋ ਕਿ ਇਸ ਵਕਤ ਨਹੀਂ ਦਿੱਤੀਆਂ ਜਾ ਰਹੀਆਂ ਹਨ ਪਰ ਸਰਕਾਰ ਦੇ ਕੰਨਾਂ ਤਕ ਸਾਡੀ ਚਾਰ ਲੈਜਿਸਲੇਟਰਜ਼ ਦੀ ਵੀ ਆਵਾਜ਼ ਨਹੀਂ ਪਹੁੰਚ ਸਕੀ । ਇਸ ਦਾ ਇਕ ਖਾਸ ਕਾਰਨ ਹੈ ਅਤੇ ਉਹ ਇਹ ਹੈ ਕਿ ਉਸ ਕੰਪਨੀ ਦਾ ਜੋ ਮੈਨੇਜਿੰਗ ਡਾਇਰੈਕਟਰ ਹੈ ਉਹ ਸਾਬਿਕ ਮੁਖ ਮੰਤਰੀ ਦਾ ਰਿਸ਼ਤੇਦਾਰ ਹੈ ਅਤੇ ਸ਼ਾਇਦ ਉਨ੍ਹਾਂ ਦੇ ਲੜਕੇ ਦਾ ਸਾਂਢੂ ਹੈ । ਪਹਿਲਾਂ ਵੀ ਉਸ ਕੰਪਨੀ ਨੂੰ ਬਹੁਤ ਰਿਆਇਤਾਂ ਮਿਲਦੀਆਂ ਰਹੀਆਂ ਹਨ । ਉਨ੍ਹਾਂ ਨੇ ਚੋਣਾਂ ਵਿਚ ਵੀ ਤੇ ਹੋਰ ਕਈ ਮੌਕਿਆਂ ਤੇ ਵੀ ਸਰਕਾਰ ਨੂੰ ਥੈਲੀਆਂ ਪੇਸ਼ ਕੀਤੀਆਂ ਅਤੇ ਇਹੋ ਕਾਰਨ ਹੈ ਕਿ ਉਨ੍ਹਾਂ ਨੂੰ ਕੁਝ ਨਹੀਂ ਕਿਹਾ ਜਾਂਦਾ । ਇਸੇ ਤਰ੍ਹਾਂ ਮਾਲਵਾ ਟਰਾਂਸਪੋਰਟ ਕੰਪਨੀ ਅਤੇ ਸਮੁੰਦੀ ਟਰਾਂਸਪੋਰਟ ਕੰਪਨੀ ਕਰ ਰਹੀਆਂ ਹਨ ਅਤੇ ਉਨ੍ਹਾਂ ਨੂੰ ਕੋਈ ਨਹੀਂ ਪੁਛਦਾ । ਵਰਕਰਜ਼ ਨਾਲ ਹੀ ਧੱਕਾ ਕੀਤਾ ਜਾ ਰਿਹਾ ਹੈ । ਮੈਂ ਅਰਜ਼ ਕਰਦਾ ਹਾਂ ਕਿ ਜੇਕਰ ਟੈਕਸਾਂ ਦੀ ਚੋਰੀ ਨੂੰ ਰੋਕਣਾ ਹੈ ਤਾਂ ਇਨ੍ਹਾਂ ਟਰਾਂਸਪੋਰਟਰਾਂ ਨੂੰ ਕਰੜੇ ਹੱਥਾਂ ਨਾਲ ਕੰਟਰੋਲ ਵਿਚ ਰਖਣਾ ਪਵੇਗਾ ਤਾਕਿ ਗਰੀਬਾਂ ਦੀ ਕਮਾਈ ਦਾ ਜੋ ਪੈਸਾ ਇਹ ਟੈਕਸਾਂ ਰਾਹੀਂ ਵਸੂਲ ਕਰਦੇ ਹਨ ਉਹ ਸਰਕਾਰੀ ਖਜ਼ਾਨੇ ਵਿਚ ਜਾ ਸਕੇ ਅਤੇ ਲੋਕਾਂ ਤੇ ਜੋ ਟੈਕਸਾਂ ਦਾ ਬੋਝ ਹੈ ਉਹ ਆਮਦਨੀ ਵਧ ਹੋ ਜਾਣ ਕਰਕੇ ਹੌਲਾ ਹੋ ਸਕੇ । ਇਨ੍ਹਾਂ ਸ਼ਬਦਾਂ ਨਾਲ ਮੈਂ ਆਸ ਕਰਦਾ ਹਾਂ ਕਿ ਵਜ਼ੀਰ ਸਾਹਬ ਮੇਰੀਆਂ ਇਨ੍ਹਾਂ ਤਜ਼ਵੀਜ਼ਾਂ ਵਲ ਧਿਆਨ ਦੇਣਗੇ ਅਤੇ ਉਨ੍ਹਾਂ ਤੇ ਅਮਲ ਕਰਕੇ ਟੈਕਸਾਂ ਦੀ ਚੋਰੀ ਰੋਕਣਗੇ ਇਸ ਦੇ ਨਾਲ ਹੀ ਮੈਂ ਅਰਜ਼ ਕਰਦਾ ਹਾਂ ਕਿ ਵਰਕਰਜ਼ ਨੂੰ ਤਿੰਨ ਪਾਰਟ ਕਾਨਫਰੈਂਸ ਦੇ ਫੈਸਲੇ ਮੁਤਾਬਕ ਸਹੂਲਤਾਂ ਦਿਲਾਈਆਂ ਜਾਣ ।

ਸਰਦਾਰ ਹਰਚੰਦ ਸਿੰਘ (ਸਮਾਣਾ, ਐਸ. ਸੀ.) : ਵਜ਼ੀਰ ਖ਼ਜ਼ਾਨਾ ਸਾਹਿਬ ਨੇ ਇਸ ਤਰਮੀਮੀ ਬਿਲ ਰਾਹੀਂ ਇਹ ਸੁਝਾ ਰਖਿਆ ਹੈ ਕਿ ਪਹਿਲਾਂ ਟੈਕਸ ਦੀ ਰਕਮ ਦਾਖਲ ਕਰਾਕੇ ਫਿਰ ਅਪੀਲ ਦਾਖਲ ਕੀਤੀ ਜਾ ਸਕਦੀ ਹੈ । ਮੇਰੀ ਅਰਜ਼ ਹੈ ਕਿ ਹਰ ਸੈਸ਼ਨ ਵਿਚ ਇਸ ਐਕਟ ਵਿਚ ਕੋਈ ਨਾ ਕੋਈ ਤਰਮੀਮ ਆਉਂਦੀ ਹੈ ਅਤੇ ਸੋਚਿਆ ਜਾਂਦਾ ਹੈ ਕਿ ਟੈਕਸ ਦੀ ਇਵੇਜ਼ਨ ਕਿਸ ਤਰ੍ਹਾਂ ਰੁਕ ਸਕਦੀ ਹੈ ਅਤੇ ਟੈਕਸਾਂ ਤੋਂ ਆਮਦਨੀ ਕਿਸ ਤਰ੍ਹਾਂ ਵਧ ਸਕਦੀ ਹੈ । ਮੈਂ ਤਾਂ ਇਸ ਰਾਏ ਦਾ ਹਾਂ ਕਿ ਜਦੋਂ ਤਕ ਤੁਸੀਂ ਇਨਾਂ ਟੈਕਸ ਚੋਰਾਂ ਦੀਆਂ ਬੁਨਿਆਦਾਂ ਠੀਕ ਨਹੀਂ ਕਰਦੇ ਜਿਤਨੇ ਮਰਜ਼ੀ ਤੁਸੀਂ ਕਾਨੂੰਨ ਬਣਾ ਲਓ ਉਹ ਤੁਹਾਡੇ ਕਾਨੂੰਨਾਂ ਨੂੰ ਨਹੀਂ ਚਲਣ ਦੇਣਗੇ । ਉਹ ਬੜੇ ਸਿਆਣੇ ਹਨ ਅਤੇ ਤੁਹਾਡੇ ਮਹਿਕਮੇ ਦੇ ਕਰਮਚਾਰੀਆਂ ਨਾਲ ਮਿਲਕੇ ਹੀ ਸਾਰੀ ਚੋਰੀ ਕਰਦੇ ਹਨ । ਅਕੱਲਾ ਅਪਰੇਟਰ ਹੀ ਚੋਰੀ ਨਹੀਂ ਕਰ ਸਕਦਾ ਅਤੇ ਜਦੋਂ ਤਕ ਉਸਦੇ ਨਾਲ ਇੰਨਸਪੈਕਟਰ ਜਾਂ ਸਬ ਇਨਸਪੈਕਟਰ ਨਾ ਮਿਲੇ ਹੋਣ ਟੈਕਸ ਦੀ ਚੋਰੀ ਨਹੀਂ ਹੋ ਸਕਦੀ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਤੁਸੀਂ ਰੋਜ਼ ਰੋਜ਼ ਦਾ ਝਗੜਾ ਹੀ ਖਤਮ

(ਸਰਦਾਰ ਹਰਚੰਦ ਸਿੰਘ)

ਕਰੋ ਅਤੇ ਸਾਰੀ ਟਰਾਂਸਪੋਰਟ ਨੂੰ ਨੈਸ਼ਨਲਾਈਜ਼ ਹੀ ਕਰ ਦਿਓ । ਇਸ ਨਾਲ ਨਾ ਤਾਂ ਇਨਸਪੈਕਟਰਾਂ ਤੇ ਸਬ ਇਨਸਪੈਕਟਰਾਂ ਦੀਆਂ ਤਨਖਾਹਾਂ ਦਾ ਬੋਝ ਖਜ਼ਾਨੇ ਤੇ ਪਵੇਗਾ, ਨਾ ਇਹ ਕਿਸੇ ਨੂੰ ਸ਼ਿਕਾਇਤ ਕਰਨ ਦਾ ਮੌਕਾ ਮਿਲੇਗਾ ਕਿ ਸਾਰਾ ਮੁਨਾਫਾ ਟਰਾਂਸਪੋਰਟਰਜ਼ ਹੀ ਖਾ ਜਾਂਦੇ ਹਨ ਅਤੇ ਨਾ ਹੀ ਅਪੋਜ਼ੀਸ਼ਨ ਨੂੰ ਇਹ ਕਹਿਣ ਦਾ ਮੌਕਾ ਮਿਲੇਗਾ ਕਿ ਟਰਾਂਸਪੋਰਟਰਜ਼ ਸਰਕਾਰ ਦੀ ਚੋਣਾਂ ਦੇ ਵੇਲੇ ਇਮਦਾਦ ਕਰਦੇ ਹਨ ਅਤੇ ਪੈਸੇ ਦਿੰਦੇ ਹਨ । ਨੈਸ਼ਨਲਾਈਜ਼ ਕਰਨ ਨਾਲ ਇਸ ਸਾਰੇ ਝਗੜੇ ਦੀ ਜੜ੍ਹ ਹੀ ਮੁਕ ਜਾਵੇਗੀ ਪਰ ਇਥੇ ਤਾਂ ਇਹ ਹਾਲ ਹੈ ਕਿ ਜਿਥੇ ਟਰਾਂਸਪੋਰਟ ਨੂੰ ਨੈਸ਼ਨਲਾਈਜ਼ ਕਰਨ ਦਾ ਫੈਸਲਾ ਹੋ ਵੀ ਚੁਕਾ ਹੈ ਉਥੇ ਵੀ ਉਸ ਫੈਸਲੇ ਤੇ ਅਮਲ ਨਹੀਂ ਕੀਤਾ ਜਾ ਰਿਹਾ ਹੈ। ਪੰਜਾਬ ਵਿਚ ਤਾਂ ਫਿਫਟੀ ਫਿਫਟੀ ਦਾ ਫੈਸਲਾ ਹੈ ਪਰ ਪੈਪਸੂ ਬਾਰੇ ਤਾਂ ਪਹਿਲਾਂ ਦਾ ਹੀ ਫੈਸਲਾ ਹੈ ਕਿ ਉਥੇ ਸਾਰੀ ਟਰਾਂਸਪੋਰਟ ਨੈਸ਼ਨਲਾਈਜ਼ ਹੋਵੇਗੀ ਅਤੇ ਕਾਰਪੋਰੇਸ਼ਨ ਦੀਆਂ ਬਸਾਂ ਹੀ ਚਲਣਗੀਆਂ ਲੇਕਿਨ ਉਥੇ ਵੀ ਵੇਖ ਲਉ ਅਜ ਮਰਜਰ ਹੋਏ 8 ਸਾਲ ਹੋ ਗਏ ਹਨ ਅਤੇ ਇਨਾਂ 8 ਸਾਲਾਂ ਵਿਚ ਕਾਰਪੋਰੇਸ਼ਨ ਨੂੰ ਕੋਈ ਵੀ ਨਵਾਂ ਰੂਟ ਨਹੀਂ ਦਿਤਾ ਹੈ ਅਤੇ ਕਾਰਪੋਰੇਸ਼ਨ ਉਥੇ ਦੀ ਉਥੇ ਹੀ ਖੜੀ ਹੈ। ਖੈਰ ਮੈਂ ਅਰਜ਼ ਕਰਦਾ ਹਾਂ ਕਿ ਤੁਸੀਂ ਉਥੇ ਪੈਪਸੂ ਏਰੀਆ ਵਿਚ ਹੀ ਤਜਰਬਾ ਕਰਕੇ ਵੇਖ ਲਉ ਅਤੇ ਜਿਨ੍ਹਾਂ ਰੂਟਾਂ ਤੇ ਪਰਾਈਵੇਟ ਬਸਾਂ ਚਲਦੀਆਂ ਹਨ ਉਨ੍ਹਾਂ ਨੂੰ ਨੈਸ਼ਨਲਾਈਜ਼ ਕਰਕੇ ਕਾਰਪੋਰੇਸ਼ਨ ਦੀਆਂ ਬਸਾਂ ਚਲਾਉ । ਉਥੇ ਸਾਰੀ ਟਰਾਂਸਪੋਰਟ ਨੂੰ ਨੈਸ਼ਨਲਾਈਜ਼ ਕਰਨ ਵਿਚ ਕੋਈ ਅੜਚਨ ਨਹੀਂ ਹੈ । ਜਦੋਂ ਤਕ ਤੁਸੀਂ ਟਰਾਂਸਪੋਰਟ ਨੂੰ ਨੈਸ਼ਨਲਾਈਜ਼ ਨਹੀਂ ਕਰੋਗੇ ਤੁਸੀਂ ਇਸ ਚੋਰੀ ਨੂੰ ਨਹੀਂ ਰੋਕ ਸਕੋਗੇ ਭਾਵੇਂ ਕਿਤਨੇ ਹੀ ਕਾਨੂੰਨ ਬਣਾ ਲਉ ।

ਪੰਡਤ ਮੋਹਣ ਲਾਲ ਦੱਤ (ਅੰਬ) : ਡਿਪਟੀ ਸਪੀਕਰ ਸਾਹਬ, ਮੈਂ ਆਪਦੇ ਜ਼ਰੀਏ ਵਿੱਤ ਮੰਤਰੀ ਸਾਹਬ ਦਾ ਧਿਆਨ ਪਹਾੜੀ ਇਲਾਕੇ ਦੇ ਛੋਟੇ ਛੋਟੇ ਪਬਲਿਕ ਕੈਰੀਅਰਜ਼ ਵਲ ਦਿਲਾਣਾ ਚਾਹੁੰਦਾ ਹਾਂ ਕਿ ਤੁਸੀਂ ਪਹਾੜੀ ਇਲਾਕਿਆਂ ਦੇ ਛੋਟੇ ਟਰੱਕਾਂ ਨੂੰ ਵੀ ਟੈਕਸ ਲੈਣ ਦੇ ਬਾਰੇ ਵਿਚ ਪਲੇਨਜ਼ ਦੇ ਵੱਡੇ ਵੱਡੇ ਟਰੱਕਾਂ ਦੇ ਐਟ ਪਾਰ ਰਖਿਆ ਹੋਇਆ ਹੈ । ਇਹ ਬੜੀ ਜ਼ਿਆਦਤੀ ਹੈ ਅਤੇ ਇਹ ਠੀਕ ਨਹੀਂ । ਪਲੇਨਜ਼ ਦੇ ਵੱਡੇ ਟਰੱਕਾਂ ਨੂੰ ਜੋ ਬਹੁਤ ਬੋਝ ਲੱਦ ਸਕਦੇ ਹਨ ਇਹ ਤੁਹਾਡਾ ਟੈਕਸ ਵਾਰਾ ਖਾ ਜਾਂਦਾ ਹੈ ਪਰ ਪਹਾੜੀ ਅਲਾਕਿਆਂ ਦੇ ਛੋਟੇ ਟਰੱਕਾਂ ਨੂੰ ਵਾਰਾ ਨਹੀਂ ਖਾਂਦਾ ਹੈ ਅਤੇ ਉਹ ਖਸਾਰੇ ਵਿਚ ਰਹਿੰਦੇ ਹਨ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਇਸ ਟੈਕਸ ਦਾ ਭਾਰ ਪਲੇਨਜ਼ ਤੇ ਪਹਾੜੀ ਇਲਾਕਿਆਂ ਦੇ ਟਰੱਕਾਂ ਤੇ ਇਕ ਜੈਸਾ ਨਹੀਂ ਹੋਣਾ ਚਾਹੀਦਾ ਕਿਉਂ ਕਿ ਪਹਾੜ ਤੇ ਛੋਟੇ ਟਰੱਕਾਂ ਵਾਲਿਆਂ ਨੂੰ ਕਮਾਈ ਥੋੜੀ ਹੁੰਦੀ ਹੈ । ਮੈਂ ਆਸ ਕਰਦਾ ਹਾਂ ਕਿ ਵਜ਼ੀਰ ਸਾਹਬ ਇਸ ਪਾਸੇ ਧਿਆਨ ਦੇਣਗੇ ਅਤੇ ਪਹਾੜੀ ਟਰਕਾਂ ਤੇ ਟੈਕਸ ਘਟ ਕਰਨ ਦਾ ਜਤਨ ਕਰਨਗੇ । ਦੂਜੀ ਗਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਟੈਕਸ ਦੀ ਚੋਰੀ ਕਿਉਂ ਨਾ ਹੋਵੇ ਜਦੋਂ ਕਿ ਸਰਕਾਰ ਨਾਜਾਇਜ਼ ਤੌਰ ਤੇ ਅਪਰੇਟਰਜ਼ ਦੇ ਟਰੱਕ ਇਸਤੇਮਾਲ ਕਰਦੀ ਹੈ । ਜਦੋਂ ਵੀ ਕੋਈ ਜਲਸਾ ਸਰਕਾਰ ਦਾ ਹੁੰਦਾ ਹੈ ਜਾਂ ਕਾਂਗਰਸ ਪਾਰਟੀ ਦਾ ਹੁੰਦਾ ਹੈ ਅਤੇ ਜੇਕਰ ਕਿਸੇ ਮੰਤਰੀ ਨੇ ਕਿਸੇ ਜਲਸੇ ਵਿਚ ਜਾਣਾ ਹੁੰਦਾ ਹੈ ਤਾਂ ਟਰੱਕਾਂ ਵਾਲਿਆਂ ਨੂੰ ਪਕੜ ਲਿਆ ਜਾਂਦਾ ਹੈ ਅਤੇ ਉਨ੍ਹਾਂ ਤੋਂ ਬੇਗਾਰ ਲਈ ਜਾਂਦੀ ਹੈ ਕਿ ਉਹ ਉਸ ਜਲਸੇ ਵਿਚ ਆਪਣੇ ਟਰੱਕ ਨਾਲ ਸਕੂਲਾਂ ਦੇ ਮੁੰਡੇ ਤੇ ਪਿੰਡਾਂ ਦੇ ਲੋਕਾਂ ਨੂੰ ਢੋ ਕੇ ਲਿਆਉਣ ਤਾਕਿ ਜਲਸੇ ਦੀ ਰੌਣਕ ਵਧੇ ਅਤੇ ਮੰਤਰੀ ਸਾਹਬ ਉਥੋਂ ਖੁਸ਼ ਹੋ ਕੇ ਜਾਣ । ਇਸ ਤਰ੍ਹਾਂ ਜੋ ਟਰੱਕਾਂ ਵਾਲਿਆਂ ਤੋਂ ਬੇਗਾਰ ਲਈ ਜਾਂਦੀ ਹੈ ਅਤੇ ਉਨ੍ਹਾਂ ਨੂੰ ਨਾਜਾਇਜ਼ ਤੌਰ ਤੇ ਇਸਤੇਮਾਲ ਕੀਤਾ ਜਾਂਦਾ ਹੈ ਉਸ ਨਾਲ ਉਨ੍ਹਾਂ ਨੂੰ ਵੀ ਮੌਕਾ ਮਿਲ ਜਾਂਦਾ ਹੈ ਕਿ ਉਹ ਵੀ

ਨਾਜਾਇਜ਼ ਤੌਰ ਤੇ ਟੈਕਸ ਦੀ ਹੇਰਾਫੇਰੀ ਕਰਨ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਜਿਥੇ ਅਪਰੇਟਰ ਇਸ ਟੈਕਸ ਦੀ ਚੋਰੀ ਕਰਨ ਵਿਚ ਦੋਸ਼ੀ ਹਨ ਉਥੇ ਸਰਕਾਰ ਵੀ ਇਸ ਦੋਸ਼ ਤੋਂ ਬਰੀ ਨਹੀਂ ਕਿਉਂਕਿ ਇਹ ਖੁਦ ਨਾਜਾਇਜ਼ ਕੰਮ ਕਰਕੇ ਉਨ੍ਹਾਂ ਨੂੰ ਨਾਜਾਇਜ਼ ਕੰਮ ਕਰਨ ਦਾ ਹੌਸਲਾ ਦਿੰਦੀ ਹੈ । ਇਸ ਤੋਂ ਇਲਾਵਾ ਸਬ ਇਨਸਪੈਕਟਰ ਤੇ ਇਨਸਪੈਕਟਰ ਹਨ ਉਨ੍ਹਾਂ ਉਪਰ ਵੀ ਕੋਈ ਕਰੜੀ ਸੁਪਰਵੀਜ਼ਨ ਨਹੀਂ ਹੈ । ਵਜ਼ੀਰ ਸਾਹਿਬ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ।

ਕਾਮਰੇਡ ਜੰਗੀਰ ਸਿੰਘ ਜੋਗਾ (ਤਲਵੰਡੀ ਸਾਬੋ) ਡਿਪਟੀ ਸਪੀਕਰ ਸਾਹਬਾ, ਵੈਸੇ ਤਾਂ ਇਹ ਬਿਲ ਜੋ ਲਿਆਂਦਾ ਗਿਆ ਹੈ ਬਹੁਤ ਚੰਗਾ ਹੈ ਪਰ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਕਾਨੂੰਨ ਨਾਲ ਇਨਾਂ ਚੋਰਾਂ ਤੇ ਕਾਬੂ ਨਹੀਂ ਪਾਇਆ ਜਾ ਸਕਦਾ ਹੈ । ਇਹ ਜੋ ਐਕਟ ਹੈ ਇਸ ਮੁਤਾਬਿਕ ਛੇ ਸੱਤ ਬੱਸਾਂ ਵਾਲੀ ਕੰਪਨੀ ਰਜਿਸਟਰ ਹੁੰਦੀ ਹੈ ਲੇਕਿਨ ਬਾਵਜੂਦ ਇਸ ਗੱਲ ਦੇ ਕਿ ਕੰਪਨੀ ਰਜਿਸਟਰ ਹੁੰਦੀ ਹੈ ਅਸਲ ਵਿਚ ਅਕੱਲੀ ਅਕੱਲੀ ਬਸ ਦਾ ਮਾਲਕ ਹੁੰਦਾ ਹੈ ਅਤੇ ਉਸਦਾ ਹਿਸਾਬ ਕਿਤਾਬ ਵੀ ਅਕੱਲੀ ਅਕੱਲੀ ਬਸ ਦਾ ਰਖਿਆ ਹੁੰਦਾ ਹੈ । ਇਸ ਤਰ੍ਹਾਂ ਇਹ ਟੈਕਸ ਦੀ ਚੋਰੀ ਲਈ ਹੀ ਕੀਤਾ ਜਾਂਦਾ ਹੈ । ਪੈਪਸੂ ਵਿਚ ਫੈਸਲਾ ਸੀ ਕਿ ਉਥੇ ਸਾਰੀ ਟਰਾਂਸਪੋਰਟ ਨੈਸ਼ਨਲਾਈਜ਼ ਕਰਨੀ ਹੈ ਲੇਕਿਨ ਹਾਲਾਤ ਇਹ ਹਨ ਕਿ ਅਜ ਵੀ ਕਾਰਪੋਰੇਸ਼ਨ ਕੋਲ 47 ਫੀ ਸਦੀ ਅਤੇ ਪਰਾਈਵੇਟ ਅਪਰੇਟਰਜ਼ ਕੋਲ 53 ਫੀਸਦੀ ਰੂਟਸ ਹਨ ਪਰ ਇਸ ਤੇ ਵੀ ਉਹ ਪੂਰੀ ਤਰ੍ਹਾਂ ਨਹੀਂ ਉੱਤਰ ਰਹੇ ਹਨ । ਜਿਥੇ ਵੀ ਕੋਈ ਨਵੀਂ ਸੜਕ ਬਣਦੀ ਹੈ ਉਹ ਰੂਟ ਪਰਾਈਵੇਟ ਕੰਪਨੀਆਂ ਨੂੰ ਦੇ ਦਿਤਾ ਜਾਂਦਾ ਹੈ । ਫ਼ਿਰ ਇਹ ਜੋ ਪਰਾਈਵੇਟ ਕੰਪਨੀਆਂ ਵਾਲੇ ਹਨ ਜਿਸ ਤਰ੍ਹਾਂ ਮੈਂ ਅਰਜ਼ ਕੀਤਾ ਹੈ ਅਕੱਲੀ ਅਕੱਲੀ ਬਸ ਦਾ ਹਿਸਾਬ ਕਿਤਾਬ ਰਖਦੇ ਹਨ ਅਤੇ ਜੇਕਰ ਛਾਪਾ ਮਾਰਿਆ ਜਾਵੇ ਤਾਂ ਅਕੱਲੀ ਅਕੱਲੀ ਬੱਸ ਦਾ ਰਜਿਸਟਰ ਫੜਾਇਆ ਜਾ ਸਕਦਾ ਹੈ । ਇਹ ਉਹ ਇਸ ਲਈ ਕਰਦੇ ਹਨ ਤਾਂਕਿ ਘੱਟ ਹਿਸਾਬ ਵਖਾਇਆ ਜਾ ਸਕੇ ਅਤੇ ਇਸ ਤਰ੍ਹਾਂ ਇਨਕਮ ਟੈਕਸ ਵਿਚ ਬਚਤ ਕੀਤੀ ਜਾ ਸਕੇ । ਇਸ ਤੋਂ ਇਲਾਵਾ ਉਹ ਇਹ ਟੈਕਸ ਦੇ ਟਿਕਟ ਵੀ ਜਿਤਨੇ ਕਿਰਾਏ ਮੁਤਾਬਿਕ ਲਗਾਣੇ ਚਾਹੀਦੇ ਹਨ ਪੂਰੇ ਨਹੀਂ ਲਗਾਂਦੇ ਹਨ । ਮੇਰੇ ਪਾਸ ਇਹ ਕੁਝ ਟਿਕਟ ਮੌਜੂਦ ਹਨ ਜਿਹੜੇ ਮੇਰੇ ਪਿਛਲੇ ਦੌਰੇ ਦੇ ਹਨ । ਇਨ੍ਹਾਂ ਨੂੰ ਤੁਸੀਂ ਵੇਖ ਲਉ ਕਿ ਇਨ੍ਹਾਂ ਟਿਕਟਾਂ ਉਪਰ ਜੋ ਟੈਕਸ ਦੇ ਟਿਕਟ ਲਗੇ ਹਨ ਉਹ ਕਿਰਾਏ ਮੁਤਾਬਿਕ ਜਿਤਨੇ ਲਗਣੇ ਚਾਹੀਦੇ ਸਨ ਉਤਨੇ ਨਹੀਂ ਲਗਾਏ ਗਏ ਹਨ ਅਤੇ ਘਟ ਲਗਾਏ ਗਏ ਹਨ ।

ਮੈਂ ਇਹ ਟਿਕਟਾਂ ਹਾਊਸ ਦੀ ਮੇਜ਼ ਉਤੇ ਰਖ ਦਿੰਦਾ ਹਾਂ । ਆਪ ਚੈਕ ਕਰ ਲਓ ਇਸ ਤੋਂ ਪਤਾ ਲਗਦਾ ਹੈ ਕਿ ਪ੍ਰਾਈਵੇਟ ਬਸਾਂ ਵਾਲੇ ਪੈਸੈਂਜਰ ਟੈਕਸ ਘਟ ਲਾਉਂਦੇ ਹਨ, ਇਸ ਦਾ ਹਲ ਇਹ ਹੈ ਕਿ ਪੰਜਾਬ ਵਿਚ ਟਰਾਂਸਪੋਰਟ ਨੈਸ਼ਨਲਾਈਜ਼ ਕਰ ਦਿਤਾ ਜਾਵੇ ।

उपाध्यक्षा: आप यह टिक्टें फिनांस मिनिस्टर को दे दें । (The hon. Member should pass on these tickets to the Finance Minister

ਕਾਮਰੇਡ ਜੰਗੀਰ ਸਿੰਘ ਜੋਗਾ: ਮੈਂ ਇਹ ਟਿਕਟਾਂ ਸਦਨ ਦੀ ਮੇਜ਼ ਉਤੇ ਰਖਣੀਆਂ ਚਾਹੁੰਦਾ ਹਾਂ ।

उपाध्यक्षा: मैं अलाऊ नहीं करती । यह टिक्टें फिनांस मिनिस्सटर को दे दें। (I do not allow. Please pass on these to the Finance Minister.)

ਕਾਮਰੇਡ ਜੰਗੀਰ ਸਿੰਘ ਜੋਗਾ: ਅਸੀਂ ਹਾਊਸ ਦੀ ਮੇਜ਼ ਉਤੇ ਰਖਣਾ ਚਾਹੁੰਦੇ ਹਾਂ ਤਾਕਿ ਇਨ੍ਹਾਂ ਪ੍ਰਾਈਵੇਟ ਆਪਰੇਟਰਾਂ ਦੀ ਹੇਰਾ ਫੇਰੀ ਦਾ ਸਾਰਿਆਂ ਨੂੰ ਪਤਾ ਲਗ ਸਕੇ ।

Deputy Speaker: Please pass on these tickets to the Finance Minister. He will check it.

ਕੁਝ ਆਵਾਜ਼ਾਂ: ਅਸੀਂ ਇਹ ਟਿਕਟਾਂ ਹਾਊਸ ਵਿਚ ਰਖਣਾ ਚਾਹੁੰਦੇ ਹਾਂ । ਅਗਰ ਅਸੀਂ ਇਹ ਟਿਕਟਾਂ ਫਿਨਾਂਸ ਮਨਿਸਟਰ ਨੂੰ ਦੇਣੀਆਂ ਸਨ ਤਾਂ ਅਸੀਂ ਇਨ੍ਹਾਂ ਨੂੰ ਲੁਧਿਆਣਾ ਦੇ ਸਕਦੇ ਸੀ ।

ਕਾਮਰੇਡ ਭਾਨ ਸਿੰਘ ਭੌਰਾ: ਆਨ ਏ ਪੁਆਇੰਟ ਆਫ ਆਰਡਰ, ਮੈਡਮ । ਅਗਰ ਕੋਈ ਆਨਰੇਬਲ ਮੈਂਬਰ ਬੋਲਦੇ ਹੋਏ ਕੋਈ ਚੀਜ਼ ਮੇਜ਼ ਉਤੇ ਰਖਣਾ ਚਾਹੁੰਦਾ ਹੋਵੇ ਤਾਂ ਕੀ ਆਪ ਉਸ ਨੂੰ ਉਹ ਚੀਜ਼ ਰਖਣ ਤੋਂ ਰੋਕ ਸਕਦੇ ਹੋ ?

उपाध्यक्षा: यह चेयर की मर्ज़ी है । (It is the discretion of the Chair.)

ਵਿੱਤ ਅਤੇ ਯੋਜਨਾ ਮੰਤਰੀ: ਡਿਪਟੀ ਸਪੀਕਰ ਸਾਹਿਬਾ, ਇਨ੍ਹਾਂ ਨੂੰ ਇਹ ਟਿਕਟਾਂ ਮੇਜ਼ ਉਤੇ ਰਖਣ ਦੀ ਇਜਾਜ਼ਤ ਦੇ ਦੇਵੋ, ਮੈਂ ਵੇਖ ਲਵਾਂਗਾ ।

*(*At this stage the hon. Member, Comrade Jangir Singh Joga laid 4 bus tickets on the Table of the House.*)

Deputy Speaker : Kindly wind up now.

ਕਾਮਰੇਡ ਜੰਗੀਰ ਸਿੰਘ ਜੋਗਾ : ਡਿਪਟੀ ਸਪੀਕਰ ਸਾਹਿਬਾ, ਮੈਂ ਬੋਲ ਰਿਹਾ ਸੀ ਅਤੇ ਇਕ ਦੋ ਮਿੰਟਾਂ ਵਿਚ ਬੰਦ ਕਰ ਦੇਵਾਂਗਾ ਡਿਪਟੀ ਸਪੀਕਰ ਸਾਹਿਬਾ, ਮੇਰਾ ਤਜਰਬਾ ਵੀ ਹੈ ਕਿ ਪ੍ਰਾਈਵੇਟ ਆਪਰੇਟਰਜ਼ ਟੈਕਸ ਦੀ ਬਹੁਤ ਈਵੇਜ਼ਨ ਕਰਦੇ ਹਨ । ਮੈਂ ਇਨਸਪੈਕਟਰ ਦਾ ਨਾਂ ਨਹੀਂ ਦਸਣਾ ਚਾਹੁੰਦਾ । ਮੈਂ ਇਕ ਬਾਰ ਕਿਸੇ ਕੰਮ ਲਈ ਸਿਰਸੇ ਜਾ ਰਿਹਾ ਸੀ, ਉਸ ਬਸ ਵਿਚ 65 ਦੇ ਲਗ ਭਗ ਸਵਾਰੀਆਂ ਸਨ । ਉਨ੍ਹਾਂ ਕੋਲੋਂ ਕੰਡਕਟਰ ਨੇ ਕਰਾਇਆ ਲੈ ਲਿਆ ਲੇਕਿਨ ਟਿਕਟਾਂ ਇਸ਼ੂ ਨਹੀਂ ਕੀਤੀਆਂ ਸਨ ਉਨ੍ਹਾਂ ਵਿਚ ਇਨਸਪੈਕਟਰ ਵੀ ਸ਼ਰਾਬ ਪੀ ਕੇ ਬੈਠਿਆ ਸੀ ਉਸ ਨੂੰ ਕੋਈ ਹੋਸ਼ ਨਹੀਂ ਸੀ । ਮੇਰੇ ਕੋਲੋਂ ਵੀ ਕਿਰਾਇਆ ਲੈ ਲਿਆ ਲੇਕਿਨ ਟਿਕਟ ਨਹੀਂ ਦਿਤੀ । ਮੈਂ ਟਿਕਟ ਲੈਣ ਬਾਰੇ ਕਿਹਾ ਸੀ, ਬਾਅਦ ਵਿਚ ਇਨਸਪੈਕਟਰ ਦੀ ਤਰਫ ਨਿਗਾਹ ਗਈ । ਬਾਅਦ ਵਿਚ ਉਸ ਨੇ ਮੁਆਫੀ ਭੀ ਮਗੀ । ਉਸ ਨੂੰ ਮੁਆਫ ਭੀ ਕਰ ਦਿਤਾ ਕਿਉਂਕਿ ਉਹ ਛੋਟਾ ਮੁਲਾਜ਼ਮ ਸੀ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪ੍ਰਾਈਵੇਟ ਆਦਮੀ ਬਸਾਂ ਚਲਾ ਕੇ ਬਈਮਾਨੀਆਂ ਕਰਦੇ ਹਨ । ਇਨਸਪੈਕਟਰਾਂ ਦੇ ਮਹੀਨੇ ਦੇ ਪੈਸੇ ਬੰਨ੍ਹੇ ਹੋਏ ਹਨ । ਮੈਂ ਚਾਹੁੰਦਾ ਹਾਂ ਜਿਵੇਂ ਫਿਨਾਂਸ ਮਨਿਸਟਰ ਨੇ ਦੁਕਾਨਾਂ ਉਤੇ ਸੇਲਜ਼ ਟੈਕਸ ਦੇ ਬਾਰੇ ਛਾਪੇ ਮਾਰੇ ਅਤੇ ਕਾਫੀ ਰੁਪਿਆ ਈਵੇਜ਼ਨ ਦਾ ਇਕੱਠਾ ਕੀਤਾ ਉਸੇ ਤਰ੍ਹਾਂ ਪ੍ਰਾਈਵੇਟ ਬਸਾਂ ਵਾਲਿਆਂ ਉਤੇ ਛਾਪੇ ਮਾਰੇ ਜਾਣ ਅਤੇ ਟੈਕਸਾਂ ਦੀ ਚੋਰੀ ਜਿਹੜੀ ਹੋ ਰਹੀ ਹੈ, ਉਸ ਨੂੰ ਰੋਕਿਆ ਜਾਵੇ ।

---

*Placed in the Library.

ਵਿੱਤ ਅਤੇ ਯੋਜਨਾ ਮੰਤਰੀ (ਸਰਦਾਰ ਕਪੂਰ ਸਿੰਘ) : ਡਿਪਟੀ ਸਪੀਕਰ ਸਾਹਿਬਾ, ਜਿਹੜੀਆਂ ਗੱਲਾਂ ਕਾਮਰੇਡ ਜੰਗੀਰ ਸਿੰਘ ਨੇ ਹਾਊਸ ਵਿਚ ਦੱਸੀਆਂ ਹਨ ਉਨ੍ਹਾਂ ਦੇ ਬਾਰੇ ਅਰਜ਼ ਕਰਨਾ ਚਾਹੁੰਦਾ ਹਾਂ । ਮੈਨੂੰ ਇਸ ਬਾਰੇ ਬਹੁਤ ਸਾਰੀਆਂ ਗਲਾਂ ਦਾ ਪਤਾ ਹੈ ਕਿ ਲੋਕ ਟੈਕਸ ਦੀ ਈਵੇਜ਼ਨ ਕਰਦੇ ਹਨ । ਇਹੋ ਵਜ੍ਹਾ ਹੈ ਕਿ ਸਾਨੂੰ ਇਸ ਦੇ ਬਾਰੇ ਅਮੈਂਡਿੰਗ ਬਿਲ ਲਿਆਉਣਾ ਪਿਆ ਅਗਰ ਇਨ੍ਹਾਂ ਕਮੀਆਂ ਦਾ ਪਤਾ ਨਾ ਹੁੰਦਾ ਤਾਂ ਇਸ ਬਿਲ ਦੀ ਲਿਆਉਣ ਦੀ ਕੋਈ ਲੋੜ ਨਹੀਂ ਸੀ । ਮੈਨੂੰ ਪਤਾ ਹੈ ਕਿ ਪ੍ਰਾਈਵੇਟ ਆਪਰੇਟਰਜ਼ ਕਾਫੀ ਹਦ ਤਕ ਟੈਕਸ ਦੀ ਈਵੇਜ਼ਨ ਕਰਦੇ ਹਨ । ਅਸੀਂ ਸੋਚਿਆ ਇਸ ਚੀਜ਼ ਨੂੰ ਰੋਕਣ ਲਈ ਕੋਈ ਨਾ ਕੋਈ ਢੰਗ ਕਢਿਆ ਜਾਵੇ । ਅਸੀਂ ਇਸ ਬਿਲ ਦੇ ਰਾਹੀਂ 2,000 ਰੁਪਏ ਪੈਨਲਟੀ ਜ਼ਿਆਦਾ ਤੋਂ ਜ਼ਿਆਦਾ ਰਖੀ ਹੈ । ਅਸੀਂ ਇਸ ਤਰ੍ਹਾਂ ਕਰਕੇ ਕਿਸੇ ਦੇ ਨਾਲ ਵਿੰਡਿਕਟਿਵ ਨਹੀਂ ਹੋਣਾ ਚਾਹੁੰਦੇ । ਮੈਂ ਇਸ ਬਾਰੇ ਆਪਣੇ ਮਹਿਕਮੇ ਨੂੰ ਇਨਸਟਰਕਸ਼ਨਜ਼ ਜਾਰੀ ਕਰਾਂਗਾ ਕਿ ਜਦੋਂ ਵੀ ਅਸੈਸਮੈਂਟ ਅਥਾਰਟੀ ਪੈਨਲਟੀ ਲਾਵੇਗੀ ਤਾਂ ਸਰਕਮਸਟਾਂਸਿਜ਼ ਨੂੰ ਵੇਖ ਕੇ ਅਸੈਸ ਕਰੇਗਾ । ਆਰਬਿਟਰੇਰੀ ਪੈਨਲਟੀ ਨਹੀਂ ਲਗੇਗੀ । ਮੇਰੇ ਕੋਲ ਭੀ ਫੈਕਟਸ ਐਂਡ ਫਿਗਰਜ਼ ਹਨ, ਮਹਿਕਮੇ ਦੇ ਕੋਲ ਵੀ ਫਿਗਰਜ਼ ਮੌਜੂਦ ਹਨ ਅਤੇ ਕਈ ਵੇਰ ਵੇਖਿਆ ਹੈ ਕਿ ਪ੍ਰਾਈਵੇਟ ਬਸਾਂ ਵਾਲੇ ਸਾਰੀ ਦੀ ਸਾਰੀ ਬਸ ਭਰ ਕੇ ਬਗੈਰ ਟਿਕਟਾਂ ਤੇ ਲੈ ਜਾਂਦੇ ਹਨ । ਇਨਫੋਰਸਮੈਂਟ ਪਾਰਟੀਆਂ ਦੀ 15 ਦਿਨਾਂ ਦੇ ਬਾਅਦ ਜਾਂ ਇਕ ਮਹੀਨੇ ਦੇ ਬਾਅਦ ਰੀਪੋਰਟ ਆਉਂਦੀ ਹੈ । ਉਸ ਰੀਪੋਰਟ ਵਿਚ ਲਿਖਿਆ ਹੁੰਦਾ ਹੈ ਕਿ ਪ੍ਰਾਈਵੇਟ ਆਪਰੇਟਰਾਂ ਵਿੱਚ ਟੈਕਸਾਂ ਦੀ ਈਵੇਜ਼ਨ ਹੁੰਦੀ ਹੈ । ਇਸ ਚੀਜ਼ ਨੂੰ ਮੁਖ ਰਖਦੇ ਹੋਏ ਇਹ ਬਿਲ ਹਾਊਸ ਵਿਚ ਪੇਸ਼ ਕੀਤਾ ਹੈ ਤਾਕਿ ਟੈਕਸ ਦੇ ਈਵੇਜ਼ਨ ਨੂੰ ਰੋਕਿਆ ਜਾ ਸਕੇ ।

ਡਿਪਟੀ ਸਪੀਕਰ ਸਾਹਿਬਾ, ਚੌਧਰੀ ਰਣਬੀਰ ਸਿੰਘ ਨੇ ਆਪਣੀ ਸਪੀਚ ਵਿਚ ਇਤਰਾਜ਼ ਉਠਾਇਆ ਸੀ ਕਿ ਮੈਂਬਰਾਂ ਨੂੰ ਅਮੈਂਡਿੰਗ ਬਿਲ ਦੇ ਨਾਲ ਪ੍ਰਿੰਸੀਪਲ ਐਕਟ ਵੀ ਦੇਣਾ ਚਾਹੀਦਾ ਹੈ ਤਾਕਿ ਮੈਂਬਰਾਂ ਨੂੰ ਬਿਲ ਸਮਝਣ ਵਿਚ ਤਕਲੀਫ ਪੈਦਾ ਨਾ ਹੋਵੇ । ਇਸ ਬਾਰੇ ਜਿਹੜਾ ਪਹਿਲਾ ਪ੍ਰੋਸੀਜਰ ਚਲ ਰਿਹਾ ਹੈ ਉਸ ਨੂੰ ਹੀ ਅਡਾਪਟ ਕੀਤਾ ਹੋਇਆ ਹੈ । ਉਸ ਵਿਚ ਕੋਈ ਚੇਂਜ ਨਹੀਂ ਲਿਆਈ ਗਈ ।

ਮੈਂ ਕੰਡਕਟਰਾਂ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ । ਸਰਕਾਰ ਕੰਡਕਟਰਾਂ ਉਤੇ ਕੋਈ ਸਖਤੀ ਨਹੀਂ ਕਰਨਾ ਚਾਹੁੰਦੀ । ਕਈ ਵੇਰ ਵੇਖਿਆ ਹੈ ਕਿ ਜਦੋਂ ਚੈਕਿੰਗ ਕਰਨ ਲਈ ਜਾਂ ਦੂਜੇ ਕੰਮ ਲਈ ਡਾਕੂਮੈਂਟ ਡਰਾਈਵਰ ਕੋਲੋਂ ਮੰਗੇ ਜਾਂਦੇ ਸਨ ਤਾਂ ਉਹ ਕਹਿ ਦਿੰਦਾ ਸੀ ਕਿ ਇਹ ਡਾਕੂਮੈਂਟ ਕੰਡਕਟਰ ਦੇ ਪਾਸ ਹਨ । ਐਕਟ ਦੇ ਮੁਤਾਬਿਕ ਕੰਡਕਟਰ ਨੂੰ ਪੁਛਿਆ ਨਹੀਂ ਜਾ ਸਕਦਾ ਸੀ । ਇਹ ਮਸੀਬਤ ਅਸੈਸਮੈਂਟ ਅਥਾਰਟੀ ਨੂੰ ਸੀ, ਇਸ ਚੀਜ਼ ਨੂੰ ਮੁਖ ਰਖਦੇ ਹੋਏ ਇਸ ਕਲਾਜ਼ ਵਿਚ ਅਮੈਂਡਮੈਂਟ ਕੀਤੀ ਗਈ ਹੈ । ਸਾਡਾ ਮੰਸ਼ਾ ਕੰਡਕਟਰਾਂ ਨੂੰ ਤੰਗ ਕਰਨ ਦਾ ਨਹੀਂ ਹੈ । ਇਸ ਦੇ ਨਾਲ ਇਹ ਵੀ ਪ੍ਰੋਵੀਜ਼ਨ ਕਰ ਦਿਤੀ ਹੈ ਕਿ ਜਦੋਂ ਅਸੈਸਮੈਂਟ ਅਥਾਰਟੀ ਜਾਂ ਚੈਕਿੰਗ ਅਥਾਰਟੀ ਕਿਸੇ ਡਰਾਈਵਰ ਜਾਂ ਕੰਡਕਟਰ ਕੋਲੋਂ ਕੋਈ ਡਾਕੂਮੈਂਟ ਲੈਂਦੀ ਹੈ ਤਾਂ ਉਸ ਅਥਾਰਟੀ ਦਾ ਫਰਜ਼ ਹੈ ਕਿ ਉਹ ਡਾਕੂਮੈਂਟ ਦੇ ਬਾਰੇ ਉਨ੍ਹਾਂ ਨੂੰ ਲਿਖ ਕੇ ਦੇਵੇ ਤਾਕਿ ਉਨ੍ਹਾਂ ਦਾ ਕੰਮ ਕਿਸੇ ਤਰ੍ਹਾਂ ਦੇ ਨਾਲ ਨਾ ਰੁਕੇ । ਐਕਟ ਨੂੰ ਕੁਝ ਲਫਜ਼ਾਂ ਦੇ ਰਾਹੀਂ ਅਮੈਂਡ ਕੀਤਾ ਗਿਆ ਹੈ ਕਿਉਂਕਿ ਐਕਟ ਦੇ ਵਿਚ ਠੀਕ ਲਫਜ਼ ਨਹੀਂ ਸਨ । ਕਲਾਜ 13 ਵਿਚ ਕੋਈ ਫਰਕ ਨਹੀਂ ਲਾਇਆ ਗਿਆ ਬਲਕਿ ਲਫਜ਼ਾਂ ਦੇ ਵਿਚ ਹੀ ਕੁਰੈਕਸ਼ਨ ਕੀਤੀ ਗਈ । ਪਹਿਲਾਂ ਲਫਜ਼ਾਂ ਦੇ ਨਾਲ ਇਨਟਰਪ੍ਰਟੇਸ਼ਨ ਵਿਚ ਫਰਕ ਆ ਜਾਂਦਾ ਸੀ ਉਸ ਨੂੰ ਹੀ ਸਹੀ ਕੀਤਾ ਜਾ ਰਿਹਾ ਹੈ । ਪ੍ਰਾਸੀਕਿਊਸ਼ਨ ਦੇ ਬਾਰੇ ਵੀ ਕੋਈ ਤਬਦੀਲੀ ਨਹੀਂ ਲਿਆਂਦੀ ਗਈ ।

[ਵਿਤ ਅਤੇ ਯੋਜਨਾ ਮੰਤਰੀ]

ਡਿਪਟੀ ਸਪੀਕਰ ਸਾਹਿਬਾ, ਮੈਂ ਆਪ ਦੇ ਰਾਹੀਂ ਮਾਨਯੋਗ ਮੈਂਬਰਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਸਰਕਾਰ ਦੀ ਪਾਲੀਸੀ ਹੈ ਕਿ ਟੈਕਸ ਈਵੇਜ਼ਨ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਰੋਕਿਆ ਜਾਵੇ। ਈਵੇਜ਼ਨ ਕਿਨ੍ਹਾਂ ਕਿਨ੍ਹਾਂ ਵਜ੍ਹਾ ਦੇ ਨਾਲ ਹੁੰਦਾ ਹੈ ਉਸ ਦੇ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬਾ, ਇਕ ਤਾਂ ਇਵੇਯਨ ਦਾ ਇਹ ਕਾਰਨ ਹੈ ਕਿ ਐਕਟ ਹੀ ਅਜਿਹਾ ਕੰਪਲੀਕੇਟਿਡ ਬਣ ਗਿਆ ਹੈ ਅਤੇ ਉਸ ਦੇ ਵਿਚ ਅਜਿਹੇ ਲੂਪਹੋਲਜ਼ ਛਡ ਦਿਤੇ ਗਏ ਹਨ ਕਿ ਜਿਨ੍ਹਾਂ ਨਾਲ ਉਪ੍ਰੇਟਰਜ਼ ਨੂੰ ਅਤੇ ਬਸ ਓਨਰਜ਼ ਨੂੰ ਟੈਕਸ ਇਵੇਡ ਕਰਨ ਦਾ ਮੌਕਾ ਮਿਲਦਾ ਹੈ। ਦੂਸਰੀ ਤਰਫ ਮੈਂ ਉਨ੍ਹਾਂ ਦੀ ਜ਼ਿਆਦਾ ਹਿਮਾਇਤ ਤਾਂ ਨਹੀਂ ਕਰਦਾ ਕਿਉਂਕਿ ਸਾਰੇ ਤਾਂ ਨਹੀਂ ਪਰ ਟੈਕਸੇਸ਼ਨ ਡੀਪਾਰਟਮੈਂਟ ਵਿਚ ਵੀ ਅਤੇ ਦੂਸਰੇ ਥਾਵਾਂ ਤੇ ਵੀ ਬਲੈਕ ਸ਼ੀਪਸ ਤਾਂ ਹੁੰਦੀਆਂ ਹੀ ਹਨ। ਇਸ ਕਰਕੇ ਇਹ ਵੀ ਹੋ ਸਕਦਾ ਹੈ ਕਿ ਸਾਡੇ ਟੈਕਸੇਸ਼ਨ ਡੀਪਾਰਟਮੈਂਟ ਦੇ ਅਫਸਰ ਉਨ੍ਹਾਂ ਨਾਲ ਮਿਲ ਕੇ ਟੈਕਸ ਇਵੇਡ ਕਰਨ ਵਿਚ ਮਦਦ ਕਰਦੇ ਹੋਣ। ਇਸੇ ਲਈ ਸਾਡੀ ਇਹ ਬੜੀ ਸਖਤ ਕੋਸ਼ਿਸ਼ ਹੈ ਕਿ ਟੈਕਸੇਸ਼ਨ ਐਕਟ ਵਿਚ ਟੈਕਸ ਲੈਣ ਦਾ ਜਿਹੜਾ ਪ੍ਰੋਸੀਜਰ ਹੈ ਇਸ ਨੂੰ ਸਿੰਪਲੀਫਾਈ ਕੀਤਾ ਜਾਵੇ। ਅਸੀਂ ਇਹ ਵੀ ਚਾਹੁੰਦੇ ਹਾਂ ਕਿ ਜਿਹੜੇ ਲੋਕ ਟੈਕਸ ਵਸੂਲ ਕਰਦੇ ਹਨ ਉਨ੍ਹਾਂ ਦੇ ਮਨ ਵਿਚ ਇਹ ਚੀਜ਼ ਲਿਆਂਦੀ ਜਾਵੇ ਕਿ ਟੈਕਸ ਨੂੰ ਇਵੇਡ ਕਰਨ ਵਿਚ ਮਦਦ ਦੇਣਾ ਕੰਟਰੀ ਦੇ ਖਿਲਾਫ ਐਜ਼ੇ ਹੋਲ ਇਹ ਬੜਾ ਭਾਰੀ ਜੁਰਮ ਹੈ। ਇਹ ਨਹੀਂ ਹੋਣਾ ਚਾਹੀਦਾ। ਅਸੀਂ ਇਹ ਨਹੀਂ ਚਾਹੁੰਦੇ ਕਿ ਉਨ੍ਹਾਂ ਨੂੰ ਹਰ ਵੇਲੇ ਜ਼ੋਰ ਨਾਲ ਸਮਝਾਉਂਦੇ ਰਹੀਏ ਅਤੇ ਇਹ ਵੀ ਨਹੀਂ ਚਾਹੁੰਦੇ ਕਿ ਉਨ੍ਹਾਂ ਨੂੰ ਖੁਲ੍ਹ ਦਿਤੀ ਜਾਵੇ ਪਰ ਅਸੀਂ ਇਹ ਜ਼ਰੂਰ ਚਾਹੁੰਦੇ ਹਾਂ ਕਿ ਟੈਕਸੇਸ਼ਨ ਐਕਟ ਵਿਚ ਜਿਹੜੀਆਂ ਖਾਮੀਆਂ ਹਨ ਜਿਹੜੀਆਂ ਕਿ ਇਵੇਯਨ ਦਾ ਕਾਰਨ ਬਣ ਸਕਦੀਆਂ ਹਨ ਉਨ੍ਹਾਂ ਨੂੰ ਦੂਰ ਕੀਤਾ ਜਾਵੇ। ਜਿਸ ਤਰ੍ਹਾਂ ਕਿ ਮੈਂ ਪਹਿਲੇ ਅਰਜ਼ ਕੀਤਾ ਹੈ ਕਿ ਬਾਜ਼ ਦਫਾ ਮੇਰੇ ਨੋਟਿਸ ਵ੍ਰਿਚ ਆਇਆ ਹੈ ਕਿ ਕਿਸੇ ਨਾਂ ਕਿਸੇ ਜਗ੍ਹਾ ਤੇ ਹੋ ਸਕਦਾ ਹੈ ਕਿ ਸਾਡੇ ਆਦਮੀ ਵੀ ਮਿਲਕੇ ਇਸ ਕੰਮ ਵਿਚ ਮਦਦ ਕਰਦੇ ਹੋਣ। ਮੈਂ ਇਹ ਗੱਲ ਤਾਂ ਨਹੀਂ ਕਹਿੰਦਾ ਕਿ ਸਾਰੇ ਕਰਦੇ ਹਨ ਪਰ ਬਲੈਕ ਸ਼ੀਪਸ ਹਰ ਜਗ੍ਹਾਂ ਹੁੰਦੀਆਂ ਹਨ। ਮੈਂ ਡੀਫੈਂਸ ਨਹੀਂ ਲੈਂਦਾ, ਮੈਂ ਕਹਿੰਦਾ ਹਾਂ ਕਿ ਹੋ ਸਕਦਾ ਹੈ।

ਅਗੇ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਗੌਰਮਿੰਟ ਦੀਆਂ ਨਜ਼ਰਾਂ ਵਿਚ ਛੋਟਾ ਅਤੇ ਵੱਡਾ ਆਦਮੀ ਸਭ ਬਰਾਬਰ ਹਨ ਕਿਉਂ ਜੋ ਐਕਟ ਲਾਗੂ ਹੁੰਦਾ ਹੈ ਤਾਂ ਉਹ ਨਹੀਂ ਵੇਖਦਾ ਕਿ ਕੋਈ ਆਦਮੀ ਛੋਟਾ ਹੈ ਜਾਂ ਬੜਾ ਹੈ। ਇਸ ਲਈ ਇਹ ਖਿਆਲ ਕਦੀ ਵੀ ਮਨ ਵਿਚ ਨਹੀਂ ਲਿਆਂਦਾ ਜਾਵੇਗਾ ਕਿ ਕੋਈ ਆਦਮੀ ਵੱਡਾ ਹੈ ਅਤੇ ਉਸ ਦਾ ਖਿਆਲ ਕਰਕੇ ਉਸ ਦੀ ਰਿਆਇਤ ਕੀਤੀ ਜਾਵੇ ਜਾਂ ਜੇ ਕਰ ਕੋਈ ਛੋਟਾ ਆਦਮੀ ਹੈ ਤਾਂ ਉਸ ਨੂੰ ਜ਼ਿਆਦਾ ਤੰਗ ਕੀਤਾ ਜਾਵੇ। ਗੌਰਮੰਟ ਦੇ ਮਨ ਵਿਚ ਇਹ ਗਲ ਕਦੇ ਵੀ ਨਹੀਂ ਆਵੇਗੀ ਜਦੋਂ ਕਿ ਉਹ ਟੈਕਸ ਲਾਜ਼ ਤੇ ਅਮਲ ਕਰ ਰਹੀ ਹੋਵੇਗੀ।

ਮੈਂ ਆਨਰੇਬਲ ਮੈਂਬਰਜ਼ ਨੂੰ ਇਕ ਵਾਰ ਫਿਰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਜਿਥੋਂ ਤਕ ਟੈਕਸ਼ੇਸਨ ਦਾ ਤੱਅਲੁਕ ਹੈ ਇਹ ਗਲ ਅਸੀਂ as a general policy ਮਨ ਵਿਚ ਰਖ ਰਹੇ ਹਾਂ ਕਿ ਕਿਸੇ ਨਾ ਕਿਸੇ ਤਰ੍ਹਾਂ ਲੋਕਾਂ ਦੇ ਮਨ ਵਿਚ ਇਹ ਚੀਜ਼ ਪਾਉਣੀ ਹੈ ਕਿ ਟੈਕਸ ਇਵੇਜ਼ਨ ਬੜਾ ਭਾਰੀ ਜੁਰਮ ਹੈ ਜਿਹੜਾ ਕਿ ਬੰਦ ਹੋਣਾ ਚਾਹੀਦਾ ਹੈ। ਜਿਸ ਤਰ੍ਹਾਂ ਕਿ ਇਕ ਆਨਰੇਬਲ ਮੈਂਬਰ ਦੀ ਤਰਫੋਂ ਕਿਹਾ ਗਿਆ ਹੈ ਮੈਂ ਜਾਣਦਾ ਹਾਂ ਕਿ ਡੈਟਰੈਂਟ

ਪਨਿਸ਼ਮੈਂਟ ਕਿਸੇ ਚੀਜ਼ ਦੀ ਰੈਮਿਡੀ ਨਹੀਂ ਬਣ ਸਕਦੀ ਜਿੰਨੀ ਦੇਰ ਤਕ ਲੋਕਾਂ ਦੇ ਮਨ ਵਿਚ ਇਹ ਖਿਆਲ ਨਾ ਪੈਦਾ ਕੀਤਾ ਜਾਵੇ ਕਿ ਟੈਕਸ ਇਵੇਜ਼ਨ ਨਹੀਂ ਹੋਣਾ ਚਾਹੀਦਾ । ਜਿਥੇ ਇਕ ਤਰਫ ਉਨ੍ਹਾਂ ਦੇ ਮਨ ਵਿਚ ਇਹ ਚੀਜ਼ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਉਥੇ ਦੂਸਰੀ ਤਰਫ ਨਾਲ ਹੀ ਨਾਲ ਇਹ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਐਕਟ ਦੀਆਂ ਜਿਹੜੀਆਂ ਕੁਝ ਅਜਿਹੀਆਂ ਕਲਾਜ਼ਿਜ਼ ਹਨ ਜੋ ਕਿ ਟੈਕਸ ਇਵੇਯਨ ਦਾ ਕਾਰਨ ਬਣ ਸਕਦੀਆਂ ਹਨ, ਟੈਕਸ ਦਹਿੰਦਿਆਂ ਦੀ ਖਾਤਰ ਉਨ੍ਹਾਂ ਨੂੰ ਰੀਮੂਵ ਕੀਤਾ ਜਾਵੇ। ਜੋਗਾ ਸਾਹਿਬ ਅਤੇ ਸਰਦਾਰ ਹਰਚੰਦ ਸਿੰਘ ਹੋਰਾਂ ਨੇ ਤਾਂ ਇਹ ਕਿਹਾ ਹੈ ਕਿ ਟੈਕਸੇਸ਼ਨ ਦੀ ਬੀਮਾਰੀ ਨੂੰ ਹੀ ਕਟੋ ਅਤੇ ਉਨ੍ਹਾਂ ਨੇ ਨੈਸ਼ਨਲਾਈਜ਼ੇਸ਼ਨ ਦੀ ਸਲਾਹ ਦਿਤੀ ਹੈ । ਜਦੋਂ ਗੌਰਮਿੰਟ ਕੋਲ ਹੀ ਸਾਰਾ ਕੰਮ ਆ ਜਾਵੇਗਾ ਤਾਂ ਟੈਕਸ ਇਵੇਯਨ ਦਾ ਸਵਾਲ ਹੀ ਨਹੀਂ ਰਹਿ ਜਾਵੇਗਾ । ਮੈਂ ਉਨ੍ਹਾਂ ਦੀ ਖਿਦਮਤ ਵਿਚ ਅਰਜ਼ ਕਰ ਦੇਵਾਂ ਕਿ ਇਸ ਗਲ ਤੇ contract agreement ਦੇ ਮਾਤਹਿਤ ਆਹਿਸਤਾ ਆਹਿਸਤਾ ਅਮਲ ਕੀਤਾ ਜਾ ਰਿਹਾ ਹੈ । ਪੰਡਤ ਮੋਹਨ ਲਾਲ ਦੱਤ ਸਾਹਿਬ ਨੇ ਕਿਹਾ ਹੈ ਕਿ ਹਿਲ ਏਰੀਆਜ਼ ਵਿਚ ਟੈਕਸ ਘਟ ਹੋਣਾ ਚਾਹੀਦਾ ਹੈ। ਇਹ ਜਾਣਦੇ ਹਨ ਕਿ ਉਸ ਮਸਲੇ ਤੇ ਗੌਰ ਹੋ ਰਿਹਾ ਹੈ । ਮੁਮਕਿਨ ਹੈ ਕਿ ਕੁਝ ਦੇਰ ਲਗ ਜਾਵੇ । ਮੇਰੇ ਧਿਆਨ ਵਿਚ ਹੈ ਅਤੇ ਮੈਂ ਲਿਖ ਕੇ ਵੀ ਭੇਜਿਆ ਹੈ ਕਿ ਮਹਿਕਮੇ ਵਾਲੇ ਆਪਣੇ ਕਮੈਂਟਸ ਮੈਨੂੰ ਭੇਜਣ । ਇਥੇ ਇਹ ਵੀ ਕਿਹਾ ਗਿਆ ਹੈ ਕਿ ਟਿਕਟਾਂ ਚਸਪਾਂ ਕਰਨ ਦੀ ਵੀ ਟੈਕਸ ਵਸੂਲ ਕਰਨ ਵਿਚ ਕੋਈ ਇਫੈਕਟਿਵ ਰੈਮਿਡੀ ਨਹੀਂ ਹੈ । ਮੈਂ ਅਰਜ਼ ਕਰ ਦੇਵਾਂ ਕਿ ਮੈਂ ਇਸ ਚੀਜ਼ ਨੂੰ ਵੀ ਵੇਖ ਰਿਹਾ ਹਾਂ । ਮੈਂ ਵੇਖ ਰਿਹਾ ਸੀ ਕਿ ਮੈਨੂੰ ਕੋਈ ਸੁਜੈਸ਼ਨ ਦਿੱਤੀ ਜਾਵੇ, ਅਜ ਆਨਰੇਬਲ ਮੈਂਬਰ ਸਾਹਿਬਾਨ ਨੇ ਦਿੱਤੀ ਹੈ । ਇਕ ਹੋਰ ਪਾਸਿਉਂ ਵੀ ਸੁਜੈਸ਼ਨ ਆਈ ਹੈ । ਅਸੀਂ ਉਸ ਸੁਜੈਸ਼ਨ ਤੇ ਵੀ ਗੌਰ ਕਰ ਰਹੇ ਹਾਂ ਕਿ ਆਇਆ ਉਸ ਦੇ ਨਾਲ ਟੈਕਸ ਦੀ ਇਵੇਯਨ ਘਟ ਹੋ ਜਾਵੇਗੀ ਜਾਂ ਜੇ ਕਰ ਘਟ ਨਹੀਂ ਹੋਵੇਗੀ ਤਾਂ ਵਧੇਗੀ ਤਾਂ ਨਹੀਂ ਤਾਂ ਜੇਕਰ ਵਧੇ ਨਾਂ ਤੇ ਸਾਨੂੰ ਹਕੀਮ ਨੇ ਤਾਂ ਨਹੀਂ ਦਸਿਆ ਕਿ ਟਿਕਟਾਂ ਦੇ ਪੈਸੇ ਆਪਣੇ ਪਾਸੋਂ ਖਰਚੋ । ਉਹ ਤਾਂ ਇਕ ਤਰ੍ਹਾਂ ਦਾ ਐਕਸਪੈਂਡੀਚਰ ਹੈ, ਉਹ ਘਟ ਹੋ ਜਾਵੇਗਾ । ਇਸ ਲਈ ਇਸ ਚੀਜ਼ ਤੇ ਵੀ ਗੌਰ ਹੋ ਰਿਹਾ ਹੈ ਕਿ ਜੇਕਰ ਇਨ੍ਹਾਂ ਚੀਜ਼ਾਂ ਨਾਲ ਟੈਕਸ ਦੀ ਇਵੇਯਨ ਹੁੰਦੀ ਹੈ ਤਾਂ ਇਹ ਵੀ ਬੰਦ ਹੋ ਜਾਵੇ । ਮੈਂ ਪਹਿਲੇ ਹੀ ਅਰਜ਼ ਕੀਤੀ ਹੈ ਕਿ ਟੈਕਸੇਸ਼ਨ ਐਕਟ ਵਿਚ ਜਿਹੜੀਆਂ ਪ੍ਰੋਵੀਯਨਜ਼ ਕੰਪਲੀਕੇਟਿਡ ਬਣੀਆਂ ਹੋਈਆਂ ਹਨ ਉਨ੍ਹਾਂ ਨੂੰ ਅਸੀਂ ਸਿੰਪਲੀਫਾਈ ਕਰਨਾ ਚਾਹੁੰਦੇ ਹਾਂ ਤਾਂ ਜੋ ਲੋਕਾਂ ਦੀ ਹੈਰੇਸਮੈਂਟ ਬੰਦ ਹੋਵੇ ਅਤੇ ਟੈਕਸ ਦੀ ਇਵੇਯਨ ਵੀ ਬੰਦ ਹੋ ਜਾਵੇ, ਲੋਕਾਂ ਦੀਆਂ ਤਕਲੀਫਾਂ ਅਤੇ ਗਰੀਵੈਨਸਿਜ਼ ਨੂੰ ਵੀ ਅਸੀਂ ਦੂਰ ਕਰਨਾ ਚਾਹੁੰਦੇ ਹਾਂ। ਸਾਡੀ ਕੋਸ਼ਿਸ਼ ਤਾਂ ਇਥੋਂ ਤਕ ਹੈ ਕਿ ਮਹਿਕਮੇ ਕੋਲ ਜਿੰਨੀਆਂ ਵੀ ਆਰਬੀਟਰੇਰੀ ਪਾਵਰਜ਼ ਹਨ ਉਨ੍ਹਾਂ ਨੂੰ ਵੀ ਇੰਸਟ੍ਰਕਸ਼ੰਜ਼ ਅਤੇ ਰੂਲਜ਼ ਦੇ ਮਾਤਹਿਤ ਲਿਆਂਦਾ ਜਾਵੇ ਤਾਂ ਜੋ ਕਿਸੇ ਨੂੰ ਇਹ ਗਲ ਕਹਿਣ ਦਾ ਮੌਕਾ ਨਾ ਮਿਲੇ ਕਿ ਸਾਨੂੰ ਆਰਬੀਟਰੇਰੀਲੀ ਜ਼ਿਆਦਾ ਪੈਨਲਟੀ ਲਗਾ ਦਿਤੀ ਹੈ । ਪਰ ਮੈਂ ਇਨ੍ਹਾਂ ਸਾਰੀਆਂ ਚੀਜ਼ਾਂ ਵਾਸਤੇ ਹਾਊਸ ਦੀ ਮਦਦ ਚਾਹੁੰਦਾ ਹਾਂ । ਇਨ੍ਹਾਂ ਗਲਾਂ ਵਾਸਤੇ ਅਮਲ ਕਰਨ ਲਈ ਮੈਂ ਉਮੀਦ ਕਰਦਾ ਹਾਂ ਕਿ ਸਾਰੇ ਮੈਂਬਰ ਗੌਰਮਿੰਟ ਦੀ ਮਦਦ ਕਰਨਗੇ ਤਾਂ ਜੋ ਗੌਰਮਿੰਟ ਆਪਣੇ ਮੰਤਵ ਵਿਚ ਕਾਮਯਾਬ ਹੋ ਸਕੇ ।

ਮੇਰੇ ਲਾਇਕ ਦੋਸਤ ਨੇ ਕਿਹਾ ਸੀ ਕਿ ਟਰੱਕ ਵਾਲਿਆਂ ਕੋਲੋਂ ਐਡਵਾਂਸ ਪੇਮੈਂਟ ਲਈ ਜਾਂਦੀ ਹੈ । ਉਸ ਗਲ ਦਾ ਤੁਅੱਲਕ ਇਸ ਚੀਜ਼ ਨਾਲ ਤਾਂ ਨਹੀਂ ਹੈ । ਇਸ ਗਲ ਨੂੰ ਅਲੱਗ ਸੋਚਿਆ ਜਾ ਰਿਹਾ ਹੈ । ਬਾਕੀ ਜਿਸ ਤਰ੍ਹਾਂ ਡਾਕਟਰ ਮੰਗਲ ਸੈਨ ਔਰ ਦੂਜੇ ਆਨਰੇਬਲ ਮੈਂਬਰ ਸਾਹਿਬਾਨ

[ਵਿੱਤ ਅਤੇ ਯੋਜਨਾ ਮੰਤਰੀ]

ਨੇ ਕਿਹਾ ਹੈ, ਮੈਂ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਜੇ ਇਹ ਕਿਹਾ ਜਾਵੇ ਕਿ ਬਿਲਕੁਲ ਸਾਰੇ ਹੀ ਬੰਦ ਹੋ ਜਾਣਗੇ ਇਹ ਤਾਂ ਮੁਸ਼ਕਲ ਜਿਹੀ ਗੱਲ ਹੋਵੇਗੀ ਪਰ ਅਸੀਂ ਆਨੈਸਟਲੀ ਇਹ ਕੋਸ਼ਿਸ਼ ਕਰਾਂਗੇ ਕਿ ਜਿਥੇ ਇਕ ਪਾਸੇ ਲੋਕਾਂ ਨੂੰ ਹਰਾਸਮੈਂਟ ਨਾ ਹੋਵੇ ਉਥੇ ਦੂਜੇ ਪਾਸੇ ਇਵੇਜ਼ਨ ਵੀ ਨਾ ਹੋਵੇ ਅਤੇ ਲੋਕਾਂ ਉਤੇ ਕੋਈ ਨਵੇਂ ਟੈਕਸਾਂ ਦਾ ਬਰਡਨ ਨਾ ਪਵੇ ਇਸੇ ਪਾਸੇ ਅਸਾਂ ਹੁਣ ਤਕ ਕੋਸ਼ਿਸ਼ ਕਰਦੇ ਰਹੇ ਹਾਂ। ਤੁਸੀਂ ਵੇਖਿਆ ਹੈ ਕਿ ਪਿਛਲੇ ਅੱਠਾਂ ਮਹੀਨਿਆਂ ਵਿਚ ਜਿਹੜੇ ਟੈਕਸ ਪਹਿਲਾਂ ਲਗੇ ਹੋਏ ਸਨ ਉਨ੍ਹਾਂ ਤੋਂ ਅਲਾਵਾ ਅਸਾਂ ਹੋਰ ਕੋਈ ਨਵਾਂ ਟੈਕਸ ਨਹੀਂ ਲਗਾਇਆ ਬਲਕਿ ਉਲਟਾ ਟੈਕਸੇਸ਼ਨ ਵਿਚ ਲੋਕਾਂ ਨੂੰ ਖਾਸੀ ਰਿਲੀਫ ਦਿੱਤੀ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਆਨਰੇਬਲ ਮੈਂਬਰ ਸਾਹਿਬਾਨ ਅਗੇ ਅਰਜ਼ ਕਰਾਂਗਾ ਕਿ ਉਹ ਇਸ ਅਮੈਂਡਿੰਗ ਬਿਲ ਨੂੰ ਪਾਸ ਕਰ ਦੇਣ।

श्री फतेह चन्द विज: आन ए प्वायंट आफ इन्फर्मेशन, मैडम। में आप के द्वारा फाईनैंस मिनिस्टर साहिब का ध्यान इस बात की तरफ दिलाना चाहता हूं कि उन के नोटिस में भी यह बात आई होगी कि जो इन्टर स्टेट ट्रान्सपोर्ट है उस के तहत तो ट्रक भी पंजाब के अन्दर आता है चाहे वह मद्रास से आए या कलकत्ता से, जितना फासिला तै कर के आता है यहां पर जो चैक पोस्ट बैरियर्ज़ लगे हुए हैं वहां पर सौ पचास रुपया फी ट्रक देना पड़ता है। जो ट्रक देहली वगैरा आस पास से आते हैं उन को भी वहां पर पंद्रह बीस रुपए लिए बिना आगे नहीं जाने दिया जाता। इस तरह की जो धान्धली चल रही है और उन के रास्ते में जो रुकावट डाली जाती है उस को रोकने के लिए आप ने क्या उपाय किए हैं। अगर सचमुच आप ने टैक्स की चोरी को रोकना है तो इस चोरी और धान्धली को भी बन्द करने के उपाय कीजिए।

वित्त तथा योजना मंत्री: मैं मेम्बर साहिबान की खिदमत में यही अर्ज़ करना चाहता हूं कि आप हमारी मदद कीजिए।

श्री फतेह चन्द विज: मैं आप की मदद करने के लिए तैयार हूं। मैं आप को किसी ट्रक पर बैठा कर ले जाता हूं। आप देहली से सरप्राइज़ रेड करें तो आप को हालात का पता चल जाएगा कि किस तरह से वहां पर धान्धली मची हुई है और कैसे लोगों से रुपया निचोड़ा जाता है।

ਚੌਧਰੀ ਦਰਸ਼ਨ ਸਿੰਘ: On a point of information. ਡਿਪਟੀ ਸਪੀਕਰ ਸਾਹਿਬਾ, ਵਿੱਤ ਮੰਤਰੀ ਸਾਹਿਬ ਨੇ ਦਸਿਆ ਹੈ ਕਿ ਅਮੀਰ ਔਰ ਗਰੀਬ ਵਾਸਤੇ ਇਕੋ ਜਿਹਾ ਕਾਨੂੰਨ ਹੋਵੇਗਾ। ਮੈਂ ਅਰਜ਼ ਕਰਦਾ ਹਾਂ ਕਿ ਗਰੀਬ ਤਾਂ ਜੇ ਚੋਰੀ ਕਰਦਾ ਹੈ ਤਾਂ ਪੰਜ ਦਸ ਰੁਪੈ ਦੀ ਕਰਦਾ ਹੈ ਲੇਕਿਨ ਅਮੀਰ ਤਾਂ ਲੱਖਾਂ ਔਰ ਹਜ਼ਾਰਾਂ ਰੁਪੈ ਦੀ ਚੋਰੀ ਕਰਦਾ ਹੈ। ਕੀ ਇਹ ਨਹੀਂ ਕਰਨਗੇ ਕਿ ਜਿਤਨੀ ਰਕਮ ਦੀ ਇਵੇਜ਼ਨ ਹੋਵੇ ਉਸ ਰਕਮ ਦੇ ਮੁਤਾਬਕ ਉਸ ਨੂੰ ਸਜ਼ਾ ਮਿਲੇ? ਦੂਜੀ ਗੱਲ ਇਹ ਹੈ, ਕਿ ਜਿਵੇਂ ਮੈਂ ਸੁਜੈਸਟ ਕੀਤਾ ਸੀ ਜਿਹੜੀ ਇਸ ਵੇਲੇ ਟੈਕਸ ਦੀ ਇਵੇਜ਼ਨ ਹੁੰਦੀ ਹੈ ਕੀ ਉਹ ਇਸ ਬਾਰੇ ਕੋਈ ਕਮਿਸ਼ਨ ਮੁਕੱਰਰ ਕਰਨ ਲਈ ਤਿਆਰ ਹਨ ਜਿਹੜੀ ਸਾਰੀ ਤਹਿਕੀਕਾਤ ਕਰੇ ਕਿ ਸੂਬੇ ਵਿਚ ਕਿਤਨੇ ਕਰੋੜਾਂ ਰੁਪਿਆ ਟੈਕਸਾਂ ਦੀ ਇਵੇਜ਼ਨ ਹੋ ਰਹੀ ਹੈ, ਕਿਤਨੀ ਪਕੜੀ ਗਈ ਹੈ ਅਤੇ ਕਿਤਨੀ ਪਕੜਨੀ ਡਿਊ ਹੈ?

ਡਿਪਟੀ ਸਪੀਕਰ: ਹਾਊਸ ਦੇ ਮੈਂਬਰਾਂ ਨਾਲ ਮਿਲਕੇ ਸਰਦਾਰ ਕਪੂਰ ਸਿੰਘ ਹੋਰਾਂ ਨੂੰ ਇਹ ਸੁਜੈਸਟ ਕਰਾਂਗੀ ਕਿ ਕੋਈ ਇਕ ਅੱਧਾ ਤਕੜਾ ਬੰਦਾ, ਜਿਹੜਾ ਇਸ ਤਰ੍ਹਾਂ ਦੀ ਟੈਕਸ ਇਵੇਜ਼ਨ ਕਰਦਾ ਹੋਵੇ, ਪਕੜ ਲਉ ਔਰ ਫਿਰ ਇਧਰੋਂ ਉਧਰੋਂ ਉਸ ਬਾਰੇ ਸ਼ਿਫਾਰਸ਼ਾਂ ਲੈ ਕੇ ਕੋਈ ਵੀ ਮੈਂਬਰ ਤੁਹਾਡੇ ਕੋਲ ਆਵੇ ਤਾਂ ਕਿਸੇ ਦੀ ਸਿਫਾਰਸ਼ ਨਾ ਮੰਨੋ । (Associating myself with the members of the House, I would suggest the Finance Minister to lay his hands on some leading figure found guilty of evading the tax and thereafter he should not pay any heed to whatever *'sifarish'* emanating from the members of either side of the House in that connection.)

ਵਿੱਤ ਅਤੇ ਯੋਜਨਾ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਸਾਹਿਬਾਨ ਨੂੰ ਦਸ ਦੇਵਾਂ ਕਿ ਤਿੰਨ ਚਾਰ ਅਜਿਹੇ ਤਕੜੇ ਆਦਮੀ ਪਕੜੇ ਹਨ ਜਿਨ੍ਹਾਂ ਕੋਲੋਂ ਦੱਸ ਦੱਸ ਲੱਖ ਰੁਪਿਆ ਵਸੂਲ ਕੀਤਾ ਹੈ ।

ਆਵਾਜ਼ਾਂ : ਇਸੇ ਲਈ ਤੁਹਾਡੀ ਤਾਰੀਫ਼ ਕਰਦੇ ਹਾਂ ।

Deputy Speaker: Question is—

That the Punjab Passengers and Goods Taxation (Amendment) Bill be taken into consideration at once.

The motion was carried

Deputy Speaker: The House will now proceed to consider the Bill clause by clause.

CLAUSE 2

Deputy Speaker Question is—

That clause 2 stand part of the Bill.

The motion was carried.

CLAUSE 3

Deputy Speaker: Question is—

That clause 3 stand part of the Bill.

The motion was carried

CLAUSE 4

Deputy Speaker: Question is—

That clause 4 stand part of the Bill.

The motion was carried.

CLAUSE 5

Deputy Speaker: Question is—

That clause 5 stand part of the Bill.

The motion was carried

CLAUSE 1

Deputy Speaker: Question is—

That clause 1 stand part of the Bill.

The motion was carried

TITLE

Deputy Speaker: Question is—

That Title be the Title of the Bill.

The motion was carried

Finance and Planning Minister (Sardar Kapoor Singh): Madam, I beg to move—

That the Punjab Passengers and Goods Taxation (Amendment) Bill be passed.

Deputy Speaker: Motion moved—

That the Punjab Passengers and Goods Taxation (Amendment) Bill bc passcd.

चौधरी नेत राम (हिसार सदर): डिप्टी स्पीकर साहिबा, यह जो बसों पर लोग यात्रा करते हैं उन से टैक्स वसूल करने के लिए और ट्रकों के द्वारा जो माल ढोया जाता है उस पर टैक्स वसूल करने के लिए सरकार नए नए तरीके इस्तेमाल करती है। मैं आप के द्वारा सरकार से यह निवेदन करूंगा कि यह जो हर रोज़ इस तरह के हरबे इस्तेमाल किए जाते हैं यह इस्तेमाल न करें। इन से कुरप्शन में बढ़ावा मिलता है। हमारे जिला हिसार के अन्दर एक कृष्णा बस सर्विस चलती है। वह देहली और हिसार के दरम्यान बसें चलती हैं। वहां पर उस कृष्णा बस सर्विस ने जो टैक्स की चोरी की है उस की बाबत लोगों ने शिकायतें कीं और टैक्स को पकड़वाने के लिए लिखा। उन के पास टैक्स का लाखों रुपया पड़ा हुआ है। लेकिन इस सरकार के मन्त्रियों तक उन की पहुंच हो जाती है और उन्होंने जो टैक्स नहीं दिया वह आज तक नहीं पकड़ा गया। किसी ने उन को पकड़ने की कोशिश नहीं की। मन्त्री महोदय को चाहिए कि उस कम्पनी की जांच करें और टैक्स के रुपए की चोरी को पकड़े।

इस के अलावा मैं आप के द्वारा अपनी सरकार की ही बसों की हालत बताता हूं । यह जो पैप्सु रोडवेज़ और पंजाब रोडवेज़ हैं इन में भी टैक्स के पैसे को काफी हद तक खुर्दबुर्द किया जाता है । असल में कारण यह है कि इस मंहगाई के ज़माने में ड्राइवरों और कंडक्टरों को आप जितनी तन्खाह देते हैं उस से उन का गुज़ारा नहीं होता । प्राईवेट बस कम्पनियां तो अपने ड्राइवरों और कंडक्टरों को दस प्रतिशत, पंद्रह प्रतिशत दे देती हैं । जितनी उन को वसूली होती है वह प्रत्येक फेरे में से उन को कुछ दे देती हैं । इसी तरह से मैं समझता हूं कि अगर सरकार भी अपने ड्राइवरों और कंडक्टरों को हर एक रूट में से कुछ रुपया दे दे तो इस से न सिर्फ उन का गुज़ारा होगा बल्कि टैक्स की भी चोरी नहीं होगी और वह इस वक्त सवारियां चढ़ाने में जो लापरवाही करते हैं वह भी नहीं करेंगे और सरकार को आमदन भी ज्यादा होगी ।

इसके अलावा मैं अर्ज़ करूं कि अगर यह सरकार थोड़ा बहुत भी इमानदारी

6.00 P.M.

पर कायम है तो यह क्यों परमिटों पर टैक्स लगाती । आज यहां पंजाब में पचास फीसदी कोआप्रेटिव सोसाइटियां ट्रांसपोर्टर्ज़ की ऐसी बनी हुई हैं जो नाम की ही कोआप्रेटिव सोसाइटियां बनी हुई हैं लेकिन हैं वह बड़े आदमियों की अपनी बनी हुई और वही टैक्स की चोरी करते हैं । वह टैकस की चोरी यहां तक करते हैं कि जब वह म्युनिसिपल कमेटी की हदूद के अन्दर माल अपने ट्रकों में ले आते हैं तो मसूल चुंगी नहीं देते । यह सब बड़े आदमी जो हैं यह सब टैक्स देने में हेरा फेरी करते हैं और यह सरकार तो पहले से ही कुरप्शन का अड्डा बनी हुई है और यह चलती भी कुरप्शन पर है । इस सरकार की यह हालत है कि जो बड़े २ समगलिंग करने वाले हैं, जो बलैक मार्किट करने वाले हैं और रिश्वत लेने वाले हैं उन्हें इन की पुलिस ने कभी जूतियों से नहीं पीटा लेकिन जो छोटे आदमी होते हैं जिस किसी ने जूती की चोरी की हो या पेट भरने के लिए कहीं से एक आध रुपए की चोरी की हो उन को तो पुलिस जूतियों से पीटती है, गरीब आदमियों के गले में नाजायज़ पिस्तौल भी डाल कर उन का चालान कर देती है या अफीम उनके कब्ज़े में दिखा कर उन का चालान कर देती है लेकिन जो बड़े २ आदमी हैं जो काम भी समगलिंग का करते हैं उन क चालान नहीं किया जाता । जो छोटे आदमी होते हैं उन को तो पन्दरह २ दिन रख कर पुलिस पीटती रहती है । जो लोग इनकम टैक्स नहीं देते और रिशवत लेने वाले हैं और टैक्सों की चोरी करने वाले हैं उनको कभी भी थाने में बुला कर जूतियां नहीं लगाई गई । डिप्टी स्पीकर साहिबा, में अर्ज़ करता हूं कि यह सरकार तो खुद चोरी करने वाली है ।

उपाध्यक्षा: चौधरी नेत राम जी आप को जूतियों का लफज़ इस्तेमाल नहीं करना चाहिए आप को यह लफज़ वापस ले लेने चाहिएं । (It is not proper for the hon. Member to use the word 'Jutian'. He shou'd with draw it.)

चौधरी नेत राम: मैं ने तो यह कहा है कि यह सरकार कुरप्ट है और कहा है कि टैक्सों की चोरी करने वालों के खिलाफ यह कोई एकशन नहीं लेती ।

उपाध्यक्षा: आप जूती का लफ्ज़ वापस लें आप ने कहा है कि इन को क्यों जूतियां नहीं मारी जातीं । यह अच्छे लफ्ज़ नहीं है । (He should withdraw the word 'Juti' as he has said that why they are not given shoe beating. This is not a decent word.)

चौधरी नेत राम: मैं ने कहा है कि रिशवत लेने वाले को बुला कर क्यों जूतियां नहीं मारी जातीं और क्यों सिर्फ गरीब आदमियों को मारी जाती हैं । गरीबों को तो डण्डों से और लट्ठों से पीटा जाता है । मेरे कहने का मतलब यह है कि यह सरकार इस किस्म से नये नये कायदे कानून तो नित्य बनाती रहती है । अभी २ इन्हों ने शराब के कानून में एक तरमीम की थी और कहा गया था कि यह इस लिए की जा रही है ताकि लोगों को बगैर मिलावट के शराब मिल सके । लेकिन मैं ने पिछले दिनों में देखा है कि शराब में इतनी ज्यादा मिलावट और बलैक होती है जितनी पहले कभी भी नहीं हुई थी । मैं तो समझता हूं कि इस किस्म के बिल सिर्फ गरीब लोगों पर और सखती करने के लिए बनाए जाते हैं और इन से टैक्सों की चोरी रोकी नहीं जा सकती । यह बात नहीं होनी चाहिए । चाहिए तो यह कि सरकार लोगों की खुशहाली के लिए और कुरप्शन को बन्द करने के कानून बनाए और इस के लिए सब से ज्यादा ज़रूरी यह है कि यह पहले अपनी कुरप्शन को दूर करे ।

Deputy Speaker. Question is—

That the Punjab Passengers and Goods Taxation (Amendment) Bill, be passed.

ਕਾਮਰੇਡ ਭਾਨ ਸਿੰਘ ਭੌਰਾ : ਡਿਪਟੀ ਸਪੀਕਰ ਸਾਹਿਬਾ, ਹਾਲੇ ਇਹ ਮੋਸ਼ਨ ਪੁਟ ਨਾ ਕਰੋ, ਅਸੀਂ ਇਸ ਤੇ ਹਾਲੇ ਬੋਲਣਾ ਹੈ ।

उपाध्यक्षा अब मैं ने कुएश्चन पुट कर दिया है । इस बिल पर पहले आप की पार्टी के तीन सदस्य बोल चुके हैं सब को तो बोलने का वक्त दिया नहीं जा सकता इस लिए आप बैठ जाइए। (I have already put the question. Three hon. Members of his party have already spoken on this Bill and it is not possible to give time to each one of them. Therefore, the hon. Member should resume his seat).

(ਕਾਮਰੇਡ ਭਾਨ ਸਿੰਘ ਭੌਰਾ ਆਪਣੀ ਸੀਟ ਤੇ ਖੜ੍ਹੇ ਰਹੇ ਔਰ ਬੋਲਣ ਵਾਸਤੇ ਜ਼ਿਦ ਕਰਨ ਲਗੇ)

उपाध्यक्षा: कामरेड भौरा, मैं आप से अपील करती हूं कि अब आप बैठ जायें। (I would appeal to Comrade Bhaura that he may please resume his seat now. ?*The motion was carried.*)

THE PUNJAB ENTERTAINMENTS DUTY (AMENDMENT) BILL, 1965 (CONSIDERATION POSTPONED).

ਵਿੱਤ ਅਤੇ ਯੋਜਨਾ ਮੰਤ੍ਰੀ: ਡਿਪਟੀ ਸਪੀਕਰ ਸਾਹਿਬਾ, ਜੇਕਰ ਹਾਊਸ ਮੈਨੂੰ ਇਜਾਜ਼ਤ ਦੇਵੇ ਤਾਂ ਮੈਂ ਚਾਹੁੰਦਾ ਹਾਂ ਕਿ ਪੰਜਾਬ ਐਂਟਰਟੇਨਮੈਂਟ ਡਿਊਟੀ ਬਿਲ ਪਹਿਲੇ ਲੈਣ ਦੀ ਬਜਾਏ ਪੰਜਾਬ ਅਰਬਨ ਇਮਮੂਵਏਬਲ ਪਰਾਪਰਟੀ ਟੈਕਸ ਬਿਲ ਲੈ ਲਿਆ ਜਾਵੇ ਕਿਉਂਕਿ ਮੈਂ ਚਾਹੁੰਦਾ ਹਾਂ ਕਿ ਨੇਕੀ ਦਾ ਜਿਹੜਾ ਕੰਮ ਹੋਵੇ ਉਹ ਪਹਿਲੇ ਕਰ ਲਿਆ ਜਾਵੇ।

उपाध्यक्षा क्या हाउस की इजाज़त है। (Is it the pleasure of the House ?)

(ਆਵਾਜ਼ਾਂ: ਜੀ ਹਾਂ ਕਰ ਲਿਆ ਜਾਵੇ।)

THE PUNJAB URBAN IMMOVABLE PROPERTY TAX (AMENDMENT) BILL, 1965

Minister for Finance and Planning (Sardar Kapur Singh): Madam, I beg to move—

> That the Punjab Urban Immovable Property (Amendment) Bill be taken———

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ: ਡਿਪਟੀ ਸਪੀਕਰ ਸਾਹਿਬਾ, ਇਹ ਨਹੀਂ ਹੋ ਸਕਦਾ ਕਿਉਂਕਿ ਇਸ ਬਾਰੇ ਹਾਊਸ ਨੇ ਇਜਾਜ਼ਤ ਨਹੀਂ ਦਿੱਤੀ।

ਵਿੱਤ ਅਤੇ ਯੋਜਨਾ ਮੰਤ੍ਰੀ: ਮੈਂ ਇਸ ਬਾਰੇ ਹਾਊਸ ਅਗੇ ਇਸ ਤਰ੍ਹਾਂ ਕਰਨ ਲਈ ਜੋ ਰੀਜ਼ਨ ਹਨ ਉਹ ਦੇ ਦਿੰਦਾ ਹਾਂ।

उपाध्यक्षा: उस वक्त जब इन्हों ने यह इजाजत मांगी थी तो आप चुप बैठे रहे और आप ने प्रोटैस्ट नहीं किया और अब आप कह रहे हैं कि हाउस ने इजाजत नहीं दी। (The hon. Member kept quite and did not protest when the Minister had sought the permission of the House in this respect and now, he is saying that the House did not give its consent.)

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ: ਅਸੀਂ ਪਰੋਟੈਸਟ ਕਰਦੇ ਰਹੇ ਹਾਂ ਪਰ ਤੁਸੀਂ ਇਸ ਦੀ ਪਰਵਾਹ ਨਹੀਂ ਕੀਤੀ।

ਕਾਮਰੇਡ ਜੰਗੀਰ ਸਿੰਘ ਜੋਗਾ: ਆਨ ਏ ਪੁਆਇੰਟ ਆਫ ਆਰਡਰ, ਮੈਡਮ। ਜੋ ਏਜੰਡਾ ਅਜ ਦੇ ਦਿਨ ਵਾਸਤੇ ਸਾਨੂੰ ਦਿੱਤਾ ਗਿਆ ਸੀ, ਕੀ ਉਸੇ ਦੇ ਮੁਤਾਬਕ ਇਥੇ ਕਾਰਵਾਈ ਕਰਨੀ ਜ਼ਰੂਰੀ ਨਹੀਂ ? ਕੀ ਉਸ ਏਜੰਡੇ ਨੂੰ ਇਸ ਵੇਲੇ ਬਦਲਿਆ ਜਾ ਸਕਦਾ ਹੈ ?

उपाध्यक्षा: हां, यह हाउस की रज़ामन्दी से हो सकता है। (Yes, it can be changed with the permission of the House.)

ਵਿਤ ਅਤੇ ਯੋਜਨਾ ਮੰਤ੍ਰੀ : ਮੈਂ ਪੰਜਾਬ ਐਨਟਰਟੇਨਮੈਂਟ ਡੀਊਟੀ ਬਿਲ ਵਿਚ ਕੋਈ ਗਲਤੀ ਮਹਿਸੂਸ ਕਰ ਰਿਹਾ ਹਾਂ ਔਰ ਮੈਂ ਚਾਹੁੰਦਾ ਹਾਂ ਕਿ ਇਸ ਤੇ ਹਾਊਸ ਵਿਚ ਵਿਚਾਰ ਹੋਣ ਤੋਂ ਪਹਿਲੇ ਮੈਂ ਉਸ ਬਾਰੇ ਵਿਚਾਰ ਕਰ ਲਵਾਂ ਔਰ ਉਸ ਗਲਤੀ ਨੂੰ ਦੂਰ ਕਰ ਲਵਾਂ । ਮੇਰਾ ਇਹ ਕਤੱਈ ਮਤਲਬ ਨਹੀਂ ਇਸ ਬਿਲ ਨੂੰ ਡਰਾਪ ਕਰ ਦਿੱਤਾ ਜਾਵੇ । ਇਸ ਬਿਲ ਨੂੰ ਵੀ ਲਿਆਇਆ ਜਾਵੇਗਾ ਲੇਕਿਨ ਇਸ ਤੋਂ ਪਹਿਲੇ ਮੈਂ ਖੁਦ ਥੋੜਾ ਜਿਹਾ ਡੈਫੀਨਿਟ ਹੋਣਾ ਚਾਹੁੰਦਾ ਹਾ । ਇਸ ਲਈ ਮੈਂ ਚਾਹੁੰਦਾ ਹਾਂ ਕਿ ਹਾਲੇ ਇਸ ਤੋਂ ਅਗਲੇ ਬਿਲ ਨੂੰ ਲੈ ਲਿਆ ਜਾਵੇ ।

उपाध्यक्षा : सरदार कपूर सिंह जी ने मुझे कहलवाया था कि वह यह बिल पेश करना चाहते हैं तो मैं ने कहा था कि अजैंडे में तो यह नहीं लेकिन उन्होंने कहा कि मैं महसूस करता हूं कि यह पहले आना चाहिये तो आप उन्हें टाइम दे दें । (The Minister intimated me that he would like to move this Bill earlier. I pointed out that this would not be according to the agenda but he said he felt that this Bill should be moved first. So the House may let him do so) (*Interruptions*).

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ . ਇਹ ਪ੍ਰੋਸੀਜ਼ਰ ਦਾ ਸਵਾਲ ਹੈ । ਕੋਈ ਤਿਆਰ ਹੋਕੇ ਨਹੀਂ ਆਇਆ । ਅਜ ਦੇ ਅਜੈਂਡੇ ਵਿਚ ਇਹ ਨਹੀਂ ਹੈ । (*Interruptions*) ਕਲ ਆ ਜਾਵੇ । (*interruptions*) ਕਿਸੇ ਅਸੂਲ ਤੇ ਚਲੋ ।

Deputy Speaker: Please take your seat (*interruptions*).

ਕਾਮਰੇਡ ਭਾਨ ਸਿੰਘ ਭੌਰਾ . ਆਨ ਏ ਪੁਆਇੰਟ ਆਫ ਆਰਡਰ, ਮੈਡਮ, ਕੀ ਅਜੰਡਾ ਚੇਂਜ ਕਰ ਦਿਤਾ ਗਿਆ ਹੈ (ਵਿਘਨ) ।

ਡਿਪਟੀ ਸਪੀਕਰ : ਹਾਂ ਹਾਊਸ ਦੀ ਇਜਾਜ਼ਤ ਨਾਲ । (Yes, with the consent of the House) (*Interruptions.*)

Finance and Planning Minister (Sardar Kapoor Singh): Madam, I beg to move:—

> That the Punjab Urban Immovable Property Tax (Amendment) Bill be taken into consideration at once.

ਡਿਪਟੀ ਸਪੀਕਰ ਸਾਹਿਬਾ, ਇਸ ਬਿਲ ਬਾਰੇ ਮੈਂ ਚੰਦ ਲਫਜ਼ ਕਹਿਣਾ ਚਾਹੁੰਦਾ ਹਾਂ ਤੁਸੀਂ ਜਾਣਦੇ ਹੋ ਕਿ ਜ਼ਮੀਨ ਤੇ ਮਕਾਨਾਂ ਦੀ ਕੀਮਤ ਵਧ ਗਈ ਹੈ ਤਾਂ ਵੀ ਮੈਂ ਉਨ੍ਹਾਂ ਤੇ ਜੋ ਟੈਕਸ ਹੈ ਉਸ ਨੂੰ ਟਚ ਨਹੀਂ ਕਰ ਰਿਹਾ ਬਲਕਿ ਜੋ ਕੁਝ ਹਾਲਤਾਂ ਵਿਚ ਐਗਜ਼ੈਂਪਸ਼ਨ ਦਿਤੀ ਹੋਈ ਸੀ ਉਸ ਦੀ ਲਿਮਿਟ ਨੂੰ ਹੋਰ ਵਧਾ ਰਹੇ ਹਾਂ । (ਵਿਘਨ) ਨਾਲ ਹੀ ਇਸ ਐਕਟ ਵਿਚ ਇਕ ਮੁਸ਼ਕਿਲ ਪੇਸ਼ ਆਉਂਦੀ ਸੀ । ਜਿਹੜਾ ਉਠਦਾ ਸੀ ਅਪੀਲ ਕਰ ਦਿੰਦਾ ਸੀ । ਹੁਣ ਕੋਸ਼ਿਸ਼ ਕੀਤੀ ਹੈ ਕਿ ਜੋ ਐਵੇਂ ਹੀ ਅਪੀਲਾਂ ਕਰਦੇ ਸੀ ਉਨ੍ਹਾਂ ਨੂੰ ਰੋਕਿਆ ਜਾਵੇ । ਅਸੈਸਮੈਂਟ ਦਾ ਕਾਇਦਾ ਪਹਿਲਾ ਹੀ ਰਹੇਗਾ, ਟੈਕਸ ਵੀ ਉਸੇ ਤਰ੍ਹਾਂ ਰਹੇਗਾ । ਐਗਜ਼ੈਂਪਸ਼ਨ ਲਿਮਿਟ ਨੂੰ ਥੋੜ੍ਹਾ ਵਧਾ ਦਿਤਾ ਹੈ । ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਕਹਾਂਗਾ ਕਿ ਬਿਲ ਨੂੰ ਕਨਸਿਡਰ ਕੀਤਾ ਜਾਵੇ ।

Deputy Speaker: Motion moved :—

> That the Punjab Urban Immovable Property Tax (Amendment) Bill be taken into consideration at once.

चौधरी रणबीर सिंह (कलानौर): उपाध्यक्षा महोदया, यह जो पंजाब शहरी अचल सम्पति संशोधन विधेयक 1965 पेश किया गया है (विघ्न) यह तो मेरा कसूर नहीं है, दफतर ने जो ट्रांसलेशन हमें दिया है वही पढ़ कर सुना रहा हूं मैं जो बोलूंगा वह बहुत सरल होगा । जो आप के दफतर की भाषा है वह तो वही बोलनी होगी । यह जो बिल है जिसे अंग्रेजी में अर्बन इम्मूवेबल प्रापर्टी टैक्स बिल 1965 कहते हैं (विघ्न) यह जो बिल है इस के मुताबिक मन्त्री महोदय इस ऐक्ट के नीचे जो छूट दी गई है उसे और ज्यादा देना चाहते हैं । (विघ्न)

चौधरी नेत राम : इन्हें शर्म नहीं आती अगर कोई हिन्दी बोले तो यह उस का मजाक उड़ाते हैं । (विघ्न)

चौधरी रणबीर सिंह : आप जानते हैं जब कभी इस सदन में ऐसा बिल आता है कि जिस के ज़रिये किसी टैक्स में छूट दी गई हो तो आम तौर पर सदन उस का स्वागत किया करता है यानी किसी को अगर टैक्स में कमी हो तो सदस्य उसका स्वागत किया करते हैं । मुझे इस स्वागत में कोई इतराज़ न होता मगर मुझे इस में एक अजीब सी हालत दिखाई देती है । पहले मरला टैक्स को घटाने का फैसला आया और अब प्रापर्टी टैक्स के अन्दर छूट देने का यह विधेयक आया है । (विघ्न) कुछ माननीय सदस्यों को पढ़ाना भी पड़ता है । आप जानते हैं कि इस प्रदेश के अन्दर दो किस्म की जायदाद है: एक देहात के अन्दर और दूसरी शहरों के अन्दर । देहात की जो जायदाद है उस के बनानें वाले या तो खेती करते हैं या खेत मज़दूर हैं । आप जानते हैं कि उन की कमाई कितनी कड़ी है, गर्मी में एड़ी से लेकर चोटी तक उन को पसीने आते हैं और सर्दी में जब वह नहर का पानी देकर बाहर निकलते हैं तो अपनी सर्दी दूर करने के लिए अग्नि प्रज्वलित करते हैं । (विघ्न) उस को पता नहीं रहता उस का सारा शरीर जल भस्म हो जाता है और इतनी कुरबानी करके इस मुशकिल से धन को कमाता है और इस तरह से सख्त मेहनत से कमाए धन से जायदाद खरीद करता है । इस की जायदाद में तो कोई छूट न कभी दी और न ही देने का विचार किया गया है । उपाध्यक्ष महोदया, मैं जानता हूं कि आज ज़मीन की कीमत क्या है । जिस खरीदार ने आज से 10 या 15 साल पहले ज़मीन खरीद की थी वह अगर एक हज़ार फी बीघा की थी तो आज उसी ज़मीन की कीमत चालीस हज़ार तक पहुंच गई है और इस से उपर तक आ गई है । उस के लिए तो सरकार ने और सुहलियतें दी हैं मरला टैक्स को हटा दिया गया है और जायदाद पर टैक्स में कमी करने के बारे में इस बिल में सोचा जा रहा है और दूसरी तरफ वह ज़मीन जो पानी की कमी की वजह से पहले देश को पैदावार कम देती थी और आज जिस ज़मीन में पानी लग गया है और अनाज की पैदावार बढ़ी है और खेती की पैदावार बढ़ी है तो इस पर सरकार ने कई किस्म के टैक्स लगा दिये हैं । बैटरमेन्ट लेवी जिसे खुश हैसियती टैक्स भी कहते हैं इस को हटाने की तरफ सरकार का कोई ध्यान नहीं गया और न ही कोई विधेयक इस के बारे में लाया गया है । उपाध्यक्षा महोदया, मैं आज सदस्य होने के नाते यह बात नहीं कहता लेकिन इस बात के बारे में कहना चाहता हूं जो कि मैं ने मन्त्री

[चौधरी रणबीर सिंह]

पद के नाते कही थी । भाकड़ा डैम की जब डैडीकेशन सेरेमनी करने के लिए स्वर्गीय भूतपूर्व प्रधान मन्त्री पंडित जवाहर लाल भाक्ड़ा में आए थे तो उनका शुक्रिया अदा करने के लिए मेरे मन्त्री पद पर होने के नाते मेरी ज़िम्मेदारी थी। तो उस समय मैं ने कहा था कि जितने भी नोट सरकार छापती है इस के लिए सिक्योरेटी देनी पड़ती है । सिक्योरेटी सोने की होती है या कई और किस्म के कागज़ात की भी होती है । इन को रख कर ही नोट छापे जा सकते हैं । मैं ने प्रधान मन्त्री जी से कहा था कि यह जो भाक्ड़ा डैम है और भाक्ड़ा की नहरें हैं इन को न तो कोई चुरा सकता है न कहीं और ले जा सकता है । सोने को तो सरकार के खज़ाने से भी चुराया जा सकता है सिक्योरेटीज़ को शायद न चुराया जा सकता हो क्योंकि उनकी नौइयत और होती है और वह बाज़ार में बिक नहीं सकती । अगर इन सब सिक्योरेटीज़ का हिसाब रख कर ही नोट छापे जा सकते हैं तो क्यों न भाक्ड़ा डैम और भाक्ड़ा की नहरों की सिक्योरेटीज़ रख कर हम नोट छाप लें । और अगर इस तरह कर दिया जाए तो जो कर्ज़ हम ने भाक्ड़ा डैम और भाक्ड़ा की नहरों का और इन पर जगह जगह बिजली घर बनाने के लिए लिया है उस की वापसी को अदायगी की ज़रूरत नहीं रहेगी । मैं चाहता हूं कि हमारे माननीय वित मन्त्री इस बात की ओर ध्यान दें । फोर्थ फाईनेन्स कमिशन हमारे सूबे में आया है और हमारे प्रदेश का केस वित्त मन्त्री महोदय ने बड़ी काबलियत से उनके सामने रखा होगा ताकि हम इस सूबे को आगे ले जा सकें । आज हमारी हालत इस सम्बन्ध में यह है कि 361 करोड़ का कर्ज़ हमारे सिर पर है 211 करोड़ रुपया मल्टी पर्पज़ प्राजैक्ट के लिए कर्ज़ लिया गया है । उस के लिए और इन प्राजैक्ट की ज़मानत मानकर हिन्द सरकार से और नोट छापने के लिये प्रार्थना की जावे और केन्द्रीय सरकार से प्रार्थना की जावे कि वे कर्ज़ को वापस लेने का सवाल छोड़ दें ताकि पंजाब सरकार को कर्ज़ वापस करने के लिए टैक्स न लगाना पड़े । केवल इस जायदाद की सालाना डैप्रीसीएशन या जायदाद की कीमत में जो लास होता है या उस जायदाद के ऊपर जो पैसा लगाया जाता है उसका सूद होता है । सूद और डैप्रीसीएशन दोनों को मिलाकर कर्ज़ वापिस देने के लिए लोगों से कर लिया जाये और दूसरी तरफ मरला कर लगाया गया था । इस लिए क्योंकि शहर की तरक्की से जायदाद की कीमत पर जो असर पड़ा और जिस से कि शहरी जायदाद की कीमत बढ़ी और अब यह उस वसूली की ज़द से बचते हैं और इन्हीं को और सहूलियतें दी जा रही हैं । अश्टाम्प ड्यूटी जो यह 12 फी सदी थी अब 6 फी सदी कर दी गई है और अब यह बिल लाया जा रहा है । मालूम नहीं कि सरकार के सोचने का तरीका क्या होता जा रहा है । इस बिल के अन्दर छूट देते जा रहे हैं । इस के बारे में माननीय मन्त्री महोदय से कहूंगा कि इस दृष्टिकोण से इस पर विचार करने की आवश्यकता है । और इस बात पर भी विचार करने की आवश्यकता है कि भाकड़ा पर जो रुपया लगा भाकड़ा की नहरों पे जो रुपया लगा वह हम से वसूल किया जा रहा है । हमें टैक्स अदा करने

पड़ते हैं ज़मीन वालों को यह सारा बरदाश्त करना पड़ता है जिस ने कि देश की अनाज की कमी को पूरा करने के लिए बहुत यत्न किया और जो लाखों करोड़ों रुपया अनाज को बाहर से मंगाने के लिए दूसरे देशों को देना पड़ता था वह सारा फारन एक्सचेंज बचाया, विदेशी सिक्के को बचाया और अनाज ज्यादा पैदा किया। इस के बावजूद दिहात में जो जायदाद है उस पर तो आप कोई माफी या छूट देने का बिल न लाएं और शहरों में जो कोठियों में रहते हैं उन्हें आप माफी देना चाहते हैं। दिहात का आदमी तो करोड़ों रुपया टैक्स में देता है तो इस को कम करने के बारे में कोई विधेयक नहीं पेश किया गया। इसी तरह से प्रोफैशनल टैक्स है। यह अजीब तरह की कांग्रेस पार्टी की नीति बनती जा रही है। यह वह नीति नहीं रही जैसी कि पीछे थी। इस में फर्क आ गया मालूम देता है और इसी लिए यह विधेयक पंजाब में शहरी अचल सम्पति के बारे में लाया गया है।

उपाध्यक्षा महोदया, यह जो पंजाब शहरी अचल सम्पत्ति कर है जो हमारे प्रांत में वसूल होता है, इस में हर साल कमी आ रही है। मैं इस के बारे में कुछ आंकड़े आप के सामने रखना चाहता हूं। 1963-64 में एक करोड़ 50 लाख 83,924 रुपए आई थी और हर साल घटती जा रही है इस का कारण मुझे मालूम नहीं। मैं माननीय वित्त मन्त्री महोदय से प्रार्थना करूंगा कि वह इस सदन को बताएं कि यह क्यों और किस तरह से घट गई है। 1964-65 में यह क्यों घट गई है। वित्त मन्त्री, हमें खुशी है कि दिहाती बनें, और किसान हैं, और उन्हें किसानों का पूरा ख्याल होना चाहिए था। टैक्स तो घटना चाहिए था किसान का और कम किया जा रहा है शहरी का। यह किस ढंग का इन्साफ है? इस कर को हटाने के लिए यह जो संशोधन किया जा रहा है इस से पिछले सालों में जितनी आमदनी हुई वह मैं सदन के सामने रखना चाहता हूं।

सन् 1963-64 में इस की आमदनी 1 करोड़ 50 लाख 83,924 थी और यह घट कर सन 1964-65 में रिवाइज्ड एस्टीमेट्स के अंदाज़े के मुताबिक 1 करोड़ 24 लाख 94,500 रह गई यानी 26 लाख कम हो गई। और फिर 1965-66 में यह 1 करोड़ 24 लाख 94,500 का जो अंदाज़ा लगाया गया है इस से साफ जाहिर है कि 26 लाख की कमी हुई है। इतनी रकम इस बिल के नतीजा के बगैर घटी इस बिल के नतीजे के तौर पर कितनी घटेगी उसका कोई अंदाज़ा नहीं दिया है। इस का कारण मुझे पता नहीं। माननीय वित्त मन्त्री ने इस के बारे में जो अंदाज़ा दिया है वह मैं आप के सामने रखना चाहता हूं। पंजाब शहरी अचल सम्पत्ति (संशोधन) विधेयक 1965 के उद्देश्यों तथा कारणों के विवरण में जो दिया है वह मैं आप के सामने पढ़ना चाहता हूं।

(क) मूल अधिनियम की धारा 4 की उपधारा 2 के खन्ड (ग) के आधीन छूट की सीमा बढ़ा कर तथा धारा 5 के खन्ड (ख) के अधीन छूट की प्रतिशतता को दस से बढ़ा कर 15 करके तथा.........।

उपाध्यक्षा : सदन कल मंगलवार 6 अप्रैल, 1965 को सवेरे 9-30 बजे मिलेगा।

6-30 p.m. (The house stands adjourned till 9-30 a.m. to-morrow Tuesday, 6th April, 1965.)

(The Sabha then adjourned till 9-30 a.m. on Tuesday, the 6th April, 1965.)

1392—28-5-65—365—C., P. & S. Pb., Patiala.

APPENDIX

To

Punjvb Vidhan Sabha Debates Vol. 1 No. 29
Dated the 5th April, 1965

STEPS TAKEN TO INCRESE IN AGRICULTURAL OUTPUT IN THE STATE

@*6872. **Comrade Makhan Singh Tarsikka** : Will the Minister for Home and Development be pleased to state —

(a) the details of the steps taken or research carried out by the Agricultural Department, Punjab, so far for the increase of Agricultural output in the State ;

(b) the details of the research carried out so far in order to check the diseases of paddy, sugarcane, cotton, wheat and vegetables together with the diseases which have been prevented thereby ;

(c) the extent of loss sufferred by the state as a result of crop diseases together with the details of the expenditure incurred by the Government or the steps taken by it to check the said diseases during the last three years yearwise ?

Sardar Darbara Singh : A note giving the requisite information is enclosed.

Note containing information regarding steps taken to increase agricultural output in the State.

(a) The Punjab Agricultural University which is responsible for carrying out agricultural research in the Punjab has made serious efforts to evolve better yielding and disease resistant varieties of crops which are more responsive to heavy use of fertilizers. During the year 1963-64, the University released four new varieties of wheat, bajra, tobacco and castor viz. Wheat C—306, Bajra S—530, Tobacco C—302 and Castor Punjab No.1. The Agriculture Department has started the following programmes to increase agricultural output in the State :—

(i) Minor Irrigation Works.

(ii) Soil Conservation and Land Reclamation.

(iii) Expansion of improved seed distribution.

(iv) Increased use of fertilizers, green manuring and omposting.

(v) Use of improved Implements.

(vi) Intensive Agricultural Development Programmes to increase the production of paddy, sugarcane, cotton, wheat and Groundnut.

(vii) Training of Farmers.

The details of the research work carried out by the Punjab Agricultural University, to check the diseases of paddy, sugarcane, cotton, wheat and vegetables and the diseases which have been prevented are given below:—

Paddy

(*i*) *Sheath blight*—The sheath blight of rice has been reported for the first time in India from Punjab. No variety is resistant to this disease. Fertilization does not induce any resistance to the crop. The fungi remain viable throughout the off season of the crop. No fungicide is effective in checking or reducing the incidence of the disease. However, as a result of research carried out the following control measures have been recommended—

@ Convertes unstarred Question under directions of the Speaker.

Destruction of plant refuse, fungus free seed, destruction of motha and Pau and rotation of crops other than graminaceus hosts.

(*ii*) *Leaf Blight or pansuk disease of rice*—This disease had baffled the research workers throughout India.

However, as a result of the research work carried out it has been determined that the disease is caused by a seed-borne bacterium and that the bacterium causes leaf-blight symptoms when sprayed on the plant. Some fungi are also associated with the disease.

The seed-borne bacterium can be eliminated by soaking the seed in 800 p.p.m. of streptomycin solution for 6 hours.

(*ii*) *Foot Rot* .—Research work was conducted to study the physiology of the causal fungus and control measures.

As a result of research carried out some rice varieties have been found to be resistant.

Seed treatment with Ceresan and Agrosan G.N. is recommended to control the seed-borne nature of the disease.

(*iii*) *Curvularia blight* .—Research work was conducted to study the nature of the causal agents, etiology and perpetuation of the disease.

Curvularia verruculosa has been found to be the cause of the disease . Its physiology has been investigated. Research to find out control measures is in progress.

(iv) *Nigrospora blight* .—Research work was conducted to study the nature of the causal agent, etiology and perpetuation of the disease.

Nigrospora oryzae has been found to be the cause of the disease. Its physiology has been investigated. Copper exychloride checked the growth of the fungus completely. Research to find out control measures is in progress.

Sugareane : As a result of research carried out by the Punjab Agricultural University, the following prevention or control measures have been recommended to check the diseases of sugarcane :—

Name of discuse.	Prevention or control measures recommended on the basis of research carried out.
(a) Red Rot	(i) Plant healthy seed
	(ii) Destroy trash.
	(iii) Plant resistant varieties like Co. L. 9 and others recommended by the Sugarcane Botanist.
	(iv) Avoid ratooning.
(b) Smut.	(i) Plant healthy seed.
	(ii) Treat seed sets by smoking in the fungicide solution of Agallol or Aretan. (1 : 400).

Cotton :

(*i*) *Angular Leaf Spot of Cotton* : The disease is both seed borne and secondary spread takes place from seed source or from the plant refuse of the previous season's crop.

As a result of research on the testing of some good bactericide,. a treatment of seed to control the disease has been evolved. If cotton seed is soaked in 0·1% Ceresan wet for 6 hours overnight, the primary infection originating from the seed cane be controlled very effectively,

Wheat :

(i) *Black-point or Kernel smudge*.—Research was conducted to find out the nature of causal agents, the perpetuation and control of the disease.

As a result of research, the following control measures have been recommended :—

Use of fungus-free seed, treatment of seed with N.I. Ceresan, delaying the sowing of the crop, sulphur-dusting at the rate of 20 lbs per acre at the earning stage are measures to keep the crop free from disease.

Vegetable—Brinjal

(i) *Phomopris blight.*—Research work was conducted to study the nature of the causal agent, etiology, perpetuation and control of the disease.

Several strains of *Phompsis vexans* cause the disease. To control the disease, use of fungus free seed, disinfecting healthy seed, destroying the plant refuse and spraying of the plants with Bordeaux mixture or copper oxychloride are recommended.

(ii) *Wilt.*—Research work has been conducted to study the nature of the causal agents, etiology and perpetuation of the disease.

Fusarium solani and Corticiumsolani were established as the causal agents of the wilt disease of brinjal.

Some varieties were found to be resistant to *F. solani* research to find out measures to control the disease are in progress.

(c) First Part :

There are no accurate estimates but roughly crops suffered losses to the extent of 10% to 20% on account of attack of pests and diseases annually during the last three years.

The figures of expenditure incurred by Government for checking crop pests and diseases, are as under :—

1961-62	Rs. 6,55,978
1962-63	Rs. 10,41,867
1963-64	Rs. 20,02,022

Second Part :

The information has been given against (b) above.

PATWARIS WORKING IN TEHSIL HEADQUARTER IN AMRITSAR DISTRICT

2617. Comrade Makhan Singh Tarsikka : Will the Minister for Revenue be pleased to state—

(a) the homes of those patwaris who worked during the years 1963-64 and 1964-65 (to date) at the Headquarters of the Amritsar, Tarn Taran, Patti and Ajnala, tehsils in Amritsar, District for translation work of the tehsil records from Urdu to Punjabi ;

(b) the names of the Patwaris who worked in the Sadar Qanungos Office, Amritsar and also in the Deputy Commissioners Office, Amritsar during the said period ;

(c) whether any special allwoance is given to the said Patwaris for doing this special work, if not, the reasons therefor ?

Sardar Harinder Singh Major : (a) None of the Patwaris worked at tehsil Headquarters in the District during the year 1963-64 and 1964-65.

रुपया तो टैक्सों के जरिए ही वसूल करती है और दूसरे कोई और टैक्स लगा कर ही यह किसी टैक्स में मुआफी देती है इसलिए जब यह कोई टैक्स मुआफ करती है तो हमें डर लगता है कि इस का बोझ हम पर ही पड़ेगा। क्योंकि न तो हम आरगेनाईज़ड हैं और न ही देहात वालों के पास कोई प्रेस ही है और न ही इन के पास प्लेटफारम ही है और इन्हें तो पता है कि ऊंट उड़ाते हुए लादा करते हैं और वह जानत हैं कि चाहे कितना शोर कर लें और चाहे कितना कुछ और कर लें उन के ऊपर ही यह बोझ डलना ही है। यह तो इन के ख्यालात यहां पर रखे गए हैं। तो आप बताएं इस का इलाज क्या है। आप को मालूम है कि इस साल का बजट जो है वह डिफिसट है और इस के बावजूद भी हमारे जो वज़ीर खज़ाना जो हैं वह टैक्स कम करते जा रहे हैं। यह शायद क्योंकि चेयरमैन रहे हैं इस लिए इन को एडमिनिस्ट्रेशन चलाने के के बारे में पूरी वाकफियत नहीं है क्योंकि वहां और तरह का काम होता है और गवर्नमैंट चलाने के लिए और कायदे होते हैं। यही वजह है कि एक तो इन्होंने बजट भी डिफिसिट दिया है और टैक्सों में भी कमी कर रहे हैं। पता नहीं इस का इलाज क्या होगा और यह रुपया कहां से वसूल करेंगे। वही ऊंट वाली बात नज़र आ रही है। हम डरते हैं कि यह बोझ सरकार हम पर ही लादेगी। आप को मालूम है कि जब यहां पर ज़मीदारा गवर्नमैंट थी उस वक्त कितनी अच्छी बातें उस गवर्नमैंट ने की थीं। उस वक्त हालांकि हमारे फाईनांस मिनिस्टर कांग्रेस में थे लेकिन फिर भी कहते थे कि उस गवर्नमैंट ने पसमान्दा लोगों के यानी जो देहात में रहने वाले हैं के लिए कई ऐसे काम किए थे जिन की यह उस वक्त भी तारीफ किया करते थे। अब यह उन लोगों की नुमायंदगी करना चाहते हैं तो यह मुझे एक बात बता दें कि शहरियों की हिफाज़त के लिए जो पुलिस मुकर्रर होती है उस के लिए टैक्स तो यह खास कर शहर के लोगों से वसूल करती नहीं लेकिन इस के मुकाबिले में जो लोग देहात में रहते हैं उन से यह चौकीदारा टैक्स वसूल करती है हालांकि यह सब जानते हैं कि न तो देहात के लोगों को उस चौकीदारी की ज़रूरत ही होती है और न ही चौकीदार देहात में छोता है वह कोई चौकीदारी करता ही है। वह तो सिर्फ अफसरान और पुलिस की मदद के लिए होता है लेकिन इस के बावजूद भी यह टैक्स देहात के रहने वाले लोगों से वसूल किया जाता है। तो मुझे कोई भी माकूल आदमी और समझदार आदमी बताए कि क्या यह चौकीदारा टैक्स देहात के गरीब लोगों से वसूल किया जाना चाहिए ? कोई भी नहीं कहेगा कि वसूल किया जाए। लेकिन इस के वावजूद भी यह उस से वसूल किया जा रहा है लेकिन जो पुलिस शहरों में रहने वालों की हिफाज़त के लिए रखी जाती है उस का खर्च जो सरकार करती है वह तो सारे पंजाब के लोगों से टैक्स वसूल कर के पूरा किया जाता है। देहात वालों से चौकीदारा टैक्स इस लिए वसूल किया जाता है क्योंकि वह खुद कुछ कह नहीं सकते। मुझे इस बात में बड़ी खुशी हुई है कि इस दफा हमारे एक ज़मीदार भाई वज़ीर खज़ाना मुकर्रर हुए हैं, इस लिए कम से कम यह तो देहात के लोगों का ख्याल रखेंगे। लेकिन जिस गवर्नमैंट के यह मंत्री हैं उस की पालिसी तो यह है कि सरमाएदारों को रियायत दी जाए और जो देहात के गरीब आदमी हैं उन को न दी जाए। इस लिए अगर इन्होंने मंत्री बना रहना है तो ज़रूरी है कि यह सरकार की पालिसी के मुताबिक काम करें। मैं इस से पूछता हुं कि जितने भी बिल इस सरकार की तरफ से लाए गए हैं उन में क्या एक भी बिल ऐसा लाया गया है जिस में देहात के लोगों को टैक्स में

[चौधरी राम सरुप]

कमी दी जा रही हो ? एक भी ऐसा बिल नहीं लाया गया। मुझे पता है कि वजीर खज़ाना जवाब में कहेंगे कि इस बारे में सोच रहे हैं। इस तरह से तो यह सोचते सोचते सारी उमर भी गुज़ार देंगे और देहात के लोगों को कोई रियायत नहीं देंगे। हमें इस बात में कोई गिला नहीं है कि शहर वालों को क्यों रियायत दी जा रही है लेकिन हमें तो इस बात का गिला है कि देहात वालों को क्यों कोई टैक्स में रियायत नहीं दी जा रही। और यह कुदरती बात भी है। डिप्टी स्पीकर साहिबा, अगर दो भाई हों और एक के साथ सलूक कुछ और हो और दूसरे के साथ कुछ और हो तो उन में ज़रूरी है हस्द पैदा हो जाएगा। (इस वक्त श्री बलरामजी दास टण्डन हाउस में आ गए) (कुछ आवाज़ें : टण्डन साहिब आ गए हैं) : टण्डन साहिब हमेशा बात तो ठीक करते हैं, इन को बात करने का तरीका आता है और इनको सूझ बूझ है कि कैसे किसी से काम निकाला जाता है। हम इन की बात मानने को तैयार हैं लेकिन यह हमारे मन से यह डर निकाल दें कि यह जो टैक्स में कमी की जा रही है इस का बोझ हमारे ऊपर नहीं आएगा जिस का हमें तो हर वक्त यही खतरा बना रहता है। टण्डन साहिब ने यह बड़ी माकूल बात की है कि एक आदमी पर सिर्फ एक ही टैक्स होना चाहिए यानी उस की उसी जायदाद पर दो टैक्स न हों। लेकिन उन को इस बात पर भी सोचना चाहिए जैसा कि मेरे से पहले कई बोलने वाले यहां पर बता गए हैं कि ज़मीन पर कितने टैक्स लगे हुए हैं जो कि शहरियों की निसबत देहात वालों को ज़ादा देने पड़ते हैं। इस लिए, डिप्टी स्पीकर साहिबा, मैं आप की मारफत वज़ीर साहिब से कहना चाहता हूं कि वह थोड़ा सा इस बात का ख्याल रखें कि देहात वालों को शहर के लोगों की तरह न समझें और उन को ज़्यादा एक्साईट न करें क्योंकि जब किसी वक्त किसी आदमी का हद से ज्यादा दबाया जाता है तो वह बगावत कर देता है और जो देहात के लोग हैं वह अगर एक बार बगावत कर देंगे तो इन की तरह कुछ लेकर चुप नहीं करेंगे और वह तो आप की जान लेने तक तैयार हो जाएंगे। आप को पता है कि देश की डिफेंस के लिए फौजों में जितने देहात के लोग हैं उतने शहरों के लोग नहीं हैं।

उपाध्यक्षा : आप तो बजट पर स्पीच कर रहे हैं। इस वक्त तो आप के सामने बिल है। (The hon. member is making his speech on the Budget. But the House is discussing the Bill now.)

चौधरी राम सरुप : डिप्टी स्पीकर साहिबा, मैं आप की मारफत गवर्नमैंट को वार्न कर देना चाहता हूं कि अगर इस ने यही तरीका अख्तयार किया जैसा कि यह कर रही है कि जो टैक्स शहरियों के ऊपर हैं उन में यह कमी करती चली जा रही है और देहात वालों को टैक्सों में कोई रिलीफ नहीं देती तो इस के नतायज बहुत बुरे निकलेंगे। क्योंकि देहात के आदमी जो हैं वह ज़्यादातर फौजों में मुलाज़म हैं और जब कोई खतरा देश पर आता है तो उन को याद किया जाता है लेकिन जब किसी टैक्स में रिलीफ देना होता है तो वह शहर वालों को दिया जाता है तो अगर इन्हीं तफरका की लाइनों पर यह गवर्नमैंट चलती रही तो वह दिन दूर नहीं रहेगा जब यह देहात के आदमी बगावत करने पर तैयार हो जाएंगे और वह बगावत ऐसी होगी कि जिस का इन के पास कोई इलाज नहीं होगा क्योंकि तब तक वह यह समझ कर करेंगे कि मार तो सरकार ने भी देना ही है तो फिर क्यों न खुद बखुद इस तरह से मरें। इस लिये अर्ज़ यह है

कि ज़रा देहात वालों का भी ख्याल किया करें। इस बिल को कुछ दिन के लिये पैंडिंग रख लें एक और बिल देहात वालों के रीलिफ के लिये भी ले आएं। हम इस बिल की हिमायत करेंगे यह उस बिल की हिमायत करेंगे। आप का शुक्रिया।

ਵਿੱਤ ਅਤੇ ਯੋਜਨਾ ਮੰਤਰੀ (ਸਰਦਾਰ ਕਪੂਰ ਸਿੰਘ): ਡਿਪਟੀ ਸਪੀਕਰ ਸਾਹਿਬਾ, ਹੋਰ ਗੱਲਾਂ ਦਾ ਜਵਾਬ ਤਾਂ ਮੈਂ ਬਾਅਦ ਵਿਚ ਦਿਆਂਗਾ। ਪਹਿਲਾਂ ਮੈਂ ਚੌਧਰੀ ਸਾਹਿਬ ਦੀ ਗੱਲ ਦਾ ਹੀ ਜਵਾਬ ਦਿਆਂਗਾ। ਇਨ੍ਹਾਂ ਨੇ ਕੁਝ ਪਿਛਲੇ ਜ਼ਮਾਨੇ ਵਲ ਇਸ਼ਾਰਾ ਕੀਤਾ ਜਦੋਂ ਕਿ ਇਨ੍ਹਾਂ ਦੀ ਹਕੂਮਤ ਹੁੰਦੀ ਸੀ। ਇਨ੍ਹਾਂ ਨੇ ਕਿਹਾ ਕਿ ਚੌਕੀਦਾਰਾ ਇਹ ਹਕੂਮਤ ਨਾਜਾਇਜ਼ ਲੈਂਦੀ ਹੈ, ਮਾਮਲਾ ਇਨਕਮ ਟੈਕਸ ਦੇ ਅਸੂਲਾਂ ਤੇ ਲਗਣਾ ਚਾਹੀਦਾ ਹੈ। ਚੌਧਰੀ ਸਾਹਿਬ ਨੂੰ ਮੈਂ 1939 ਦੀ ਗੱਲ ਯਾਦ ਕਰਾ ਦਿਆਂ। (ਵਿਘਨ) ਉਸ ਵੇਲੇ ਜਦੋਂ ਅਸੀਂ ਕਹਿੰਦੇ ਹੁੰਦੇ ਸੀ ਕਿ ਚੌਧਰੀ ਸਾਹਿਬ ਚੌਕੀਦਾਰਾ ਮਾਫ ਕਰੋ ਤਾਂ ਇਹ ਕਹਿਦੇ ਹੁੰਦੇ ਸੀ ਨਹੀਂ। (ਵਿਘਨ) ਮੈਨੂੰ ਪਤਾ ਹੈ ਤੁਸੀਂ ਡੀਬੇਟਸ ਪੜ੍ਹ ਕੇ ਦੇਖ ਲਉ।

ਜੋਗਾ ਸਾਹਿਬ ਨੇ ਕਿਹਾ ਕਿ ਇਹ ਜੋ ਰਿਆਇਤ ਦਿਤੀ ਹੈ ਇਹ ਤਾਂ ਅਮੀਰਾਂ ਨੂੰ ਦਿਤੀ ਹੈ। ਪਰ ਮੈਂ ਉਨ੍ਹਾਂ ਨੂੰ ਦਸ ਦੇਵਾਂ ਕਿ ਜੋ ਇਹ ਰਿਆਇਤ ਦਿਤੀ ਗਈ ਹੈ ਇਹ ਅਮੀਰਾਂ ਨੂੰ ਨਹੀਂ ਸਗੋਂ ਗਰੀਬ ਮਜ਼ਦੂਰਾਂ ਤੇ ਕਿਸਾਨਾਂ ਨੂੰ ਦਿਤੀ ਜਾ ਰਹੀ ਹੈ। ਇਹ ਤਾਂ ਪੇਂਡੂਆਂ ਖਾਤਰ ਹੈ। (ਵਿਘਨ) ਤੁਸੀਂ ਮੇਰੀ ਗੱਲ ਤਾਂ ਸੁਣ ਲਉ। ਡਿਪਟੀ ਸਪੀਕਰ ਸਾਹਿਬਾ, ਤੁਸੀਂ ਜਾਣਦੇ ਹੋ ਕਿ ਮਿਉਨਿਸਪਲ ਕਮੇਟੀਆਂ ਦੀ ਹਦੂਦ ਵਧ ਗਈਆਂ ਹਨ ਜਿਸ ਕਰਕੇ ਬਹੁਤ ਸਾਰੀ ਜ਼ਮੀਨ ਜੋ ਪੇਂਡੂ ਲੋਕਾਂ ਪਾਸ ਸੀ ਉਹ ਸ਼ਹਿਰਾਂ ਵਿਚ ਆ ਗਈ ਹੈ, ਉਥੇ ਪਹਿਲਾਂ ਕਾਸ਼ਤ ਹੁੰਦੀ ਸੀ, ਜਿਵੇਂ ਕਿ ਲੁਧਿਆਣੇ ਵਿਚ ਹੈ। ਸੋ ਇਹ ਜੋ ਲਿਮਿਟ ਵਧਾਈ ਹੈ ਇਹ ਤਾਂ ਉਨ੍ਹਾਂ ਗਰੀਬਾਂ ਲਈ ਵਧਾਈ ਹੈ। ਇਹ ਜੋ ਜ਼ਮੀਨ ਪਹਿਲਾਂ ਕਾਸ਼ਤ ਹੁੰਦੀ ਸੀ ਇਸ ਤੇ ਪਹਿਲਾਂ ਪਰਾਪਰਟੀ ਟੈਕਸ ਲਗਦਾ ਸੀ ਪਰ ਐਸੀ ਜੋ ਜ਼ਮੀਨ ਮਿਉਨਿਸਪਲ ਹਦੂਦ ਅੰਦਰ ਆ ਗਈ ਹੈ, ਉਸ ਨੂੰ ਪਰਾਪਰਟੀ ਟੈਕਸ ਬਿਲਕੁਲ ਮਾਫ ਕਰ ਦੇਣਾ ਹੈ। (ਤਾੜੀਆਂ) ਇਸ ਦੀ ਨੋਟੀਫਿਕੇਸ਼ਨ ਹੋਣ ਵਾਲੀ ਹੈ, ਟੈਕਸੇਸ਼ਨ ਡਿਪਾਰਟਮੈਂਟ ਤੋਂ ਦਸਤਖਤ ਹੋ ਕੇ ਚਲੀ ਗਈ ਹੈ। ਸੋ ਤੁਸੀਂ ਆਪ ਹੀ ਅੰਦਾਜ਼ਾ ਲਗਾ ਲਉ ਕਿ ਇਹ ਸਰਕਾਰ ਕਿਸਾਨਾਂ ਦਾ ਖਿਆਲ ਰਖਦੀ ਹੈ ਜਾਂ ਨਹੀਂ। ਜੋ ਸਰਕਾਰ ਨੇ ਐਗਜ਼ੈਂਪਸ਼ਨ ਵਧਾਈ ਹੈ ਤਾਂ ਇਸ ਕਰਕੇ ਵਧਾਈ ਹੈ ਕਿ ਸਭ ਨਾਲ ਇਨਸਾਫ ਹੋਵੇ। ਟੰਡਨ ਸਾਹਿਬ ਨੇ ਕਿਹਾ ਕਿਰਾਏ ਵਧ ਗਏ ਹਨ ਸੋ ਕੁਦਰਤੀ ਤੌਰ ਤੇ ਜੇ ਐਗਜ਼ੈਂਪਸ਼ਨ ਲਿਮਿਟ ਵੀ ਵਧਣੀ ਹੀ ਸੀ। ਇਸ ਤੋਂ ਜੋ ਫਾਇਦਾ ਹੋਣਾ ਹੈ ਉਹ ਅਮੀਰਾਂ ਨੂੰ ਨਹੀਂ ਸਗੋਂ ਇਕ ਇਕ ਦੋ ਦੋ ਕੋਠਿਆਂ ਵਾਲਿਆਂ ਨੂੰ ਹੋਣਾ ਹੈ। ਐਗ-ਜ਼ੈਂਪਸ਼ਨ ਗਰੀਬਾਂ ਨੂੰ ਮਿਲਣੀ ਹੈ। (ਵਿਘਨ) ਇਕ ਆਨਰੇਬਲ ਮੈਂਬਰ ਸਾਹਿਬ ਨੇ ਕਿਹਾ ਕਿ ਬੇਵਾਵਾਂ ਦਾ ਧਿਆਨ ਕਰੋ। ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਿਨ੍ਹਾਂ ਬੇਵਾਵਾਂ ਦੀ ਆਮਦਨੀ ਦਾ ਹੋਰ ਕੋਈ ਜ਼ਰੀਆ ਨਹੀਂ ਉਨਾਂ ਨੂੰ ਥੋੜ੍ਹੀ ਦੇਰ ਹੋਈ ਰਿਆਇਤ ਦਿਤੀ ਹੈ। ਔਰ ਉਸ ਦੇ ਮਕਾਨ ਦੇ ਕਿਰਾਏ ਤੋਂ ਆਮਦਨੀ 50/- ਰੁਪਏ ਮਹੀਨਾ ਤੋਂ ਘਟ ਹੈ ਤਾਂ ਉਸ ਨੂੰ ਐਗਜ਼ੈਂਪਸ਼ਨ ਦੇਣ ਦੀ ਕੋਸ਼ਿਸ਼ ਹੋ ਰਹੀ ਹੈ। (ਵਿਘਨ) ਨਹੀਂ, ਪਹਿਲਾਂ ਲਿਮਿਟ ਥੋੜ੍ਹੀ ਸੀ। ਇਹ ਵਧਾਈ ਜਾ ਰਹੀ ਹੈ। ਸੋ ਅਸੀਂ ਸਾਰੇ ਗਰੀਬ, ਮਜ਼ਦੂਰਾਂ ਅਤੇ ਕਿਸਾਨਾਂ ਦਾ ਖਿਆਲ ਰਖਿਆ ਹੈ। ਬਾਕੀ ਜਿਨ੍ਹਾਂ ਦੇ ਵਡੇ ਵਡੇ ਮਕਾਨ ਹਨ ਉਨ੍ਹਾਂ ਨੂੰ ਤਾਂ ਇਹ ਐਗਜ਼ੈਂਪਸ਼ਨ ਨਹੀਂ ਮਿਲੀ। (ਵਿਘਨ) ਚੰਡੀਗੜ੍ਹ ਦੇ ਮਹਿਲਾਂ ਬਾਰੇ ਮੇਰਾ ਇਖਤਿਆਰ ਨਹੀਂ। ਮੇਰਾ ਇਖਤਿਆਰ ਹੋਵੇ ਤਾਂ ਮੈਂ ਕੁਝ ਕਰਾਂ ਮੈਂ ਤਾਂ

[ਵਿੱਤ ਅਤੇ ਯੋਜਨਾ ਮੰਤਰੀ]

ਇਥੇ ਇਸ ਵਿਧਾਨ ਭਵਨ ਵਿਚ ਜੋ ਬਿਜਲੀ ਜਲਦੀ ਹੈ ਇਸ ਦਾ ਵੀ ਹਿਸਾਬ ਰਖਿਆ ਹੋਇਐ। (ਵਿਘਨ) ਚੰਡੀਗੜ੍ਹ ਤਾਂ ਇਕ ਪਾਸੇ।

(ਵਿਘਨ)

ਡਿਪਟੀ ਸਪੀਕਰ: ਇਸ ਤਰ੍ਹਾਂ ਉਲਝੋਗੇ ਤਾਂ ਇਹ ਖਤਮ ਨਹੀਂ ਹੋਣ ਲਗਾ। **(The hon. Minister will not be able to conclude if he takes notice of all the interruptions.)**

ਵਿਤ ਅਤੇ ਯੋਜਨਾ ਮੰਤਰੀ: ਚੰਡੀਗੜ੍ਹ ਬਾਰੇ ਮੈਂ ਦਸ ਰਿਹਾ ਸੀ ਕਿ ਇਥੇ ਸਰਕਾਰ ਨੇ ਇਕ ਅੰਡਰਟੇਕਿੰਗ ਦਿਤੀ ਹੋਈ ਹੈ। ਤੁਸੀਂ ਜਾਣਦੇ ਹੋ ਕਿ ਜਟ ਜ਼ਬਾਨ ਦਾ ਪੱਕਾ ਹੁੰਦਾ ਹੈ ਸੋ ਸਰਕਾਰ ਵੀ ਐਸੀ ਹੀ ਹੈ।

ਕੁਝ ਮੈਂਬਰਾਂ ਨੇ ਕਿਹਾ ਕਿ ਕਿਸਾਨਾਂ ਦੀ ਰਿਆਇਤ ਨਹੀਂ ਕਰਦੇ ਸ਼ਹਿਰੀਆਂ ਦੀ ਕਰਦੇ ਹੋ। ਤੁਸੀਂ ਦੇਖ ਕੇ ਗੱਲ ਕਿਹਾ ਕਰੋ। ਅਸਲ ਮਤਲਬ ਤਾਂ ਇਹ ਹੈ ਕਿ ਟੰਡਨ ਸਾਹਿਬ ਦਾ ਮੂੰਹ ਇਹ ਰਿਆਇਤ ਦੇ ਕੇ ਬੰਦ ਕਰ ਦੇਈਏ ਕਿ ਤੁਹਾਡੀ ਮਦਦ ਕੀਤੀ ਹੈ। ਹਰ ਇਕ ਚੀਜ਼ ਦੇ ਕਰਨ ਦਾ ਤਰੀਕਾ ਹੁੰਦਾ ਹੈ। ਹਰ ਕੰਮ ਨੂੰ ਤਰੀਕੇ ਨਾਲ ਕੀਤਾ ਜਾਂਦਾ ਹੈ ਇਸ ਲਈ ਇਹ ਖਿਆਲ ਕਦੇ ਨਾ ਦਿਲ ਵਿਚ ਲਿਆਉ ਕਿ ਇਹ ਗੱਲ ਸ਼ਹਿਰੀ ਲਈ ਹੈ ਜਾਂ ਪੇਂਡੂ ਲਈ ਹੈ ਇਸ ਗੌਰਮੈਂਟ ਦਾ ਮੰਤਵ ਇਕੋ ਹੈ ਅਤੇ ਇਸ ਦੇ ਮਨ ਵਿਚ ਇਹ ਠਾਨਿਆ ਹੋਇਆ ਹੈ ਕਿ ਆਮਦਨ ਦਾ ਖਿਆਲ ਰਖ ਕੇ ਜਿਥੇ ਜਿਥੇ ਕੋਈ ਚੀਜ਼ ਇਸ ਕਿਸਮ ਦੀ ਹੈ ਕਿ ਬਗੈਰ ਕਿਸੇ ਟੈਕਸ ਲਗਾਣ ਦੇ ਕੋਈ ਆਮਦਨ ਦਾ ਤਰੀਕਾ ਲਭਿਆ ਜਾ ਸਕਦਾ ਹੈ ਲਭ ਲਿਆ ਜਾਵੇ। ਅਤੇ ਜਿਥੇ ਕੋਈ ਸਹੂਲਤ ਦਿਤੀ ਜਾ ਸਕਦੀ ਹੈ ਦਿਤੀ ਜਾਵੇ।

ਇਥੇ ਇਕ ਗੱਲ ਨੰਗਲ ਦੇ ਮਕਾਨਾਂ ਬਾਰੇ ਕਹੀ ਗਈ ਹੈ। ਇਸ ਦੇ ਬਾਰੇ ਵਿਚ ਮੈਂ ਅਰਜ਼ ਕਰ ਦਿਆਂ ਕਿ ਇਸ ਸਬੰਧ ਵਿਚ ਪੰਡਤ ਮੋਹਨ ਲਾਲ ਦਤ ਮੇਰੇ ਪਾਸ ਆਏ ਸਨ ਅਤੇ ਇਸ ਗੱਲ ਵਲ ਧਿਆਨ ਦਿਵਾਇਆ ਸੀ ਅਤੇ ਇਨ੍ਹਾਂ ਨੂੰ ਤਾਂ ਦਸ ਦਿਤਾ ਸੀ ਕਿ ਸਰਕਾਰ ਕੀ ਕਰ ਰਹੀ ਹੈ ਹੁਣ ਇਸ ਹਾਊਸ ਵਿਚ ਵੀ ਦਸ ਦਿੰਦਾ ਹਾਂ ਕਿ ਜਿੰਨੀ ਵੀ ਪਹਿਲਾਂ ਅਸੈਸਮੈਂਟ ਕੀਤੀ ਗਈ ਸੀ ਉਸ ਸਾਰੀ ਅਸੈਸਮੈਂਟ ਨੂੰ ਕੈਂਸਲ ਕਰ ਦਿਤਾ ਗਿਆ ਹੈ ਅਤੇ ਇਸ ਗੱਲ ਦੀ ਹਦਾਇਤ ਕਰ ਦਿੱਤੀ ਗਈ ਹੈ ਕਿ ਜਿਥੇ ਬੇਇਨਸਾਫੀ ਹੋਈ ਹੈ ਉਸ ਦਾ ਖਿਆਲ ਰਖ ਕੇ ਦੁਬਾਰਾ ਇਸ ਦੀ ਸਾਰੀ ਅਸੈਸਮੈਂਟ ਕਰਾਈ ਜਾਵੇ। ਤਾਂ ਜੋ ਕੋਈ ਕਿਸੇ ਕਿਸਮ ਦੀ ਬੇਇਨਸਾਫੀ ਦੀ ਗੁੰਜਾਇਸ਼ ਨਾ ਰਹੇ। ਮੈਂ ਹੋਰ ਜ਼ਿਆਦਾ ਨਹੀਂ ਕਹਿੰਦਾ। ਅਤੇ ਤੁਹਾਡੇ ਥਰੂ ਹਾਊਸ ਦੇ ਮੈਂਬਰਾਂ ਨੂੰ ਯਕੀਨ ਦਿਵਾਣਾ ਚਾਹੁੰਦਾ ਹਾਂ ਕਿ ਗੌਰਮੈਂਟ ਦੇ ਦਿਲ ਵਿਚ ਕਿਸਾਨ ਦਾ ਜਾਂ ਪਿੰਡ ਵਿਚ ਰਹਿਣ ਵਾਲੇ ਦਾ ਖਿਆਲ ਘਟ ਨਹੀਂ ਅਤੇ ਮੇਰਾ ਆਪਣਾ ਅੰਦਾਜ਼ਾ ਹੈ ਕਿ ਹਰ ਵਕਤ ਇਹ ਇਸ ਗੱਲ ਦਾ ਖਿਆਲ ਰਖਿਆ ਜਾਵੇ ਕਿ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਹਰਾਸਮੈਂਟ ਨਾ ਹੋਵੇ ਅਤੇ ਕਿਸੇ ਤਰ੍ਹਾਂ ਵੀ ਉਨਾਂ ਨਾਲ ਕੋਈ ਗੱਲ ਨਾਵਾਜਬ ਨਾ ਕੀਤੀ ਜਾਵੇ।

ਜਿਥੇ ਤਕ ਪੰਜ ਏਕੜ ਦਾ ਸਵਾਲ ਹੈ ਮੈਂ, ਡਿਪਟੀ ਸਪੀਕਰ ਸਾਹਿਬਾ, ਇਨ੍ਹਾਂ ਮੈਂਬਰਾਂ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਪਾਲਿਸੀ ਦਾ ਸਵਾਲ ਹੈ ਇਸ ਲਈ ਜਦ ਤਕ ਕੋਈ ਫਾਈਨਲ ਗੱਲ ਨਾ ਹੋ ਜਾਵੇ ਕਿਸੇ ਪਾਲਸੀ ਦਾ ਇਲਾਨ ਨਹੀਂ ਕਰਨਾ ਚਾਹੀਦਾ ਅਤੇ ਮੈਂ ਇਸ ਗੱਲ ਦਾ ਪਾਬੰਦ ਹਾਂ। ਹਰ ਇਕ ਚੀਜ਼ ਨੂੰ ਕਰਨ ਦਾ ਤਰੀਕਾ ਅਤੇ ਸਮਾਂ ਹੁੰਦਾ ਹੈ, ਇਸ ਲਈ ਮੈਂ ਇਸ ਵਕਤ

ਇਸ ਪੰਜ ਏਕੜ ਦੀ ਪਾਲਸੀ ਬਾਰੇ ਕੋਈ ਗੱਲ ਕਹਿਣ ਨੂੰ ਤਿਆਰ ਨਹੀਂ ਇਸ ਵਕਤ ਪੋਜ਼ੀਸ਼ਨ ਇਹ ਹੈ ਕਿ ਪੰਜ ਏਕੜ ਤਕ ਦੀ ਜੋ ਆਮਦਨ ਹੈ ਇਹ ਸਰਕਾਰ ਪੰਚਾਇਤਾਂ ਨੂੰ ਦੇ ਰਹੀ ਹੈ। ਜੇਕਰ ਨਹੀਂ ਦਿਤੀ ਗਈ ਤਾਂ ਦਿਤੀ ਜਾ ਰਹੀ ਹੈ ਅਤੇ ਇਸ ਚੀਜ਼ ਨੂੰ ਗੌਰਮੈਂਟ ਨੇ ਤਾਂ ਆਪਣੇ ਵਲੋਂ ਦੇ ਹੀ ਦਿਤਾ ਹੈ, ਪੰਚਾਇਤਾਂ ਦੀ ਖਾਤਰ । ਇਸ ਲਈ ਇਨ੍ਹਾਂ ਥੋੜ੍ਹੇ ਜਿਹੇ ਸ਼ਬਦਾਂ ਨਾਲ ਮੈਂ ਮੈਂਬਰਾਂ ਪਾਸੋਂ ਉਮੀਦ ਕਰਦਾ ਹਾਂ ਕਿ ਇਸ ਚੀਜ਼ ਨੂੰ ਜੋ ਬਿਲ ਹਾਊਸ ਦੇ ਸਾਹਮਣੇ ਪੇਸ਼ ਹੈ ਕਨਸਿਡਰ ਕਰਕੇ ਪਾਸ ਕਰ ਦੇਣ। ਚੀਜ਼ਾਂ ਸਾਰੀਆਂ ਇਕੱਠੀਆਂ ਨਹੀਂ ਆਇਆ ਕਰਦੀਆਂ। ਆਹਿਸਤਾ ਆਹਿਸਤਾ ਹੋਰ ਗੱਲਾਂ ਨੂੰ ਵੀ ਦੇਖ ਲਵਾਂਗੇ ।

Deputy Speaker : Question is—

That the Punjab Urban Immovable Property Tax (Amendment) Bill be taken into consideration at once.

The motion was carried

Deputy Speaker : The House will now consider the Bill Clause by Clause.

Sub-Clause (2) of Clause I

Deputy Speaker : Question is—

That Sub-clause (2) of Clause 1 stand part of the Bill.

The motion was carried

Clause 2

Deputy Speaker : Question is—

That Clause 2 stand part of the Bill.

The motion was carried

Clause 3

उपाध्यक्षा : श्री बलरामजी दास टंडन साहिब, आप इस कलाज पर बोलना चाहते हैं ? (addressing Shri Balramji Das Tandon.) (Would the hon. Member like to speak on this clause ?)

Minister for Finance and Planning : Madam Deputy Speaker, according to the Rules of Procedure the amendment (regarding addition of new clause) should have been taken up before the consideration of the Bill clause by clause.

Voices : No. No.

श्री बलरामजी दास टंडन : यह कोई नई क्लाज नहीं है, इस अमेंडिंग बिल की जो नई क्लाज है 6 उस के बाद नई क्लाज 7 को जोड़ दिया जाए। और जो क्लाज नम्बर 8 है ओरिजन्ल एक्ट नें उसकी यह अमेन्डमेंट है। उस क्लाज में यह प्रोविजन है :—

"Where the assessing authority for any area has issued notices requiring returns in connection with the making of a new valuation list, the said authority shall, as soon as may be after the expiration of the period allowed for the delivery of the returns, cause a draft valuation list to be prepared for the the area and published in such manner as may be prescribed."

होता यह है कि एक्ट की सैक्शन 8 है, जिसको अब सैक्शन 7 बनाया जा रहा है, इस के मुताबिक रूल्ज़ बने हुए हैं ।

उपाध्यक्षा : अभी तो क्लाज़ 3 हाउस के सामने है । (I would like to inform the hon. Member that clause 3 is before this House at this stage.)

ਸਰਦਾਰ ਜਸਦੇਵ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਮੈਡਮ। ਇਹ ਜਿਹੜਾ ਅਮੈਂਡਿੰਗ ਬਿਲ ਹੈ ਇਸ ਵਿਚ 6 ਕਲਾਜ਼ਾਂ ਹਨ ਅਤੇ ਟੰਡਨ ਸਾਹਿਬ ਇਸ ਵਿਚ ਕਲਾਜ਼ ਐਡ ਕਰਾਣਾ ਚਾਹੁੰਦੇ ਹਨ ਪਰ ਅਜੇ ਤਾਂ ਅਸੀਂ ਇਸ ਕਲਾਜ਼ ਤੇ ਪਹੁੰਚੇ ਹੀ ਨਹੀਂ, ਅਸੀਂ ਤਾਂ ਕਲਾਜ਼ 3 ਤੇ ਹੀ ਹਾਂ ਤੇ ਫਿਰ ਇਹ ਜਦ ਤਕ ਮੂਵ ਨਾ ਕੀਤੀ ਜਾਵੇ ਕਿਸ ਤਰਾਂ ਟੰਡਨ ਸਾਹਿਬ ਇਸ ਤੇ ਬੋਲ ਸਕਦੇ ਹਨ।

ਡਿਪਟੀ ਸਪੀਕਰ : ਮੈਂ ਤਾਂ ਪਹਿਲਾਂ ਹੀ ਇਨ੍ਹਾਂ ਨੂੰ ਕਿਹਾ ਹੈ ਕਿ ਇਸ ਵਕਤ ਕਲਾਜ਼ ਤਿੰਨ ਚਲ ਰਹੀ ਹੈ (I have already told Shri Balramji Dass Tandon that clause 3 is before the House at this stage.)

ਸਰਦਾਰ ਜਸਦੇਵ ਸਿੰਘ ਸੰਧੂ : ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਜੋ ਕੁਝ ਹੁਣ ਹੋਇਆ ਹੈ ਇਸ ਨੂੰ ਐਕਸਪੰਜ ਕਰ ਦਿੱਤਾ ਜਾਵੇ। ਕਿਉਂਕਿ ਇਹ ਸਾਰਾ ਤਾਂ ਇਰਰੈਲੇਵੇਂਟ ਹੈ ਜਦ ਕਿ ਕਲਾਜ਼ ਤਿੰਨ ਤੇ ਬਹਿਸ ਚਲ ਰਹੀ ਹੈ ਅਤੇ ਇਹ ਨਵੀਂ ਕਲਾਜ਼ 7 ਤੇ ਬੋਲ ਰਹੇ ਹਨ।

श्री बलरामजी दास टंडन : मैंने पहले भी आपको कहा था कि मेरी एक क्लाज़ 3 पर अमैंडमैंट है। मगर दरम्यान में वित्त मंत्री महोदय उठ खड़े हुए, यह क्लाज़ अभी मूव नहीं हो पाई थी कि मैं ने खड़े होकर इस में एक कलैरीफिक्शन करने के लिये कुछ कहना था . . .

उपाध्यक्षा : टण्डन साहिब, आपने अगर कुछ कहना हो तो कहिए। मैं ने तीन दफा इस के लिये पुकारा है मगर आप खामोशी से बैठे सुनते रहे। जब मोशन पुट होने लगी है तो आप उठ खड़े है। (I called upon the hon. Member thrice to say anything if he had to say, but he kept silent. Now when the motion is going to be put to the House, the hon. Member has got to speak.)

श्री बलरामजी दास टंडन (अमृतसर शहर) : मेरी इस पर अमैंडमेंट है।

Madam, I beg to move —

In line 2, *for* "fifteen" *substitute* "twenty".

मैं ने यह एमैंडमेंट इस लिए दी है कि जो सरकार इस क्लाज़ में 15 प्रतिशत कटौती करने लगी है, मैं चाहता हूं क्योंकि कास्ट आफ रिपेयर जो है वह बहुत वढ़ चुकी है इस लिये 15 प्रतिशत की बजाये 20 प्रतिशत करनी चाहिए।

Deputy Speaker : Motion moved—

In line 2 for "fifteen" substitute "twenty".

Deputy Speaker : Question is—

In line 2, for "fifteen" substitute "twenty".

The motion was lost

Deputy Speaker : Question is—
That Clause 3 stand part of the Bill.

The motion was carried.

Clause 4

Deputy Speaker : Question is—
That Clause 4 stand part of the Bill.

The motion was carried.

Clause 5

Shri Balramji Dass Tandon : Sir, I beg to move—
Delete sub-clause (2).

श्री बलरामजी दास टंडन : पेशतर इस के कि क्लाज 5 पास की जाये मैं आपके ज़रिए मिनिस्टर साहिब से बेनती करूंगा कि इस क्लाज के द्वारा सब-सैक्शन (3) जोड़ने के लिए उपबन्ध किया गया है जिस में यह लिखा है :

"(3) No appeal or application for revision made by any person under this section shall be entertained unless the authority competent to hear such appeal or revision is satisfied that the amount of tax assessed., and the penalty, if any, imposed, on such person has been paid by him."

इसके जरिये गवर्नमैंट यह पाबन्दी आयद करना चाहती है कि जब तक कोई भी आदमी अपने केस की अपील किसी भी अपील करने वाली अदालत में नहीं ले जा सकता जब तक कि वह सारी पेनेलिटी और टैक्स जमा नहीं करवा देता। मैं ने इस लिये कहा है कि इस क्लाज को डीलीट कर दिया जाये क्योंकि बेवाओं के केसिज़ होते हैं और ऐसे केसिज़ होते हैं जहां इतनी भारी रकम भरने में उनकी लाचारी होती है। यह एक ना मुनासिब सी बात होगी कि जब तक वह टैक्स और पैनेलिटी जमा ही ना करवायें तो अपील ही ना कर सकें। इस सारी खामी की पूरती के लिये मैं ने यह एमैंडमैंट दी है।

Deputy Speaker : Motion moved—
Delete sub-clause (2).

Deputy Speaker : Question is—
Delete sub-clause (2).

The motion was lost.

Deputy Speaker : Question is —
That Clause 5 stand part of the Bill.

The motion was carried.

Clause 6

Deputy Speaker : Question is—
That Clause 6 stand part of the Bill.

The motion was carried.

New Clause

Shri Balramji Dass Tandon : Sir, I beg to ask for leave to move the following new clause —

"That after clause 6, the following new clause shall be added :—

'Amendment of Section 8 of Punjab Act 17 of 1940.

7. After sub-section (1) of section 8 of the principal Act, the following proviso shall be added :—

"Provided that after the assessment is finalised by the Department the evaluation fixed by the Department shall be provided

[Shri Balramji Dass Tandan]

to the assessee through Registered A. D., for calling objection before finalizing the assessment."

Deputy Speaker : Question is—

That the honourable Member be granted leave to move the following new clause :—

"That after clause 6 the following new clause shall be added —

'Amendment of Section 8 of Punjab Act 17 of 1940.

7. After sub-section (1) of section 8 of the principal Act, the following proviso shall be added :—

"Provided that after the assessment is finalized by the Department, the evaluation fixed by the Department shall be provided to the assessee through Registered A. D. for calling objection before finalizing the assessment."

The leave was refused.

Sub-Clause (1) of Clause 1

Deputy Speaker : Question is—

That Sub-clause (1) of Clause 1 stand part of the Bill.

The motion was carried.

TITLE

Deputy Speaker : Question is—

That Title be the Title of the Bill.

The motion was carried.

Finance and Planning Minister (Sardar Kapoor Singh) : Sir, I beg to move—

That the Punjab Urban Immovable Property Tax (Amendment) Bill be passed.

ਮੈਂ ਅਰਜ਼ ਕਰਾਂ ਕਿ ਇਹ ਪਰੋਸੀਜਰ ਹੁਣ ਵੀ ਹੈ ਕਿਉਂਕਿ ਉਨ੍ਹਾਂ ਨੂੰ ਐਸਾ ਕਰਨ ਦੀਆਂ ਇਨਸਟਰਕਸ਼ਨਾਂ ਹਨ। ਇਸ ਦੇ ਨਾਲ ਕੋਈ ਫਰਕ ਨਹੀਂ ਪੈਣਾ। ਪਹਿਲਾਂ ਅੰਡਰ ਇਨਸਟਰੱਕਸ਼ਨ ਹੁੰਦਾ ਹੈ। ਹੁਣ ਰੈਗੂਲਰਾਈਜ਼ ਕਰਨ ਦੇ ਵਾਸਤੇ ਇਸ ਵਿੱਚ ਅਸੀਂ ਇਹ ਤਰਮੀਮ ਲੈ ਆਂਦੀ ਹੈ, Otherwise there is no difference.

Deputy Speaker : Motion moved—

That the Punjab Urban Immovable Property Tax (Amendment) Bill be passed.

श्री बलरामजी दास टंडन : डिप्टी स्पीकर साहिबा, मुझे थोड़ा अफसोस से कहना है कि इस हाउस के अन्दर जो मैम्बर साहबान बोले हैं उन्होंने बहुतों ने बगैर सोचे समझे मुखालफित की है। और कुछ ने जानबूझ कर भी मुखालफित करने की कोशिश की है। आज कोई भी मैम्बर इस हक में नहीं है कि अगर डाउन ट्राडन लोगों को कोई रिलीफ मिलता है तो वह न दिया जाए। मैं हैरान हूं कि यहां पर चाहे कोई भी समस्या हो, चाहे कोई बिल हो और चाहे कोई रेज़ोल्यूशन हो इस बात की कोशिश की जाती है, कि शहर और देहात की प्राबलिम क्रिएट कर दी जाए। अगर शहर के गरीब लोगों को 20 रुपए की जगह 25 रुपए तक की छूट दे दी गई तो इस पर इतना बावेला मचाना कहां तक उचित है यह तो स्वयं वही मैम्बर सोच सकते हैं। मेरी तो

1 P. M.

समझ में आने वाली बात नहीं है । जो लोग यहां पर प्रतिनिधि हो कर आते हैं, वह लोग सिर्फ देहात का ही प्रतिनिधित्व करते हैं, शहर नहीं आता या जो शहर से आते हैं उसमें देहात शामिल नहीं है ? हमें इस बात की कोशिश करनी चाहिए कि टैक्सिज़ कहीं भी हों अगर हैवी हों तो उन्हें कम कराने की कोशिश करनी चाहिए । न कि यह कि शहर और देहात का मामला खड़ा कर दें । यह सोचने का ढंग कहां तक कन्स्ट्रक्टिव है, मैं नहीं समझ पाता । मुझे मालूम है कि हरिजनों के लिए अमृतसर में जो मकान दिए गए हैं, उनमें सिर्फ एक एक कमरा है, एक स्टोर है और एक एक बाथरूम और लैट्रिन प्रावाइड की गई है लेकिन किराया उनसे चार्ज किया जा रहा है 25, 25 रुपए । क्या वह लोग गांवों से आए हुए नहीं हैं ? मैं मैम्बरान से यह तवक्को करता हूं कि वह शहरी और देहात का मसला बना कर कहने की आदत छोड़ दें । अगर देहात में 5 एकड़ वाले ज़मींदार को रिलीफ मिल जाए और उसे रेवेन्यू न देना पड़े तो इससे कौन इनकार कर सकता है लेकिन अगर शहर में एक गरीब आदमी मकान बना लेता है और उसे अगर 25 रुपए किराए के लेने की छूट मिल जाती है और उसके बाद उस पर कोई टैक्स एसैस होता है तो इसमें क्यों तकलीफ होती है ? क्या वजह है कि उस गरीब आदमी को रिलीफ न मिले क्या वह शहर में रहता है, इसीलिए ? यह जहनियत ही ठीक नहीं है कि लोगों को शहरी और देहाती समझकर देखा जाए । जो गरीब है वह चाहे शहर का हो या देहात का हो वह एक जैसा गरीब है ।

मैंने इस सदन के अन्दर जो एमैंडमैंट दी थी वह सरकार ने मानी नहीं है लेकिन मैं उम्मीद करता हूं कि जिस किसी आदमी का किराया 50 रुपए तक बनता है उसको भी रिलीफ मिलना चाहिए क्योंकि अब रुपए की वैल्यू बहुत कम हो गई है । अन्दाज़ा लगा लीजिए कि 25 साल पहले रुपए की क्या कीमत थी और इस तरह से 20 रुपए आज के कितने रुपए के बराबर बनते हैं । वह अगर आज इस बात को नहीं मानते तो बेशक फिर कभी बिल ले आएं लेकिन इस बात पर विचार करें ।

ਚੌਧਰੀ ਦਰਸ਼ਨ ਸਿੰਘ (ਨਕੋਦਰ): ਸ੍ਰੀ ਬਲਰਾਮਜੀ ਦਾਸ ਟੰਡਣ ਨੇ ਇਹ ਕਿਹਾ ਹੈ ਕਿ ਕੁਛ ਮੈਂਬਰ ਸ਼ਹਿਰੀਆਂ ਦਾ ਔਰ ਦਿਹਾਤੀਆਂ ਦਾ ਮਸਲਾ ਉਠਾਉਂਦੇ ਹਨ ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਮੈਂ ਉਨ੍ਹਾਂ ਸ਼ਹਿਰੀਆਂ ਦੇ ਖਿਲਾਫ ਹਾਂ ਜਿਨ੍ਹਾਂ ਦੇ ਕੋਲ ਲੱਖਾਂ ਕਰੋੜਾਂ ਰੁਪਿਆਂ ਦਾ ਕਾਲਾ ਧਨ ਹੈ। ਕਾਰਾਂ ਦੀ ਲੰਬੀ ਕਤਾਰ ਲਗੀ ਹੋਈ ਹੈ ਤੇ ਏਅਰ ਕੰਡੀਸ਼ਨ ਕੋਠੀਆਂ ਹਨ ਔਰ ਸੈਂਕੜੇ ਮਕਾਨ ਤੇ ਸੈਂਕੜੇ ਦੁਕਾਨਾਂ ਹਨ। (ਸ਼ੋਰ) ਸ਼ਹਿਰਾਂ ਵਿਚ ਰਹਿਣ ਵਾਲਾ ਗਰੀਬ ਅਤੇ ਦੇਹਾਤਾਂ ਵਿਚ ਵਸਣ ਵਾਲਾ ਗਰੀਬ ਤਾਂ ਇਕੋ ਜਿਹੇ ਹਨ। ਡਿਪਟੀ ਸਪੀਕਰ ਸਾਹਿਬਾ, ਮੈਂ ਇਸ ਤਰਮੀਮ ਦੀ ਵਿਰੋਧਤਾ ਕਰਦਾ ਹਾਂ। ਸ਼ਿਮਲੇ ਵਿਚ 400 ਰੁਪਿਆ ਸਾਲਾਨਾ ਕਿਰਾਏ ਦੇ ਉਤੇ ਛੋਟ ਰਖੀ ਗਈ ਹੈ ਇਹ ਜਾਇਜ਼ ਨਹੀਂ, ਕਿਉਂਕਿ ਸ਼ਿਮਲੇ ਵਿਚ ਕੋਈ ਗਰੀਬ ਆਦਮੀ ਨਹੀਂ ਰਹਿ ਸਕਦਾ । ਇਸ ਲਈ ਉਹ ਇਸ ਰਹਿਮ ਦਾ ਦਰਕਾਰ ਨਹੀਂ। ਇਸ ਤਰਮੀਮ ਨਾਲ ਸਰਕਾਰ ਨੂੰ ਘਾਟਾ ਪਵੇਗਾ ਜਦ ਕਿ ਇਕ ਕਰੋੜ 32 ਲੱਖ ਦੀ ਆਮਦਨੀ ਹੋਣੀ ਸੀ। ਔਰ ਉਸ ਘਾਟੇ ਨੂੰ ਪੂਰਾ ਕਰਨ ਲਈ ਜਿਸ ਵੇਲੇ ਸਰਕਾਰ ਟੈਕਸ ਲਗਾਏਗੀ ਤਾਂ ਉਹ ਟੈਕਸ ਦਿਹਾਤ ਦੀ ਜਨਤਾ ਤੇ ਪੈਣਾ ਹੈ। ਜੇ ਰੁਪਿਆ ਸਰਕਾਰ ਕੋਲ ਨਾ ਆਇਆ ਤਾਂ ਸੜਕਾਂ ਕਿਸ ਤਰ੍ਹਾਂ ਬਣਨਗੀਆਂ ਔਰ ਸਕੂਲ ਕਿਸ ਤਰ੍ਹਾਂ ਬਣਨਗੇ ਅਤੇ ਪਿੰਡਾਂ ਦੀ ਡਿਵੈਲਪਮੈਂਟ ਕਿਸ ਤਰ੍ਹਾਂ ਹੋਵੇਗੀ?

[ਚੌਧਰੀ ਦਰਸ਼ਨ ਸਿੰਘ]

ਡਿਪਟੀ ਸਪੀਕਰ ਸਾਹਿਬਾ, ਵਜ਼ੀਰ ਸਾਹਿਬ ਨੇ ਜਵਾਬ ਦਿੰਦਿਆਂ ਆਖਿਆ ਸੀ ਕਿ ਉਨ੍ਹਾਂ ਦੀ ਰੈਂਟਲ ਵੈਲਿਊ ਵਧ ਗਈ ਹੈ ਇਸ ਕਰਕੇ ਸਰਕਾਰ ਨੂੰ ਘਾਟਾ ਨਹੀਂ ਪਏਗਾ। ਮੈਂ ਸਮਝਦਾ ਹਾਂ ਕਿ ਜੇ ਰੈਂਟਲ ਵੈਲਿਊ ਵਧੀ ਹੈ ਤਾਂ ਪਰਾਪਰਟੀ ਟੈਕਸ ਵਧਾ ਦੇਣਾ ਚਾਹੀਦਾ ਸੀ, ਉਸ ਦੇ ਨਾਲ ਉਨ੍ਹਾਂ ਨੂੰ ਕੋਈ ਫਰਕ ਨਹੀਂ ਸੀ ਪੈਣਾ। ਅਜ ਡਿਪਟੀ ਸਪੀਕਰ ਸਾਹਿਬਾ, ਪਿੰਡਾਂ ਵਿਚ ਵਸਣ ਵਾਲੀ 75 ਪਰਸੈਂਟ ਜਨਤਾ ਹੈ ਔਰ ਸ਼ਹਿਰਾਂ ਵਿਚ ਮੁਸ਼ਕਲ ਨਾਲ 20 ਜਾਂ 25 ਪਰਸੈਂਟ ਜਨਤਾ ਵਸਦੀ ਹੈ। ਪਿੰਡਾਂ ਵਿਚ ਵਸਣ ਵਾਲਿਆਂ ਦੇ ਵਿਚ ਵੀ ਦੋ ਫੀ ਸਦੀ ਲੈਂਡ ਲਾਰਡ ਹਨ ਅਤੇ ਸ਼ਹਿਰਾਂ ਵਿਚ ਵਸਣ ਵਾਲਿਆਂ ਵਿਚ ਵੀ 2 ਪਰਸੈਂਟ ਲੈਂਡਲਾਰਡ ਹਨ। ਜੇ ਦੋ ਫੀ ਸਦੀ ਲੈਂਡ ਲਾਰਡ 83 ਫੀਸਦੀ ਲੋਕਾਂ ਦਾ ਖੂਨ ਚੂਸਣ ਤਾਂ ਮੈਂ ਆਪਣੀ ਸਰਕਾਰ ਨੂੰ ਚੇਤਾਵਨੀ ਦੇਂਦਾ ਹਾਂ ਕਿ ਸਰਕਾਰ ਨੂੰ ਇਸ ਚੀਜ਼ ਦਾ ਕੋਈ ਨਾ ਕੋਈ ਹਲ ਸੋਚਣਾ ਚਾਹੀਦਾ ਹੈ (ਘੰਟੀ) ਡਿਪਟੀ ਸਪੀਕਰ ਸਾਹਿਬਾ, ਮੈਂ ਅਜੇ ਦੋ ਮਿਨਟ ਵੀ ਨਹੀਂ ਬੋਲਿਆ ਤੇ ਤੁਸੀਂ ਘੰਟੀ ਵਜਾ ਦਿੱਤੀ ਹੈ। ਡਿਪਟੀ ਸਪੀਕਰ ਸਾਹਿਬਾ, ਮੈਨੂੰ ਅਫਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਪਿੰਡਾਂ ਦੇ ਵਿਚ ਵਸਣ ਵਾਲੇ ਗਰੀਬ ਕਿਸਾਨਾਂ ਦਾ ਮਾਮਲਾ 1947 ਤੋਂ ਬਾਅਦ ਕੋਈ ਐਸਾ ਸੈਸ਼ਨ ਨਹੀਂ ਹੋਇਆ ਜਿਸ ਦੇ ਵਿਚ ਲੈਂਡ ਰੇਵੀਨਿਊ, ਸਰਚਾਰਜ, ਐਡੀਸ਼ਨਲ ਸਰਚਾਰਜ, ਸੈਸ ਅਤੇ ਹਰੀਜਨ ਕਲਿਆਨ ਟੈਕਸ ਵਗੈਰਾ ਨਾ ਲਗਾਇਆ ਗਿਆ ਹੋਵੇ। ਇਸ ਦਾ ਕਾਰਣ ਕੀ ਹੈ। ਇਸ ਦਾ ਕਾਰਣ ਸਿਰਫ ਇਹ ਹੈ ਕਿ ਉਹ ਵਿਚਾਰੇ ਬੇਜ਼ਬਾਨ ਹਨ, ਐਜੀਟੇਸ਼ਨਾਂ ਨਹੀਂ ਕਰਦੇ। ਜੇ ਸ਼ਹਿਰਾਂ ਦੇ ਵਿਚ ਇਕ ਪੈਸਾ ਵੀ ਟੈਕਸ ਦਾ ਵਧਾ ਦਿੱਤਾ ਜਾਵੇ ਤਾਂ ਦੁਕਾਨਾਂ ਬੰਦ ਹੋ ਜਾਂਦੀਆਂ ਹਨ, ਹੜਤਾਲਾਂ ਹੋ ਜਾਂਦੀਆਂ as if heaven is going to fall: ਲੇਕਿਨ ਪਿੰਡਾਂ ਦੇ ਵਿਚ ਵਸਣ ਵਾਲੀ 86 ਪਰਸੈਂਟ ਜਨਤਾ ਕਿਉਂਕਿ ਭੋਲੀ ਭਾਲੀ ਹੈ, ਇੰਗਨੋਰੈਂਟ ਹੈ, ਐਜੀਟੇਸ਼ਨ ਨਹੀਂ ਕਰਦੀ ਇਸ ਕਰਕੇ ਉਸ ਦਾ ਮਤਲਬ ਇਹ ਸਮਝ ਲਿਆ ਜਾਂਦਾ ਹੈ ਕਿ ਉਨ੍ਹਾਂ ਦੀ ਕਮਰ ਇਤਨੀ ਮਜ਼ਬੂਤ ਹੈ ਕਿ ਉਹ ਟੈਕਸਾਂ ਦਾ ਹੋਰ ਭਾਰ ਚੁਕ ਸਕਦੇ ਹਨ। ਇਹ ਪਾਲੀਸੀ ਠੀਕ ਨਹੀਂ ਹੈ। ਪਰਾਪਰਟੀ ਟੈਕਸ ਦੇ ਵਿਚ ਜਿਹੜੀਆਂ ਕੁਝ ਰਿਆਇਤਾਂ ਦਿੱਤੀਆਂ ਗਈਆਂ ਹਨ ਜੇ ਉਨ੍ਹਾਂ ਦਾ ਫਾਇਦਾ ਗਰੀਬ ਨੂੰ ਪਹੁੰਚਦਾ ਹੁੰਦਾ ਤਾਂ ਕੋਈ ਬੁਰਾ ਨਹੀਂ ਸੀ ਲੇਕਿਨ ਜੇਕਰ 10, 12 ਕੋਠੀਆਂ ਵਾਲੇ ਨੂੰ ਉਸ ਦਾ ਫਾਇਦਾ ਪਹੁੰਚਦਾ ਹੈ ਤਾਂ ਇਹ ਗੱਲ ਠੀਕ ਨਹੀਂ।

ਸਰਦਾਰ ਗੁਰਚਰਨ ਸਿਘ : ਆਨ ਏ ਪੁਆਇੰਟ ਆਫ ਆਰਡਰ। ਡਿਪਟੀ ਸਪੀਕਰ ਸਾਹਿਬਾ, ਤੁਸੀਂ ਹੁਕਮ ਦਿੱਤਾ ਸੀ ਉਨ੍ਹਾਂ ਨੂੰ ਕਿ ਪਿੱਛੇ ਜਾ ਕੇ ਬੈਠੋ ਲਕਿਨ ਉਨ੍ਹਾਂ ਨੇ ਪਰਵਾਹ ਨਹੀਂ ਕੀਤੀ, ਤੋਂ ਮੈਂ ਰੂਲਿੰਗ ਚਾਹੁੰਦਾ ਹਾਂ ਕਿ ਜਿਹੜਾ ਬੰਦਾ ਤੁਹਾਡਾ ਹੁਕਮ ਨਾ ਮੰਨੇ ਉਸ ਦੇ ਖਿਲਾਫ ਕੀ ਐਕਸ਼ਨ ਲੈਣਾ ਚਾਹੀਦਾ ਹੈ।

ਚੌਧਰੀ ਦਰਸ਼ਨ ਸਿੰਘ: ਡਿਪਟੀ ਸਪੀਕਰ ਸਾਹਿਬਾ, ਜਿਹੜੀ ਰਿਆਇਤ ਦਿੱਤੀ ਗਈ ਹੈ ਸ਼ਹਿਰਾਂ ਦੇ ਵਿਚ ਇਸ ਦੀ ਬਜਾਏ ਅਗਰ ਪਿੰਡਾਂ ਦੇ ਲੋਕਾਂ ਨੂੰ ਕੋਈ ਰੀਲੀਫ ਦਿੱਤਾ ਜਾਂਦਾ ਤਾਂ ਚੰਗੀ ਗੱਲ ਸੀ। ਅਸੀਂ ਦਰਖਾਸਤ ਦਿੱਤੀ ਸੀ ਕਿ ਕਿਸਾਨਾਂ ਤੇ ਜਿਹੜਾ ਕਮਰਸ਼ਲ ਸੈਸ ਲਾਇਆ ਜਾਂਦਾ ਹੈ ਇਹ ਮਾਫ ਕੀਤਾ ਜਾਵੇ ਲੇਕਿਨ ਉਦੋਂ ਖੇਤੀ ਬਾੜੀ ਮੰਤਰੀ ਨੇ ਉਸ ਬਾਰੇ ਕੋਈ ਵਾਜ਼ਿਹ ਐਲਾਨ ਨਹੀਂ ਸੀ ਕੀਤਾ। ਮੈਂ ਹੁਣ ਫੇਰ ਦਰਖਾਸਤ ਕਰਾਂਗਾ ਕਿ ਕਮਰਸ਼ਲ ਕਰਾਪ ਸੈਸ ਜਿਹੜਾ ਹੈ ਇਹ ਛੇਤੀ ਤੋਂ ਛੇਤੀ ਮਾਫ ਕੀਤਾ ਜਾਵੇ (ਵਿਘਨ)

ਸਰਦਾਰ ਗੁਰਬਖਸ ਸਿੰਘ (ਗੁਰਦਾਸਪੁਰੀ): ਡਿਪਟੀ ਸਪੀਕਰ ਸਾਹਿਬਾ, ਇਹ ਜਿਹੜਾ ਮੇਰੇ ਪਿੱਛੇ ਮਾਈਕ ਹੈ ਇਸ ਵਿਚੋਂ ਬਿਜਲੀ ਦਾ ਸ਼ਾਕ ਲਗਦਾ ਹੈ।

ਡਿਪਟੀ ਸਪੀਕਰ : ਹੁਣੇ ਹੀ ਠੀਕ ਕਰਵਾ ਦਿੰਦੇ ਹਾਂ । (It shall be set in order just now).

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬਾ, ਜਦੋਂ ਕਿਸਾਨਾਂ ਤੇ ਬੈਟਰਮੈਂਟ ਲੈਵੀ ਲਾਈ ਗਈ ਤਾਂ ਉਦੋਂ ਬੜੀ ਐਜੀਟੇਸ਼ਨ ਹੋਈ, ਹਜ਼ਾਰਾਂ ਬੰਦੇ ਜੇਲ੍ਹਾਂ ਵਿਚ ਗਏ। ਸਰਕਾਰ ਨੇ ਉਦੋਂ ਨੈਗੋ-ਸੀਏਸ਼ਨ ਕਰਕੇ ਇਕ ਕਮੇਟੀ ਬਣਾਈ ਜਿਸ ਨੇ ਪੜਤਾਲ ਕਰਕੇ ਰੀਪੋਰਟ ਕਰਨੀ ਸੀ ਕਿ ਬੈਟਰਮੈਂਟ ਲੈਵੀ ਕਿਸ ਹਦ ਤਕ ਛੱਡੀ ਜਾ ਸਕਦੀ ਹੈ। ਤੁਸੀਂ ਹੈਰਾਨ ਹੋਵੋਗੇ ਕਿ ਉਸ ਬੈਟਰਮੈਂਟ ਕਮੇਟੀ ਦੀ ਰੀਪੋਰਟ ਨੇ ਅਜ ਤਕ ਸੂਰਜ ਦੀ ਰੌਸ਼ਨੀ ਨਹੀਂ ਦੇਖੀ। ਮੈਂ ਸਰਕਾਰ ਨੂੰ ਕਹਾਂਗਾ ਕਿ ਉਸ ਦੇ ਬਾਰੇ ਸਰਕਾਰ ਹਾਊਸ ਦੇ ਵਿਚ ਐਲਾਨ ਕਰੇ ਅਤੇ ਉਸ ਰੀਪੋਰਟ ਨੂੰ ਹਾਊਸ ਦੇ ਵਿਚ ਪੇਸ਼ ਕਰੇ (ਘੰਟੀ) ਡਿਪਟੀ ਸਪੀਕਰ ਸਾਹਿਬਾ, ਮੈਂ ਥੋੜ੍ਹੀਆਂ ਜਿਹੀਆਂ ਗੱਲਾਂ ਹੋਰ ਕਹਿ ਕੇ ਬੈਠ ਜਾਂਵਾਂਗਾ।

ਡਿਪਟੀ ਸਪੀਕਰ: ਚੌਧਰੀ ਦਰਸ਼ਣ ਸਿੰਘ ਜੀ, ਸਿਰਫ ਇਕ ਮਿਨਟ ਹੋਰ ਬੋਲ ਕੇ ਬੈਠ ਜਾਉ। (The hon. Member, Chaudhri Darshan Singh, should resume his seat after speaking for one minute more).

ਚੌਧਰੀ ਦਰਸ਼ਨ ਸਿੰਘ: ਮੈਂ ਇਹ ਗਲ ਕਹਿਣੀ ਚਾਹੰਦਾ ਹਾਂ ਕਿ ਸ਼ਹਿਰੀ ਜਾਇਦਾਦ ਤੇ ਵੀ ਪਾਬੰਦੀ ਲਾਈ ਜਾਵੇ, ਇਕ ਮਕਾਨ ਅਤੇ ਇਕ ਦੁਕਾਨ ਤੋਂ ਵਧ ਕਿਸੇ ਨੂੰ ਰਖਣ ਦੀ ਅਜ਼ਾਜ਼ਤ ਨਹੀਂ ਹੋਣੀ ਚਾਹੀਦੀ। ਜੇ ਤੁਸੀਂ ਸੋਸ਼ਲਿਜ਼ਮ ਲਿਆਉਣਾ ਚਾਹੰਦੇ ਹੋ ਤਾਂ ਜ਼ਰੂਰੀ ਹੈ ਕਿ ਇਸ ਪਾਲਿਸੀ ਤੇ ਅਮਲ ਕੀਤਾ ਜਾਵੇ ਜੇ ਪਿੰਡਾਂ ਦੇ ਵਿਚ 30 ਏਕੜ ਦੀ ਹੋਲਡਿੰਗ ਤੇ ਪਾਬੰਦੀ ਲਾਈ ਜਾ ਸਕਦੀ ਹੈ ਜਿਹੜੀ ਕਿ ਇਕਨਾਮਿਕ ਹੋਲਡਿੰਗ ਨਹੀਂ, ਜਿਸ ਵਿਚੋਂ ਕਿਸਾਨ ਆਪਣੇ ਬਚਿਆਂ ਨੂੰ ਵੀ ਨਹੀਂ ਪੜ੍ਹਾ ਸਕਦਾ ਔਰ ਨਾ ਹੀ ਸਟੈਂਡਰਡ ਰਖ ਸਕਦਾ ਹੈ ਤਾਂ ਫੇਰ ਕੀ ਵਜਾਹ ਹੈ ਕਿ ਸ਼ਹਿਰਾਂ ਦੇ ਵਿਚ ਜਾਇਦਾਦ ਤੇ ਪਾਬੰਦੀ ਨਾ ਲਾਈ ਜਾਵੇ (ਘੰਟੀ) ਅਖੀਰ ਵਿਚ ਮੈਂ ਕਹਿੰਦਾ ਹਾਂ ਕਿ ਜਦੋਂ ਸਰਕਾਰ ਬਣੀ ਤਾਂ ਇਸ ਨੇ ਪਿੰਡਾਂ ਦੇ ਬਾਰੇ ਆਖਿਆ ਕਿ ਮਾਂ ਮਾਂ ਜੇ ਮੈਂ ਥਾਣੇਦਾਰ ਬਣਿਆ ਤਾਂ ਪਿੰਡਾਂ ਤੇ ਹੀ ਜ਼ੁਲਮ ਕਰਾਂਗਾ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸੋਸ਼ਲਿਜ਼ਮ ਭੇਡ ਬਕਰੀ ਨਹੀਂ ਜਿਹੜੀ ਤੁਸੀਂ ਕੰਨੋ ਫੜ ਕੇ ਲੈ ਆਉਣੀ ਹੈ, ਉਹ ਤਾਂ ਹੀ ਆਵੇਗਾ ਜੇ ਗਰੀਬ ਨੂੰ ਉਚਾ ਚੁਕਿਆ ਜਾਵੇਗਾ ਅਤੇ ਕਾਰਖਾਨੇਦਾਰਾਂ ਨੂੰ ਥੱਲੇ ਨੂੰ ਕੀਤਾ ਜਾਵੇਗਾ।

Deputy Speaker : Please resume your seat now. I have called upon Chaudhri Mukhtar Singh Malik

चौधरी मुख्तियार सिंह मलिक (सोनीपत) : डिप्टी स्पीकर साहिबा, आज जो बिल हमारे वित्त मंत्री जी ने पेश किया है इस के अंदर कोई लम्बी चौड़ी बहिस की बात नहीं थी। कुछ मेम्बर साहिब इस को दूसरी शेप देना चाहते हैं यह कोई अच्छी बात नहीं है। जो गरीब है वह तो शहरों में भी रहता है और देहातों में भी रहता है। यह कहना कि गरीब सिर्फ देहातों में ही रहता है यह गलत बात है। मैं अर्ज़ करना चाहता हूं कि यह जो फिनांनस मिनिस्टर साहिब ने बिल पेश किया है यह भी जो शहरों में गरीब आदमी रहते हैं उन को रिलीफ देने के लिए हैं। एक गरीब आदमी अगर शहर में मकान बना लेता है और उस का कराया 240 की वजाए 300 रुपया सालाना हो जाता है तो उसे गरीब न समझेंगे तो और क्या समझेंगे। मुझे इन मैम्बर साहिबान पर अफसोस होता है जो इस बिल का बहाना बना कर और कुछ दूसरे ढंग से दिहाती और शहरी, अमीर और गरीब का सवाल पैदा करना चाहते हैं और उन में इस-

[चौधरी मुख्तियार सिंह मलिक]

इमत्याज़ पैदा करना चाहते हैं। यह ठीक बात नहीं है। जब मैं उधर के बैंचों पर बैठने वाले ढोलकवाजों की तरफ देखता हूं तो मुझे अफसोस होता है कि दूध की रखवाली के लिए बिल्ली बिठाई हुई है। (हंसी) जिस वक्त इस हाउस में दिहात के गरीब लोगों की भलाई की कोई बात आती है या उन पर कुल्हाडा चलाने की बात आती तब तो यह कागज़ी शेर चुप करके मुंह लटकाए बैठे रहते हैं और वोट का जब वक्त आता है तो गरदनें नीची किए हाथ उठा देते हैं और हम बेहतेरे इनकी ज़मीर को झंजोड़ने की कोशिश करते हैं लेकिन टस से मस नहीं होते। लेकिन जब यह असली मौका निकल जाता है तो किसी और मौके को जिसका उसके साथ कोई ताल्लुक नहीं होता बहाना बना कर इमत्याज पैदा करने वाली बातें खड़ी करते हैं। मैं कहता हूं कि जिस वक्त इस हाउस में सिक्योरिटी आफ लैंड टैनेयुर एक्ट पेश हुआ और पास हुआ, कमर्शशल क्रापस के उपर सैस लगा और दिहातियों का मालिया बढ़ाया गया तो हम ने उसकी पुरजोर मुखालफित की, लेकिन यह दिहातियों के लिये मगरमच्छ के आंसू बहाने वाले उनकी मुखालफित न कर सके। उस वक्त हक में खड़े हो गए (शेम, शेम की आवाज़ें) यह बातें करने का मौका तो उस वक्त था या जब गरीब दिहातियों की भलाई की बात आती है या उन पर कुल्हाड़ा चलाया जाता है उस वक्त आपको अपनी जवांमर्दी का मौका होता है लेकिन उस वक्त चुप बैठ जाते। मैं कहता हूं कि patriotism is the last resort of a scoundrel, (शोर) जिस वक्त वजारत से उतर जाते हैं तो उनको दिहात दिखाई देने लग जाते हैं, उनकी गरीबी दिखाई देने लग पड़ती है और शहरों वाले अमीर दिखाई दने लग पड़ते हैं शहर का रहने वाला भंगी भी इनको बिरला और टाटा नज़र आता है '(शोर) यह चौधरी दर्शन सिंह बैठे हैं . . . . . . (शोर)

ਚੌਧਰੀ ਦਰਸ਼ਨ ਸਿੰਘ: ਆਨ ਏ ਪੁਆਇੰਟ ਆਫ਼ ਆਰਡਰ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਿਸ ਤਰ੍ਹਾਂ ਇਕ ਪੇਂਡੂ ਸਹਿਰ ਵਿਚ ਜਾਕੇ ਕਦੇ ਇਧੱਰ ਵੇਖਦਾ ਕਦੇ ਉਧਰ ਵੇਖਦਾ ਹੈ ਅਤੇ ਬੌਖਲਾ ਜਾਂਦਾ ਇਸੇ ਤਰ੍ਹਾਂ ਚੌਧਰੀ ਮੁਖਤਿਆਰ ਸਿੰਘ ਪਿੰਡ ਵਿਚੋਂ ਸਹਿਰ ਵਿਚ ਜਾਕੇ ਬੌਖਲਾ ਗਏ ਹਨ ਅਤੇ ਸ਼ਹਿਰਿਆ ਦਾ ਰੰਗ ਇਨ੍ਹਾਂ ਤੇ ਚੜ ਗਿਆ ਹੈ ਇਸ ਲਈ ਐਸੀਆਂ ਗੱਲਾਂ ਕਰ ਰਹੇ ਹਨ। (ਸ਼ੋਰ)

Deputy Speaker : Order please.

चौधरी मुख्तियार सिंह मलिक : मैं अर्ज़ करना चाहता हूं कि मेरे ऊपर रंग नहीं चढ़ सकता है। अगर गरीब का सवाल आएगा तो मुझे मेरी पार्टी भी अपनी बात कहने से रोक नहीं सकती है लेकिन इस में कोई अमीर, गरीब और हिदाती शहरी का सवाल नहीं है। इनकी आनेस्टी आफ पर्पज़ हम ने कई दफा देख ली है कि यह कितने दिहातियों के और गरीबों के हमर्दद हैं ? दिहातियों पर कई दफा कुल्हाड़ा चला लेकिन जब वह कानून पास हुए जिन ने दिहातियों को पीसा तो यह चुप बैठे रहे और जब राए का सवाल आया तो हक में खड़े हो गए। किसी ने मुखालफित नहीं की लेकिन अब बगैर किसी मौका के दिहाती शहरी में तमीज़ पैदा करने के लिये खड़े हो गए . . . . . (शोर) अरे भई आराम से सुनो भी क्या मिरचें खा कर आए हो (हंसी) पिछली बात मैं छोड़ता हूं लेकिन आज ही देख लेना इनकी आनेस्टी आफ पर्पज क्या है। मैं इन से कहता हूं कि यह जो तुम इस बिल के खिलाफ बोल रहे हो

हमारे साथ मिल कर राए दो। चलो हम आपकी बात मान कर इस बिल के खिलाफ राए देंगे, अगर हिम्मत है तो हमारा साथ दो और खुल कर इस बिल के खिलाफ राए दो लेकिन यह ऐसा नहीं करेंगे क्योंकि यह कांग्रेसी तो अपनी ज़मीर बेचे बैठे हैं और कैरों साहिब के ज़माने में तो यह अपने डैथ वारंट्स पर हस्ताक्षर किए हुए थे लेकिन आज कामरेड साहिब को डराते हैं.. . . . . (शोर). . . . (घंटी) इनकी तो यह बात है कि बगल में छुरी और मुंह में राम राम (हंसी) मैं कहता हूं कि तुम कोई तो ऐसी बात कहो जिस में आनेस्टी आफ पर्पज़ हो। इस बिल में कौन सी ऐसी बात है जो शहरी दिहाती का सवाल पैदा करके वावेला मचाते हो। इस में शहर में रहने वाले जो गरीब लोग हैं उनको कुछ रिलीफ देने की बात है और कोई बात नहीं। आप अपने गरेबान तो मुंह डाल कर देखें। डिप्टी स्पीकर साहिबा, आप भी यहीं होंगे हम भी यहीं होंगे और यह भी यहीं होंगे, आप देख लेना कि जब भी दिहातियों पर कुल्हाडा चलेगा यह चुप बैठे रहेंगे। जब भी दिहातियों पर यह सरकार कोई बोझ डालेगी तो आप देख लेना कि हम तो उस की मुखालफित करेंगे लेकिन यह उपर से उसके हक में हाथ उठाएंगे (शोर) मैं जानता हूं कि दिहात वालों पर बोझ पड़ेगा और यह अपना घाटा दिहात वालों से पूरा करने की कोशिश करेंगे। उस बक्त मौका होगा आपको अपनी जवांमर्दी दिखाने का जब सरदार कपूर सिंह जी ने बजट पेश किया और बजट में जो डिफिसट दिखाया उसे अनकवर्ड छोड़ दिया तो मैं ने अपनी तकरीर में उस वक्त ही कह दिया था कि सरदार साहिब ने यह जो डिफिसिट अनकवर्ड छोड़ दिया इस का बोझ हमारे उपर डालोगे। इसलिए हम इस वक्त आपको कंडीशनल वधाई ही देते हैं (घंटी) खैर तो मैं अर्ज़ करता हूं कि जहां तक इस बिल का सवाल है इस मौके पर दिहाती शहरी का इमतियाज़ पैदा करने वाली कोई बात पैदा नहीं होती।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼(ਰੋਪੜ): ਡਿਪਟੀ ਸਪੀਕਰ ਸਾਹਿਬਾ, ਇਹ ਬੜੀ ਅਨਫਾਰਚੂਨੇਟ ਗੱਲ ਹੈ ਕਿ ਇਸ ਬਿਲ ਤੇ ਸ਼ਹਿਰੀ ਤੇ ਦਿਹਾਤੀ ਦੀ ਕੰਟਰੋਵਰਸੀ ਸ਼ੁਰੂ ਕੀਤੀ ਗਈ ਅਤੇ ਇਸ ਵਿਚ ਸਭ ਤੋਂ ਵਡੀ ਅਫਸੋਸਨਾਕ ਗੱਲ ਇਹ ਹੈ ਕਿ ਇਹ ਕੰਟਰੋਵਰਸੀ ਕਾਂਗਰਸ ਪਾਰਟੀ ਦੇ ਮੈਂਬਰ ਵਲੋਂ ਸ਼ੁਰੂ ਕੀਤੀ ਗਈ ਜਿਨ੍ਹਾਂ ਨੂੰ ਨੈਸ਼ਨਲ ਇੰਟੈਗਰੇਸ਼ਨ ਦੀ ਗੱਲ ਕਰਨੀ ਚਾਹੀਦੀ ਹੈ ਅਤੇ ਜਿਨ੍ਹਾਂ ਨੂੰ ਹਰ ਗੱਲ ਨੂੰ ਨੈਸ਼ਨਲ ਇੰਟੈਗਰੇਸ਼ਨ ਦੇ ਨੁਕਤੇ ਨਾਲ ਦੇਖਣਾ ਚਾਹੀਦਾ ਹੈ ਤਾਕਿ ਸਾਡੀ ਨੇਸ਼ਨ . . . .। (ਸ਼ੋਰ ਤੇ ਵਿਘਨ)

ਡਿਪਟੀ ਸਪੀਕਰ: ਕਾਮਰੇਡ ਜੀ, ਤੁਸੀਂ ਇਸ ਬਿਲ ਬਾਰੇ ਜੇ ਕੋਈ ਗਲ ਕਹਿਣੀ ਹੈ ਤਾਂ ਕਹੋ ਕਾਂਗਰਸ ਪਾਰਟੀ ਨੂੰ ਖਾਹਮਖਾਹ ਵਿਚ ਨਾ ਲਿਆਉ। **(The hon. Member Comrade Shamsher Singh Josh should not go beyond the scope of the Bill. He should not bring in the Congress Party)**

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਹਰ ਬਿਲ ਜੋ ਇਥੇ ਹਾਊਸ ਵਿਚ ਆਉਂਦਾ ਹੈ ਉਸ ਬਾਰੇ ਮਜ਼ਹਬ, ਕਾਸਟ, ਕਰੀਡ ਤੇ ਸ਼ਹਿਰੀ ਦਿਹਾਤੀ ਦੇ ਨੁਕਤੇ ਨਾਲ ਗਲ ਨਹੀਂ ਕਰਨੀ ਚਾਹੀਦੀ ਬਲਕਿ ਉਸਨੂੰ ਆਨ ਮੈਰਿਟ ਸੋਚਣਾ ਚਾਹੀਦਾ ਹੈ। ਇਹ ਜੋ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]
ਬਿਲ ਪੇਸ਼ ਕੀਤਾ ਗਿਆ ਹੈ ਇਕ ਬੜਾ ਬੁਨਿਆਦੀ ਸਵਾਲ ਖੜ੍ਹਾ ਕਰਦਾ ਹੈ ਅਤੇ ਉਸ ਦਾ ਤਅਲੁਕ ਕਾਂਗਰਸੀ ਸਰਕਾਰ ਦੀ ਟੈਕਸ਼ੇਸ਼ਨ ਪਾਲਿਸੀ ਨਾਲ ਹੈ ਕਿ ਉਹ ਕੀ ਹੈ। ਸਾਡੇ ਵਿੱਤ ਮੰਤਰੀ ਸਰਦਾਰ ਕਪੂਰ ਸਿੰਘ ਬੜੇ ਸੁਲਝੇ ਹੋਏ ਹਨ ਅਤੇ ਉਨ੍ਹਾਂ ਤੋਂ ਮੈਂ ਆਸ ਕਰਦਾ ਹਾਂ ਕਿ ਜਦੋਂ ਤਕ ਇਹ ਮਨਿਸਟਰੀ ਕਾਇਮ ਹੈ ਘਟੋਂ ਘਟ ਇਹ ਤਾਂ ਪੁਰਾਣੀ ਕਾਂਗਰਸੀ ਸਰਕਾਰ ਦੀਆਂ ਜੋ ਟੈਕਸੇਸ਼ਨ ਪਾਲਿਸੀਜ਼ ਰਹੀਆਂ ਹਨ ਉਨ੍ਹਾਂ ਤੋਂ ਬਰੇਕ ਕਰੇਗੀ ਅਤੇ ਉਹ ਪਾਲਿਸੀ ਅਖਤਿਆਰ ਕਰੇਗੀ ਜੋ ਇਕ ਵੈਲਫੇਅਰ ਅਤੇ ਅਗ੍ਹਾਂਵਧੂ ਸਰਕਾਰ ਦੀ ਹੋਣੀ ਚਾਹੀਦੀ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਪੁਰਾਣੀ ਪਾਲੀਸੀ ਕੀ ਰਹੀ ਹੈ। ਇਨ੍ਹਾਂ ਦੀ ਅਜ ਤਕ ਪਾਲੀਸੀ ਟੈਕਸੇਸ਼ਨ ਬਾਰੇ ਇਹ ਰਹੀ ਹੈ ਕਿ ਗਰੀਬ ਤੇ ਟੈਕਸ ਤੇ ਟੈਕਸ ਲਗਾਂਦੇ ਚਲੇ ਜਾਣਾ ਅਤੇ ਅਮੀਰਾਂ ਤੇ ਅੱਵਲ ਟੈਕਸ ਲਗਾਣਾ ਹੀ ਨਹੀਂ ਪਰ ਜੇਕਰ ਲਗਾਣਾ ਵੀ ਤਾਂ ਉਹ ਘਟ ਲਗਾਣਾ ਅਤੇ ਉਸ ਤਨਾਸਬ ਨਾਲ ਨਹੀਂ ਲਗਾਣਾ ਜਿਸ ਨਾਲ ਕਿ ਗਰੀਬਾਂ ਤੇ ਲਗਦਾ ਰਿਹਾ ਹੈ।

ਸਰਕਾਰ ਦੀ ਜਿਹੜੀ ਟੈਕਸਾਂ ਬਾਰੇ ਉਹ ਪਾਲਿਸੀ ਹੈ, ਬਹੁਤ ਗਲਤ ਹੈ। ਸਾਡੀ ਸਰਕਾਰ ਦੇਸ਼ ਵਿਚ ਸੋਸ਼ਲਿਜ਼ਮ ਲਿਆਉਣ ਦਾ ਨਾਅਰਾ ਮਾਰਦੀ ਹੈ ਪਰ ਇਹ ਸਰਮਾਇਆਦਾਰਾਂ ਨੂੰ ਹੀ ਹੈਲਪ ਕਰਦੀ ਹੈ। ਸਰਮਾਇਆਦਾਰਾਂ ਨੂੰ ਉਸਾਰਨ ਲਈ ਹੀ ਕਦਮ ਚੁਕਦੀ ਹੈ। ਗਰੀਬਾਂ ਉਤੇ ਟੈਕਸ ਉਤੇ ਟੈਕਸ ਲਾ ਰਹੀ ਹੈ। ਸਰਕਾਰ ਇਸ ਬਿਲ ਦੇ ਰਾਹੀਂ ਕੁਝ ਰਿਲੀਫ ਦੇਣ ਦਾ ਯਤਨ ਕਰ ਰਹੀ ਹੈ, ਮੈਂ ਸਮਝਦਾ ਹਾਂ ਕਿ ਇਹ ਥੋੜ੍ਹਾ ਹੈ। ਅਗਰ ਇਸ ਬਾਰੇ ਕੋਈ ਹੱਦ ਮੁਕੱਰਰ ਕਰ ਦਿੰਦੀ ਤਾਂ ਠੀਕ ਸੀ, ਇਕ ਪਾਸੇ ਕਈ ਆਦਮੀਆਂ ਦੇ 100, 100 ਜਾਂ 30, 30 ਮਕਾਨ ਹਨ ਦੂਜੇ ਪਾਸੇ ਕਈ ਆਦਮੀਆਂ ਦਾ 1 ਮਕਾਨ ਹੈ। ਮੈਂ ਚਾਹੁੰਦਾ ਹਾਂ ਕਿ ਰਿਲੀਫ ਦੇਣ ਦੇ ਵਕਤ ਕੋਈ ਹਦਬੰਦੀ ਕਰ ਦਿਤੀ ਜਾਂਦੀ ਤਾਂ ਠੀਕ ਹੈ। ਮੈਂ ਵੀ ਇਸ ਬਿਲ ਦੀ ਸਪੋਰਟ ਕਰਦਾ ਹਾਂ। ਪਤਾ ਚਲਦਾ ਹੈ ਕਿ ਸਰਕਾਰ ਅਰਬਨਜ਼ ਦਾ ਹੀ ਖਿਆਲ ਕਰਦੀ ਹੈ। ਦੂਜੇ ਪਾਸੇ ਕਿਸਾਨਾਂ ਲਈ ਲੈਂਡ ਰੈਵੀਨਿਊ ਸਿਸਟਮ ਹੈ, ਉਸ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ ਜਿਸ ਵੇਲੇ ਜਿਸ ਆਦਮੀ ਦੀ ਜ਼ਮੀਨ 1 ਵਿਘਾ ਹੈ ਉਸ ਨੂੰ 8 ਆਨੇ ਮਾਲੀਆ ਦੇਣਾ ਪੈਂਦਾ ਹੈ, ਜਿਸ ਦੀ ਜ਼ਮੀਨ 5 ਵਿਘੇ ਹੈ ਉਸ ਨੂੰ 2½ ਰੁਪਏ ਮਾਲੀਆ ਦੇਣਾ ਪੈਂਦਾ ਹੈ। ਮੈਂ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਇਹ ਮਾਲੀਆ ਮੁਆਫ ਕਰ ਦੇਣਾ ਚਾਹੀਦਾ ਹੈ। ਉਸ ਦੀ ਥਾਂ ਤੇ ਪਿੰਡਾਂ ਵਿਚ ਇਨਕਮ ਟੈਕਸ ਦੇ ਆਧਾਰ ਤੇ ਟੈਕਸ ਲਗਣੇ ਚਾਹੀਦੇ ਹਨ। ਸ਼ਹਿਰਾਂ ਵਿਚ ਜਿਸ ਆਦਮੀ ਦੀ ਪ੍ਰਾਪਰਟੀ 3,00 ਹੁੰਦੀ ਹੈ ਉਸ ਉਤੇ ਕੋਈ ਟੈਕਸ ਨਹੀਂ ਲਗਦਾ। ਉਸ ਤਰ੍ਹਾਂ ਦੀ ਪਾਲਿਸੀ ਸਰਕਾਰ ਨੂੰ ਪਿੰਡਾਂ ਲਈ ਬਣਾਉਣੀ ਚਾਹੀਦੀ ਹੈ। ਉਸ ਦਾ ਕੁਝ ਹਿੱਸਾ ਪੰਚਾਇਤਾਂ ਨੂੰ ਦਿੱਤਾ ਜਾਵੇ ਤਾਕਿ ਕਿਸਾਨਾਂ ਦੀ ਭਲਾਈ ਲਈ ਇਸਤੇਮਾਲ ਕੀਤਾ ਜਾ ਸਕੇ।

ਡਿਪਟੀ ਸਪੀਕਰ ਸਾਹਿਬਾ, ਹਾਊਸ ਵਿਚ ਯੂਨਾਨੀਮਸਲੀ ਰੈਜ਼ੂਲੇਸ਼ਨ ਪਾਸ ਹੋਇਆ ਸੀ ਕਿ ਜਿਨ੍ਹਾਂ ਕਿਸਾਨਾਂ ਦੀ 5 ਏਕੜ ਜਾਂ ਇਸ ਤੋਂ ਘਟ ਜ਼ਮੀਨ ਹੈ ਉਨ੍ਹਾਂ ਕੋਲੋਂ ਮਾਲੀਆ ਨਾ ਲਿਆ ਜਾਵੇ। ਸਰਕਾਰ ਨੂੰ ਉਸ ਰੈਜ਼ੂਲੇਸ਼ਨ ਨੂੰ ਔਨਰ ਕਰਨਾ ਚਾਹੀਦਾ ਹੈ। ਹਾਊਸ ਨੇ ਜਿਹੜੀ ਰਿਕਮੈਂਡੇਸ਼ਨ ਕੀਤੀ ਸੀ ਉਸ ਨੂੰ ਕਾਨੂੰਨੀ ਸ਼ਕਲ ਦਿਤੀ ਜਾਵੇ। (ਘੰਟੀ)

ਡਿਪਟੀ ਸਪੀਕਰ ਸਾਹਿਬਾ, ਦੂਸਰੀ ਗੱਲ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਰੂਰਲ ਏਰੀਏ ਵਿਚ ਜਿਹੜੀ ਪ੍ਰਾਪਰਟੀ ਹੈ ਉਸ ਉਤੇ ਸੀਲਿੰਗ ਲਾਈ ਜਾਵੇ। ਸਾਡੀ ਪਾਰਟੀ ਇਸ ਦੇ ਬਾਰੇ ਕਾਫੀ ਚਿਰ ਤੋਂ ਸਰਕਾਰ ਨੂੰ ਪ੍ਰੈਸ ਕਰ ਰਹੀ ਹੈ। (ਘੰਟੀ)

Deputy Speaker : Be relevant please.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਡਿਪਟੀ ਸਪੀਕਰ ਸਾਹਿਬਾ, ਹਾਊਸ ਵਿਚ ਸਰਕਾਰ ਦੀ ਸਾਰੀ ਟੈਕਸੇਸ਼ਨ ਪਾਲਿਸੀ ਡਿਸਕਸ ਹੋਈ ਹੈ। ਆਪ ਨੇ ਸਭ ਨੂੰ ਐਲਾਊ ਕੀਤਾ ਹੈ। ਇਸ ਲਈ ਆਪ ਦਾ ਧੰਨਵਾਦ ਕਰਦਾ ਹਾਂ ਕਿ ਮੈਨੂੰ ਵੀ ਆਪਣੇ ਖਿਆਲ ਪ੍ਰਗਟ ਕਰਨ ਦੀ ਇਜਾਜ਼ਤ ਦੇ ਦੇਵੋ। ਮੈਂ ਅਰਜ਼ ਕਰ ਰਿਹਾ ਸੀ ਕਿ ਪਿੰਡਾਂ ਵਿਚ ਲੈਂਡਿਡ ਪ੍ਰਾਪਰਟੀ ਉਤੇ ਸੀਲਿੰਗ ਲਾ ਦਿਤੀ ਹੈ। ਇਸ ਦੇ ਬਾਰੇ ਕਈ ਕਾਨੂੰਨ ਵੀ ਬਣਾ ਦਿਤੇ ਹਨ। ਉਥੇ 30 ਸਟੈਂਡਰਡ ਏਕੜ ਤੋਂ ਜ਼ਿਆਦਾ ਜ਼ਮੀਨ ਨਹੀਂ ਰੱਖ ਸਕਦਾ ਹੈ, ਲੇਕਿਨ ਦੂਜੇ ਪਾਸੇ ਸਰਕਾਰ ਨੇ ਅਰਬਨ ਪ੍ਰਾਪਰਟੀ ਉਤੇ ਕੋਈ ਸੀਲਿੰਗ ਮੁਕੱਰਰ ਨਹੀਂ ਕੀਤੀ, ਇਸ ਦੇ ਬਾਰੇ ਪਲੈਨਿੰਗ ਕਮਿਸ਼ਨ ਨੇ ਰਿਕਮੈਂਡੇਸ਼ਨ ਕਰ ਦਿਤੀ ਹੈ। ਮੈਂ ਚਾਹੁੰਦਾ ਹਾਂ ਕਿ ਸਰਕਾਰ ਇਸ ਦੇ ਬਾਰੇ ਤੁਰਤ ਕਦਮ ਚੁਕੇ। ਇਸ ਦੇ ਬਾਰੇ ਸਰਕਾਰ ਲੈਜਿਸਲੇਸ਼ਨ ਲਿਆਏ ਤਾਂਕਿ ਸ਼ਹਿਰਾਂ ਵਿਚ ਪ੍ਰਾਪਰਟੀ ਉਤੇ ਸੀਲਿੰਗ ਲਗੇ ।

ਤੀਜੀ ਗੱਲ ਟੈਕਸਾਂ ਦੇ ਬਾਰੇ ਸਰਕਾਰ ਦੀ ਪਾਲਿਸੀ ਹੈ, ਉਸ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ ਕਿ——

There are too many taxes on rural people and too many taxes on urban people. They are . Property Tax, House Tax, Marla Tax, Land Revenue, Water Charges, Surcharge, Betterment Charges, Local Rates and so on.

ਇਸ ਵੇਲੇ ਵੇਖਿਆ ਜਾਂਦਾ ਹੈ ਕਿ ਸ਼ਹਿਰਾਂ ਵਿਚ ਲੋਕਾਂ ਨੂੰ ਹਾਊਸ ਟੈਕਸ, ਮਰਲਾ ਟੈਕਸ ਅਤੇ ਪ੍ਰਾਪਰਟੀ ਟੈਕਸ ਦੇਣਾ ਪੈਂਦਾ ਹੈ। ਸਰਕਾਰ ਨੂੰ ਇਹ ਟੈਕਸ ਖ਼ਤਮ ਕਰ ਦੇਣੇ ਚਾਹੀਦੇ ਹਨ। ਇਸ ਦੇ ਮੁਕਾਬਲੇ ਤੇ ਸਰਕਾਰ ਨੂੰ ਇਕੱਠਾ ਇਕ ਟੈਕਸ ਲਾਉਣਾ ਚਾਹੀਦਾ ਹੈ। ਉਸ ਦਾ ਕੁਝ ਹਿਸਾ ਮਿਊਨਿਸਪਲ ਕਮੇਟੀ ਨੂੰ ਦਿਤਾ ਜਾਵੇ ਤਾਂਕਿ ਉਹ ਜਨਤਾ ਦੀ ਭਲਾਈ ਲਈ ਇਸਤੇਮਾਲ ਕਰ ਸਕੇ। ਸਟੇਟ ਉਸ ਵਿਚੋਂ ਆਪਣਾ ਹਿੱਸਾ ਹਾਸਲ ਕਰ ਲਵੇ। ਸਰਕਾਰ ਨੂੰ ਇਸ ਤਰ੍ਹਾਂ ਦਾ ਇਕ ਕੰਪਰੀਹੈਨਸਿਵ ਬਿਲ ਲਿਆਉਣਾ ਚਾਹੀਦਾ ਹੈ। ਹਰ ਸਾਲ ਅਮੈਂਡਿੰਗ ਬਿਲ ਲਿਆਉਣ ਦੀ ਜ਼ਰੂਰਤ ਨਹੀਂ ਹੈ। ਇਸ ਦੇ ਬਾਰੇ ਇਕ ਕਮੇਟੀ ਬਣਾਈ ਗਈ। ਉਸ ਦੇ ਫੈਸਲੇ ਦੇ ਆਧਾਰ ਉਤੇ ਇਨਕਮ ਉਤੇ ਟੈਕਸ ਲਾਏ ਜਾਣੇ ਚਾਹੀਦੇ ਹਨ। ਸ਼ਹਿਰਾਂ ਵਿਚ ਵੇਖਿਆ ਗਿਆ ਹੈ ਲੋਕਾਂ ਨੂੰ ਕਈ ਕਿਸਮ ਦੇ ਟੈਕਸ ਦੇਣੇ ਪੈਂਦੇ ਹਨ। ਦੂਜੇ ਪਾਸੇ ਪਿੰਡਾਂ ਦੇ ਅਨਪੜ੍ਹ ਕਿਸਾਨਾਂ ਨੂੰ ਜਦੋਂ ਨੰਬਰਦਾਰ ਕਹਿੰਦਾ ਹੈ 4 ਰੁਪਏ ਮਾਲੀਆ, 2 ਰੁਪਏ ਲੋਕਲ ਰੇਟ ਅਤੇ 2 ਰੁਪਏ ਆਬਿਆਨਾ ਦੇਵੋ ਤਾਂ ਉਹ ਨੰਬਰਦਾਰ ਦੇ ਮੂੰਹ ਵਲ ਤਕਦਾ ਹੈ। ਉਸ ਨੂੰ ਪਤਾ ਨਹੀਂ ਲਗਦਾ ਕਿ ਕਿੰਨੇ ਟੈਕਸ ਪੇ ਕਰਨੇ ਪੈਂਦੇ ਹਨ। ਲੋਕਾਂ ਉਤੇ ਕਾਨੂੰਨਾਂ ਦੀ ਭਰਮਾਰ ਹੈ ਸ਼ਰਕਾਰ ਨੂੰ ਚਾਹੀਦਾ ਹੈ ਕਿ ਐਸੇ ਕਾਨੂੰਨ ਬਣਾਏ ਜਾਣ ਜੋ ਕਿ ਉਨ੍ਹਾਂ ਨੂੰ ਸਮਝ ਆ ਸਕਣ। ਡਿਪਟੀ ਸਪੀਕਰ ਸਾਹਿਬਾ, ਮੈਂ ਆਪ ਦੇ ਰਾਹੀਂ ਹਾਊਸ ਦਾ ਧਿਆਨ ਇਕ ਅਹਿਮ ਮਸਲੇ ਵਲ ਦਿਵਾਉਣਾ ਚਾਹੁੰਦਾ ਹਾਂ। ਸਰਕਾਰ ਨੇ ਮਾਲਿਕ ਮਕਾਨਾਂ ਨੂੰ ਕੁਝ ਰਿਆਇਤਾਂ ਦਿਤੀਆਂ ਹਨ। ਜਿਨ੍ਹਾਂ ਲੋਕਾਂ ਦੇ 20, 20 ਮਕਾਨ ਸਨ ਉਨ੍ਹਾਂ ਨੇ ਆਪਣੇ ਮਕਾਨ ਕਿਰਾਏ ਤੇ ਦਿਤੇ ਹਨ। ਵੇਖਿਆ ਗਿਆ ਹੈ ਕਿ ਮਾਲਕ ਮਕਾਨ ਆਪਣੇ ਕਿਰਾਏਦਾਰ ਨੂੰ ਨਾਜਾਇਜ਼ ਤੌਰ ਤੇ ਧੱਕੇ ਮਾਰ ਕੇ ਕੱਢ ਦਿੰਦੇ ਹਨ। ਵੇਖਿਆ ਗਿਆ ਹੈ ਬੇਵਾ ਔਰਤਾਂ ਨੂੰ ਬੜੀ ਬੇ-ਰਹਿਮੀ ਦੇ ਨਾਲ ਮਕਾਨ ਵਿਚੋਂ ਕਢਿਆ ਜਾਂਦਾ ਹੈ, ਕਈ ਯਤੀਮ ਲੋਕਾਂ ਨੂੰ ਤੰਗ ਕਰਕੇ ਮਕਾਨ ਵਿਚੋਂ ਕਢਿਆ ਜਾਂਦਾ ਹੈ। ਪੰਜਾਬ ਵਿਚ ਮਾਲਕ ਮਕਾਨਾਂ ਨੇ ਕਿਰਾਏਦਾਰ ਦੀ ਜ਼ਿੰਦਗੀ ਕਠਿਨ ਬਣਾ ਦਿਤੀ ਹੈ। ਦੀ ਪੰਜਾਬ ਰੈਂਟ ਕੰਟ੍ਰੋਲ ਐਕਟ ਅੰਗਰੇਜ਼ਾਂ ਦੇ ਜ਼ਮਾਨੇ ਤੋਂ ਚਲਿਆ ਆ ਰਿਹਾ ਹੈ। ਇਸ ਵਿਚ ਅਮੈਂਡਮੈਂਟ ਲਿਆਉਣ ਦੀ ਲੋੜ ਹੈ। ਜਿਹੜੇ ਕਿਰਾਏਦਾਰ, 10, 20 ਸਾਲਾਂ ਤੋਂ ਮਕਾਨ ਵਿਚ ਰਹਿ ਰਹੇ ਹਨ ਉਨ੍ਹਾਂ ਨੂੰ ਉਨ੍ਹਾਂ ਮਕਾਨਾਂ ਦਾ ਮਾਲਕ ਕਰਾਰ ਦਿਤਾ ਜਾਣਾ ਚਾਹੀਦਾ ਹੈ। ਜਿਸ ਤਰ੍ਹਾਂ ਸਰਕਾਰ ਨੇ ਸੀਕਿਓਰਿਟੀ ਆਫ ਲੈਂਡ ਟੈਨਿਉਰਜ਼ ਐਕਟ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਦੇ ਰਾਹੀਂ ਮੁਜ਼ਾਰਿਆਂ ਨੂੰ ਮਾਲਕ ਬਣਾ ਦਿੱਤਾ ਹੈ। ਉਸੇ ਅਧਾਰ ਉਤੇ ਕਿਰਾਏਦਾਰਾਂ ਨੂੰ ਵੀ ਮਾਲਕ ਕਰਾਰ ਦਿਤਾ ਜਾਵੇ। ਸਰਕਾਰ ਨੂੰ ਇਸ ਬਾਰੇ ਛੇਤੀ ਹੀ ਲੈਜਿਸਲੇਸ਼ਨ ਲਿਆਉਣੀ ਚਾਹੀਦੀ ਹੈ।

ਸਰਦਾਰ ਹਰਚੰਦ ਸਿੰਘ (ਸਮਾਨਾ, ਐਸ. ਸੀ): ਡਿਪਟੀ ਸਪੀਕਰ ਸਾਹਿਬਾ, ਸਰਕਾਰ ਨੂੰ ਸੜਕਾਂ ਤਿਆਰ ਕਰਨ ਲਈ, ਡਰੇਨਾਂ ਖੋਦਣ ਲਈ, ਗਰੀਬ ਮੁਲਾਜ਼ਮਾਂ ਦੀਆਂ ਤਨਖਾਹਾਂ ਵਧਾਉਣ ਲਈ ਰੁਪਏ ਦੀ ਜ਼ਰੂਰਤ ਹੁੰਦੀ ਹੈ। ਇਸ ਦੇ ਬਾਵਜੂਦ ਸਾਡੀ ਸਰਕਾਰ ਨੇ 3½ ਕਰੋੜ ਰੁਪਏ ਘਾਟੇ ਦਾ ਬਜ਼ਟ ਪੇਸ਼ ਕੀਤਾ ਅਤੇ ਕੋਈ ਟੈਕਸ ਵੀ ਨਹੀਂ ਲਾਇਆ। ਜਦੋਂ ਸਰਕਾਰ ਟੈਕਸ ਲਾਉਂਦੀ ਤਾਂ ਵੀ ਕ੍ਰਿਟਿਸਿਜ਼ਮ ਹੁੰਦਾ ਹੈ ਅਤੇ ਜਦੋਂ ਟੈਕਸ ਛੱਡਦੀ ਹੈ ਤਾਂ ਵੀ ਮੁਖਾਲਫਤ ਕੀਤੀ ਜਾਂਦੀ ਹੈ। ਇਸ ਐਕਟ ਦੇ ਰਾਹੀਂ ਕੁਝ ਸ਼ਿਮਲੇ ਲਈ ਅਤੇ ਮਕਾਨਾਂ ਦੀ ਮੁਰੰਮਤ ਲਈ ਟੈਕਸਾਂ ਦੀ ਛੋਟ ਦਿੱਤੀ ਗਈ, ਉਸ ਉਤੇ ਵੀ ਮੁਖਾਲਫਤ ਹੋ ਰਹੀ ਹੈ। (ਵਿਘਨ) ਚੌਧਰੀ ਮੁਖਤਿਆਰ ਸਿੰਘ ਮਲਿਕ ਬਹੁਤ ਚੰਗੇ ਆਦਮੀ ਹਨ, ਉਹ ਸਿਆਣੇ ਆਦਮੀ ਹਨ, ਉਹ ਵਕੀਲਾਂ ਦੀ ਤਰ੍ਹਾਂ ਚੰਗੀਆਂ ਗੱਲਾਂ ਕਰਦੇ ਹਨ। ਪਰ ਉਹ ਫਿਰਕਾਪ੍ਰਸਤ ਪਾਰਟੀ ਵਿਚ ਕਿਸੇ ਤਰ੍ਹਾਂ ਫਸ ਗਏ ਹਨ। (ਵਿਘਨ) ਸਾਨੂੰ ਸਰਕਾਰ ਨੂੰ ਮੁਬਾਰਕਬਾਦ ਦੇਣੀ ਚਾਹੀਦੀ ਹੈ ਕਿ ਸਰਕਾਰ ਨੇ ਕੁਝ ਟੈਕਸਾਂ ਵਿਚ ਛੋਟ ਦਿੱਤੀ ਹੈ। ਇਸ ਸਾਲ ਕੋਈ ਨਵੇਂ ਟੈਕਸ ਨਹੀਂ ਲਾਏ। ਜਿਸ ਤਰ੍ਹਾਂ ਉਨ੍ਹਾਂ ਨੇ ਆਪਣੀ ਪਾਲਿਸੀ ਸਟੇਟਮੈਂਟ ਦਿਤੀ ਸੀ ਉਸੇ ਤਰ੍ਹਾਂ ਚਲ ਰਹੇ ਹਨ। ਇਸ ਬਿਲ ਉਤੇ ਕਲ੍ਹ ਤੋਂ ਬਹਿਸ ਹੋ ਰਹੀ ਹੈ, ਆਪੋਜ਼ੀਸ਼ਨ ਦੇ ਮੈਂਬਰਾਂ ਨੇ ਹਾਊਸ ਦਾ ਵਕਤ ਜ਼ਾਇਆ ਕੀਤਾ ਹੈ। ਬਾਬੂ ਬਚਨ ਸਿੰਘ ਬਹੁਤ ਸਿਆਣੇ ਆਦਮੀ ਹਨ। ਮੈਂ ਉਨ੍ਹਾਂ ਨੂੰ ਕਹਾਂਗਾ ਕਿ ਉਹ ਸਰਕਾਰ ਦੀ ਇਸ ਬਾਰੇ ਸ਼ਲਾਘਾ ਕਰਨ ਕਿਉਂਕਿ ਸਰਕਾਰ ਨੇ ਲੋਕਾਂ ਨੂੰ ਟੈਕਸ ਮੁਆਫ ਕੀਤੇ ਹਨ...... (ਵਿਘਨ) (ਸ਼ੋਰ)

ਕਾਮਰੇਡ ਭਾਨ ਸਿੰਘ ਭੌਰਾ: ਆਨ ਏ ਪੁਆਇੰਟ ਆਫ ਆਰਡਰ ਮੈਡਮ। ਇਸ ਬਿਲ ਦੇ ਬਾਰੇ ਹਾਊਸ ਵਿਚ ਕਾਫੀ ਯੂਜ਼ਫੁਲ ਬਹਿਸ ਹੋ ਰਹੀ ਸੀ। ਇਕ ਆਨਰੇਬਲ ਮੈਂਬਰ ਨੇ ਬੋਲਦੇ ਹੋਏ ਕਿਹਾ ਕਿ ਆਪੋਜ਼ੀਸ਼ਨ ਦੇ ਮੈਂਬਰਾਂ ਨੇ ਹਾਊਸ ਦਾ ਵਕਤ ਜ਼ਾਇਆ ਕੀਤਾ ਹੈ। ਉਨ੍ਹਾਂ ਨੂੰ ਇਹ ਲਫਜ਼ ਵਾਪਸ ਲੈਣੇ ਚਾਹੀਦੇ ਹਨ। (ਸ਼ੋਰ) (ਵਿਘਨ)

ਸਰਦਾਰ ਹਰਚੰਦ ਸਿੰਘ: ਡਿਪਟੀ ਸਪੀਕਰ ਸਾਹਿਬਾ, ਮੈਂ ਅਰਜ਼ ਕਰ ਰਿਹਾ ਸੀ ਕਿ ਚੌਧਰੀ ਮੁਖਤਿਆਰ ਸਿੰਘ ਹੋਰਾਂ ਅਤੇ ਇਨ੍ਹਾਂ ਨੇ ਸਪੀਚਾਂ ਕਰਕੇ ਹਾਊਸ ਦਾ ਵਕਤ ਜ਼ਾਇਆ ਕੀਤਾ ਹੈ.........

डाक्टर बलदेव प्रकाश : आन ए प्वायंट आफ आर्डर, डिप्टी स्पीकर साहिबा, हाउस के अन्दर जो डीबेट हो रहा है वह बड़ा इम्पार्टटैंट और यूज़फुल है और जब कभी कोई इरैलेवेंट बोलता है तो आप खुद ही उसे रोक देती हैं। इस के बावजूद भी कोई मेम्बर किसी प्रकार की कोई एसपर्शन करता है तो वह कंटैम्पट आफ दी हाउस है Either the words should be withdrawn or expunged from the proceedings of the House. हम इस के बारे में आप का रूलिंग चाहते हैं क्योंकि हम यह बरदाश्त नहीं कर सकते कि इतने यूज़फुल डीबेट के बारे में कहा जाए कि हाउस का वक्त ज़ाया किया गया है (विघ्न) (शोर)।

उपाध्यक्षा : मुझे तो किसी के प्वायंट आफ आर्डर का जवाब देने का मौका ही नहीं मलता अगर आप अपने आप पर काबू रखें और शोर बन्द करें तो मैं अर्ज़ करूं कि ऐसे इस्ते-

इस्तेमाल करना कि हाउस का वक्त जाया किया गया है मुनासिब नहीं हैं। सरदार हरचंद सिंह को अपनी पोजीशन क्लियर कर देनी चाहिए। (I do not get any opportunity to reply to a point of Order raised by any hon. Members. In case the hon. Members maintain discipline and stop making noise, when I would say that the use of the words "the time of the House has been wasted," is not proper. Sardar Harchand Singh Should clear his position in this regard.)

ਸਰਦਾਰ ਹਰਚੰਦ ਸਿੰਘ: ਮੈਂ ਜੀ ਇਹ ਕਿਹਾ ਸੀ ਕਿ ਅਪੋਜ਼ੀਸ਼ਨ ਦੇ ਕੁਝ ਮੈਂਬਰਾਂ ਨੇ ਕੁਝ ਅਜਿਹੀਆਂ ਗੱਲਾਂ ਕਰਕੇ ਜਿਨ੍ਹਾਂ ਦਾ ਬਿਲ ਨਾਲ ਕੁਝ ਤਅਲੁਕ ਨਹੀਂ ਸੀ, ਹਾਊਸ ਦਾ ਵਕਤ ਜ਼ਾਇਆ ਕੀਤਾ ਹੈ।

उपाध्यक्षा : आप ने यह फरमाया था कि अपोजीशन के कुछ मैम्बरों ने बातें कर के हाउस का वक्त जाया किया है। यह बात मुनासिब नहीं है इस लिये इस को वापस ले लें। (The hon. member has said that some members of the opposition have wasted time of the House with their speeches. This is not proper. The hon. member should withdraw these words.)

ਸਰਦਾਰ ਹਰਚੰਦ ਸਿੰਘ : ਬਹੁਤ ਅੱਛਾ ਜੀ, ਜੋ ਤੁਸੀਂ ਕਹਿੰਦੇ ਹੋ ਠੀਕ ਹੈ।

उपाध्यक्षा : आप कहें कि जो बात मैं ने कही है वह वापस लेता हूं। (The hon. member should say that he withdraws those words).

ਸਰਦਾਰ ਹਰਚੰਦ ਸਿੰਘ: ਮੈਂ ਤਾਂ ਕਹਿੰਦਾ ਹਾਂ ਜੀ ਕਿ ਠੀਕ ਹੈ ਮੈਂ ਵਾਪਸ ਲੈਂਦਾ ਹਾਂ। ਮੈਂ ਅਰਜ਼ ਕਰ ਰਿਹਾ ਸੀ ਕਿ ਜਦੋਂ ਸਰਕਾਰ ਸ਼ਹਿਰਾਂ ਦੇ ਬਾਰੇ ਸੋਚ ਰਹੀ ਹੈ ਤਾਂ ਪਿੰਡਾਂ ਦੇ ਬਾਰੇ ਵੀ ਕਾਂਗਰਸ ਸਰਕਾਰ ਨੇ ਹੀ ਸੋਚਣਾ ਹੈ। ਅਪੋਜ਼ੀਸ਼ਨ ਵਾਲਿਆਂ ਦਾ ਕੀ ਤਅੱਲੁਕ ਹੈ ਇਸ ਗੱਲ ਨਾਲ ਇਹ ਤਾਂ ਚਾਰ, ਚਾਰ ਅਤੇ ਪੰਜ, ਪੰਜ ਮੈਂਬਰਾਂ ਦਾ ਗਰੁਪ ਹੈ ਇਹ ਕਿਸੇ ਦੀ ਕੀ ਮਦਦ ਕਰ ਸਕਦੇ ਹਨ, ਇਨ੍ਹਾਂ ਦੀ ਕੀ ਤਾਕਤ ਹੈ? ਇਸ ਗੱਲ ਨੂੰ ਸਰਕਾਰ ਖੁਦ ਸੋਚੇਗੀ।

ਸਰਦਾਰ ਕੁਲਬੀਰ ਸਿੰਘ: ਆਨ ਏ ਪੁਆਇੰਟ ਆਫ ਆਰਡਰ। ਸਰਦਾਰ ਹਰਚੰਦ ਸਿੰਘ ਹੋਰਾਂ ਨੇ ਕਲੇਮ ਕੀਤਾ ਹੈ ਕਿ ਕਾਂਗਰੇਸ ਪਾਰਟੀ ਵਾਲੇ ਹੀ ਪਿੰਡਾਂ ਦੀ ਨੁਮਾਇੰਦਗੀ ਕਰਦੇ ਹਨ। ਮੈਂ ਇਹ ਗਲ ਚੈਲਿਜ ਕਰਦਾ ਹਾਂ ਅਤੇ ਕਹਿੰਦਾ ਹਾਂ ਕਿ ਉਨ੍ਹਾਂ ਨਾਲੋਂ ਜ਼ਿਆਦਾ ਪਿੰਡਾਂ ਦੇ ਨੁਮਾ-ਇੰਦੇ ਅਸੀਂ ਹਾਂ।

उपाध्यक्षा : जब आनरेबल मैम्बर खुद बोलते हैं तो वह चाहते हैं कि उन को बिना रोक टोक के बोलने दिया जाए। लेकिन मैं यह बात मुनासिब नहीं समझती कि जब कोई दूसरा बोलता है तो वह खुद उस को इन्टरप्ट करते हैं। यहां पर सब मेम्बर साहिबान बराबर हैं। (When any hon. member makes a speech himself he wants that none should interrupt him. But when any other hon.

[Deputy Speaker]

member speaks they begin to interrupt. It is not proper. All the members of this House are equal.)

(चौधरी मुखतियार सिंह की तरफ से विघ्न)

Deputy Speaker : Order please.

ਸਰਦਾਰ ਹਰਚੰਦ ਸਿੰਘ : ਮੈਂ ਇਨ੍ਹਾਂ ਦੀ ਸ਼ਾਨ ਵਿਚ ਤਾਂ ਕੁਝ ਨਹੀਂ ਕਿਹਾ। ਮੈਂ ਤਾਂ ਸਿਰਫ ਇਹ ਕਹਿੰਦਾ ਹਾਂ ਕਿ ਭੇਡ ਪਿੰਡ ਦੀ ਕੀ ਰਖਿਆ ਕਰ ਸਕਦੀ ਹੈ। ਇਹ ਤਾਂ ਮੈਜਾਰਟੀ ਪਾਰਟੀ ਵਾਲਿਆਂ ਨੇ ਹੀ ਕਰਨੀ ਹੈ। ਅਸੀਂ ਆਸ ਕਰਦੇ ਹਾਂ ਕਿ ਸਰਕਾਰ ਪਿੰਡਾਂ ਵਾਲਿਆਂ ਵਲ ਵੀ ਧਿਆਨ ਕਰੇਗੀ।

ਸਰਦਾਰ ਤਾਰਾ ਸਿੰਘ ਲਾਇਲਪੁਰੀ (ਨਾਰੋਕੇ, ਐਸ. ਸੀ.) : ਡਿਪਟੀ ਸਪੀਕਰ ਸਾਹਿਬਾ, ਇਹ ਬਿਲ ਬੜਾ ਅਹਿਮ ਹੈ ਜਿਹੜਾ ਕਿ ਇਸ ਵੇਲੇ ਹਾਊਸ ਵਿਚ ਜ਼ੇਰੇ ਬਹਿਸ ਹੈ। ਕਈਆਂ ਮੈਂਬਰਾਂ ਨੇ, ਜਿਹੜੀ ਰਿਆਇਤ ਸ਼ਹਿਰੀ ਆਬਾਦੀ ਨੂੰ ਦਿਤੀ ਜਾ ਰਹੀ ਹੈ ਉਸ ਦੇ ਬਾਰੇ ਕਿਹਾ ਹੈ ਕਿ ਬਿਲ ਵਿਚ ਸਪੱਸ਼ਟ ਰੂਪ ਵਿਚ ਨਹੀਂ ਦਸਿਆ ਗਿਆ। ਵੈਸੇ ਤਾਂ ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਦੀ ਜਿਹੜੀ ਜਨਰਲ ਟੈਕਸੇਸ਼ਨ ਪਾਲਿਸੀ ਹੈ ਉਹ ਹੀ ਗਲਤ ਹੈ। ਜਿਨ੍ਹਾਂ ਕੋਲੋਂ ਪੈਸਾ ਲੈਣਾ ਚਾਹੀਦਾ ਹੈ ਉਨ੍ਹਾਂ ਕੋਲੋਂ ਹਾਸਲ ਨਹੀਂ ਕੀਤਾ ਜਾਂਦਾ ਅਤੇ ਜਿਨ੍ਹਾਂ ਕੋਲੋਂ ਪੈਸਾ ਵਸੂਲ ਕੀਤਾ ਜਾਂਦਾ ਹੈ ਉਨ੍ਹਾਂ ਦੀ ਕਪੈਸਿਟੀ ਨਹੀਂ ਹੈ। ਦੇਹਾਤ ਵਿਚ ਜ਼ਮੀਨ ਤੇ ਸੀਲਿੰਗ ਲਗਾ ਕੇ ਲੋਕਾਂ ਨੂੰ ਇਹ ਫੀਲਿੰਗ ਦਿਤੀ ਗਈ ਹੈ ਕਿ ਪਿੰਡਾਂ ਵਿਚ ਤਾਂ ਕੋਈ ਜ਼ਮੀਂਦਾਰ 30 ਸਟੈਂਡਰਡ ਏਕੜ ਤੋਂ ਜ਼ਿਆਦਾ ਜ਼ਮੀਨ ਨਹੀਂ ਰੱਖ ਸਕਦਾ ਪਰ ਸ਼ਹਿਰਾਂ ਵਿਚ ਜਾਇਦਾਦਾਂ ਬਦਸਤੂਰ ਕਾਇਮ ਹਨ। ਇਹੋ ਜਿਹੀ ਫੀਲਿੰਗ ਲੋਕਾਂ ਵਿਚ ਪੈਦਾ ਕਰਨਾ ਅਨਡੈਮੋਕ੍ਰੇਟਿਕ ਹੈ। ਇਹ ਜਿਹੜੀ ਸ਼ਹਿਰ ਵਾਲਿਆਂ ਨੂੰ ਰਿਆਇਤ ਦਿਤੀ ਜਾ ਰਹੀ ਹੈ ਅਸੀਂ ਸਮਝਦੇ ਹਾਂ ਕਿ ਠੀਕ ਹੈ ਪਰ ਦਿਹਾਤ ਵਿਚ ਵੀ ਐਨੇ ਟੈਕਸ ਹਨ ਕਿ ਉਨ੍ਹਾਂ ਨੂੰ ਵੀ ਰਿਆਇਤ ਦੇਣ ਦੀ ਲੋੜ ਹੈ। ਦਿਹਾਤ ਦੇ ਲੋਕੀਂ ਰਾਅ ਮੈਟੀਰੀਅਲ ਪੈਦਾ ਕਰਦੇ ਹਨ ਉਹ ਸਾਰੀ ਦੁਨੀਆਂ ਦੇ ਅੰਨ ਦਾਤਾ ਹਨ। ਉਨ੍ਹਾਂ ਉਪਰ ਵਾਧੂ ਟੈਕਸ ਲਗਾ ਕੇ ਉਨ੍ਹਾਂ ਦੇ ਹੌਸਲੇ ਪਸਤ ਨਹੀ ਕਰਨੇ ਚਾਹੀਦੇ। ਅਜ ਵੀ ਇਸ ਟੈਕਸ ਦੇ ਮੁਕਾਬਲੇ ਪਿੰਡਾਂ ਵਿਚ ਥੋੜੀ ਜਾਇਦਾਦ ਦੇ ਮਾਲਕਾਂ ਤੋਂ ਟੈਕਸ ਰਿਮੂਵ ਨਹੀਂ ਕੀਤਾ ਗਿਆ। ਇਸ ਨਾਲ ਲੋਕੀਂ ਸਮਝਣਗੇ ਕਿ ਸਰਕਾਰ ਦੀ ਟੈਕਸ ਲਗਾਉਣ ਦੀ ਪਾਲੀਸੀ ਪਿੰਡਾਂ ਵਾਲਿਆਂ ਵਾਸਤੇ ਅਤੇ ਸ਼ਹਿਰ ਵਾਲਿਆਂ ਵਾਸਤੇ ਬਿਲਕੁਲ ਡਿਫਰੈਂਟ ਹੈ। ਇਸ ਲਈ ਮੇਰੀ ਅਰਜ਼ ਹੈ ਕਿ ਜਿਸ ਤਰ੍ਹਾਂ ਨਾਲ ਸ਼ਹਿਰਾਂ ਵਿਚ ਰਿਆਇਤ ਦਿਤੀ ਗਈ ਹੈ ਉਸੇ ਤਰ੍ਹਾਂ ਨਾਲ ਦਿਹਾਤ ਵਿਚ ਵੀ ਥੋੜ੍ਹੀ ਜਾਇਦਾਦ ਵਾਲਿਆਂ ਨੂੰ ਰਿਆਇਤ ਦਿਤੀ ਜਾਣੀ ਚਾਹੀਦੀ ਹੈ। ਜਿਨ੍ਹਾਂ ਦੀ ਜ਼ਮੀਨ ਬਹੁਤ ਥੋੜ੍ਹੀ ਹੈ ਉਨ੍ਹਾਂ ਤੋਂ ਵੀ ਟੈਕਸ ਘਟ ਲਏ ਜਾਣੇ ਚਾਹੀਦੇ ਹਨ। ਅਜ ਸਰਕਾਰ ਦੇਸ਼ ਵਿਚ ਇਕਤਸਾਦੀ ਢਾਂਚੇ ਨੂੰ ਠੀਕ ਕਰਨਾ ਚਾਹੁੰਦੀ ਹੈ ਤਾਂ ਉਸ ਨੂੰ ਇਸ ਪਾਸੇ ਵਲ ਖਾਸ ਧਿਆਨ ਦੇਣਾ ਚਾਹੀਦਾ ਹੈ। ਦੇਹਾਤ ਦੇ ਲੋਕ ਸਮਝਦੇ ਹਨ ਕਿ ਦੇਹਾਤ ਵਿਚ ਤਾਂ ਜਾਇਦਾਦ ਉਪਰ ਸੀਲਿੰਗ ਹੈ ਅਤੇ ਸ਼ਹਿਰੀ ਜਾਇਦਾਦ ਤੇ ਕੋਈ ਸੀਲਿੰਗ ਨਹੀਂ ਹੈ ਇਸ ਲਈ ਉਹ ਸ਼ਹਿਰਾਂ ਵਿਚ ਆ ਕੇ ਆਪਣੀ ਜਾਇਦਾਦ ਬਣਾ ਲੈਂਦੇ ਹਨ। ਸ਼ਹਿਰਾਂ ਵਿਚ ਐਡੇ ਐਡੇ ਵਡੇ ਕਾਰਖਾਨੇਦਾਰ ਹਨ, ਇੰਡਸਟ੍ਰੀਅਲਿਸਟ ਹਨ ਉਨ੍ਹਾਂ ਉਪਰ ਕੋਈ ਸੀਲਿੰਗ ਨਹੀਂ ਹੈ ਇਸ ਲਈ ਸਰਕਾਰ ਨੂੰ ਆਪਣੀ ਟੈਕਸੇਸ਼ਨ ਦੀ ਪਾਲਿਸੀ ਵਿਚ ਤਬਦੀਲੀ ਕਰਨ ਦੀ ਜ਼ਰੂਰਤ ਹੈ। ਇਸ ਸਾਲ ਸਰਕਾਰ ਨੇ ਕੋਈ ਨਵਾਂ ਟੈਕਸ ਨਹੀਂ ਲਗਾਇਆ ਮੈਂ ਇਸ ਲਈ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਪਰ ਜਿਹੜੇ ਟੈਕਸ ਸਰਕਾਰ ਨੇ ਪਿਛਲੇ ਸਾਲ ਲਾਏ ਹਨ ਅਸੀਂ ਉਨ੍ਹਾਂ ਦਾ ਵਿਰੋਧ ਕਰਦੇ ਹਾਂ। ਦਿਹਾਤ ਵਿਚ ਬਹੁਤ ਜ਼ਿਆਦਾ ਟੈਕਸ ਹਨ ਉਨ੍ਹਾਂ

ਲੋਕਾਂ ਦੀ ਕਪੈਸਿਟੀ ਨਹੀਂ ਹੈ ਕਿ ਉਹ ਅਦਾ ਕਰ ਸਕਣ। ਇਸ ਬਾਰੇ ਵਿਚ ਸਰਕਾਰ ਨੂੰ ਸੋਚਣਾ ਚਾਹੀਦਾ ਹੈ ਕਿ ਟੈਕਸ ਦੇਣ ਵਾਲਿਆਂ ਦੀ ਕਿੰਨੀ ਕਪੈਸਿਟੀ ਹੈ ਕਿੰਨੀ ਜਾਇਦਾਦ ਹੈ ਕਿੰਨੇ ਮਕਾਨ ਹਨ। ਜਿਹੜੀ ਇਹ ਥੋੜ੍ਹੀ ਜਿਹੀ ਰਿਆਇਤ ਸਰਕਾਰ ਨੇ ਦਿਤੀ ਹੈ ਇਸ ਲਈ ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ। ਪਰ ਸਰਕਾਰ ਨੂੰ ਆਪਣੀ ਟੈਕਸੇਸ਼ਨ ਦੀ ਜਨਰਲ ਪਾਲਿਸੀ ਨੂੰ ਬਦਲਣਾ ਚਾਹੀਦਾ ਹੈ ਕਿਉਂ ਜੋ ਇਸ ਦਾ ਇਕਤਸਾਦੀ ਢਾਂਚੇ ਤੇ ਅਸਰ ਪੈਂਦਾ ਹੈ। ਇਹ ਠੀਕ ਹੈ ਕਿ ਸਰਕਾਰ ਨੂੰ ਰੁਪਿਆ ਇਕਠਾ ਕਰਨ ਦਾ ਕੋਈ ਤਰੀਕਾ ਜ਼ਰੂਰ ਅਖਤਿਆਰ ਕਰਨਾ ਚਾਹੀਦਾ ਹੈ ਪਰ ਜਿਥੇ ਆਟਾ ਨਹੀਂ ਹੈ ਉਥੋਂ ਬੋਰੀਆਂ ਭਰਨ ਦੀ ਆਸ ਨਹੀਂ ਕੀਤੀ ਜਾ ਸਕਦੀ। ਦੇਸ਼ ਤਾਂ ਅਜ ਭੁਖਾ ਮਰ ਰਿਹਾ ਹੈ ਕਣਕ ਦੇ ਭਾ ਬਹੁਤ ਚੜ੍ਹ ਗਏ ਹਨ। ਪਹਿਲੇ ਕਿਹਾ ਜਾਂਦਾ ਸੀ ਕਿ ਦੇਸ਼ ਦੇ ਆਜ਼ਾਦ ਹੋਣ ਦੇ ਬਾਅਦ ਕੋਈ ਰਾਜਾ ਮਹਾਰਾਜਾ ਨਹੀਂ ਰਹੇਗਾ ਪਰ ਅਜ ਵੀ ਦੇਸ਼ ਦੇ ਖਜ਼ਾਨੇ ਵਿਚੋਂ ਉਨ੍ਹਾਂ ਨੂੰ ਕਰੋੜਾਂ ਰੁਪਏ ਪੈਨਸ਼ਨ ਦਿਤੀ ਜਾਂਦੀ ਹੈ। ਉਨ੍ਹਾਂ ਦੇ ਵੀ ਦੋ ਹੱਥ ਹਨ, ਸਾਡੇ ਵੀ ਦੋ ਹੱਥ ਹਨ.........

Deputy Speaker: The hon. Member should try to be relevant.

ਸਰਦਾਰ ਤਾਰਾ ਸਿੰਘ ਲਾਇਲਪੁਰੀ: ਇਹ ਜਿਹੜੀ ਥੋੜ੍ਹੀ ਜਿਹੀ ਰਿਆਇਤ ਦਿਤੀ ਹੈ ਇਸ ਲਈ ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਜਿਸ ਤਰ੍ਹਾਂ ਨਾਲ ਸਰਕਾਰ ਸ਼ਹਿਰਾਂ ਵਿਚ ਰਿਆਇਤ ਦੇਣ ਲਈ ਸਿਧੇ ਰਸਤੇ ਤੇ ਪਈ ਹੈ ਇਸੇ ਤਰ੍ਹਾਂ ਨਾਲ ਇਨ੍ਹਾਂ ਦੀ ਨਜ਼ਰ ਪਿੰਡਾਂ ਵਲ ਵੀ ਜਾਵੇਗੀ।

ਜਿਸ ਕਿਸਾਨ ਕੋਲ ਪੰਜ ਪੰਜ ਪੈਲੀਆਂ ਹਨ, ਔਰ ਜਿਹੜਾ ਤੁਹਾਨੂੰ ਅਨਾਜ ਪੈਦਾ ਕਰਕੇ ਦੇ ਰਿਹਾ ਹੈ, ਉਸ ਨੂੰ ਟੈਕਸ ਤੋਂ ਮੁਸਤਸਨਾ ਕਰਾਰ ਦਿਤਾ ਜਾਣਾ ਚਾਹੀਦਾ ਹੈ। ਇਨ੍ਹਾਂ ਅੱਖਰਾਂ ਨਾਲ ਮੈਂ ਸਮਝਦਾ ਹਾਂ ਕਿ ਇਹ ਬਿਲ ਸੋਸ਼ਲਿਜ਼ਮ ਵਲ ਵਧਣ ਵਾਲਾ ਇਕ ਨੇਕ ਕਦਮ ਹੈ । ਇਹ ਜਿਹੜੀ ਰਿਆਇਤ ਦਿਤੀ ਗਈ ਹੈ ਇਸ ਵਾਸਤੇ ਮੈਂ ਗੌਰਮੈਂਟ ਨੂੰ ਮੁਬਾਰਕਬਾਦ ਦਿੰਦਾ ਹਾਂ।

(इस समय **बाबू बचन** सिंह बोलने के लिये खड़े हुए) ।

उपाध्यक्षा : बाबू जी, आप कितनी देर बोलना चाहेंगे ? (For how long would the hon. member Babu Bachan Singh like to speak.)

बाबू बचन सिंह : आधा घंटा ।

चीफ पार्लियमैन्टरी सैक्रेटरी : फिर, डिप्टी स्पीकर साहिबा, चूंकि बाबू जी आध घंटा बोलना चाहते हैं, इसलिये हाउस की सिटिंग का टाईम आध घंटा बढ़ा दीजिए ताकि बिल पास हो जाए ।

बहुत से माननीय सदस्य : नो, नो ।

श्री बलरामजी दास टंडन : यह बिल्कुल नामुनसिब बात है ।

ਸਰਦਾਰ ਗੁਰਚਰਨ ਸਿੰਘ : ਅਸੀਂ ਕੋਈ ਕੈਦੀ ਆਏ ਹੋਏ ਹਾਂ ਜੋ ਰੋਜ਼ ਹਾਉਸ ਦਾ ਟਾਈਮ ਵਧਾ ਕੇ ਸਾਨੂੰ ਇਥੇ ਬੈਠਾਈ ਰਖਿਆ ਜਾਵੇ। ਟਾਈਮ ਐਕਸਟੈਂਡ ਨਹੀਂ ਹੋਣਾ ਚਾਹੀਦਾ। ਇਹ ਗਲਤ ਤਰੀਕਾ ਹੈ (ਵਿਘਨ) ।

उपाध्यक्षा : गर्ग साहिब, यह मुनासिब मालूम नहीं होता कि हर रोज़ टाइम बढ़ाया जाए इस से आफिस वालों और प्रैस वालों सब को परेशानी होती है। (I would like to point out to the Chief Parliamentary Secretary that it is not

[Deputy Speaker]

proper to extend the time of sitting of the Sabha every day. It causes inconvenience to the office, the press representatives and all others.)

चीफ पार्लियामैन्टरी सैक्रेटरी : डिप्टी स्पीकर साहिबा, यह बिल पास करना है । इस लिए आप टाईम ऐक्सटैंड कर दीजिए ।

(**Voices** : There is no regular motion).

Chief Parliamentary Secretary : Madam, I beg to move

That the sitting of the House be extended till this Bill is passed.

(**Voices** : No. No.)

उपाध्यक्षा : गर्ग साहिब, आप ने मेरी सजैशन पर ध्यान नहीं दिया । (The Chief Parliamentary Secretary has not paid attention to my suggestion.)

कुछ माननीय सदस्य : टाईम एक्सटैंड नहीं होना चाहिए ।

सरदार गुरदयाल सिंह ढिल्लों : मैं चीफ पार्लियामैंटरी सैक्रेटरी साहिब से रिक्वैस्ट करूंगा कि वह इस मोशन को वापिस ले लें । आखिर हर रोज़ इस तरह से ऐक्सटैन्शन करने का क्या सिलसिला अख्तियार कर लिया है (विघ्न) ।

चीफ पार्लियामैन्टरी सैक्रेटरी : तो मैं इस मोशन को वापिस लेता हूं ।

उपाध्यक्षा : मैंने तो पहले ही आप को यह कहा था कि यह मुनासिब मालूम नहीं देता । (I had already told him at the very out set that it did not lock proper to do so.)

बाबू बचन सिंह : डिप्टी स्पीकर साहिबा, अगर आप इजाज़त दें तो मैं बैठ कर ही बोल लूं क्योंकि आज मैं कुछ बीमार हूं ।

उपाध्यक्षा : बेशक आप नजदीक आ जाइए । बैठ कर बोल लीजिए । (The hon. Member can come at a nearby seat and may speak while sitting.)

बाबू बचन सिंह (लुधियाना उत्तर) : डिप्टी स्पीकर साहिबा, यह जो पेरेंट ऐक्ट है इस के सिलसिले में जब सन् 1940 में पेरेंट बिल पेश हुआ था तो उस वक्त हमारे फाईनेंस मिनिस्टर सरदार कपूर सिंह जी असैम्बली के मैम्बर थे । जब लाहौर में इस बिल पर बहस शुरू हुई तो उस वक्त सरकार ने इस असूल को माना था और वह वह सरकार थी जिस को सरदार कपूर सिंह और इन के तमाम साथी टोडी सरकार कहा करते थे । यूनियनिस्ट सरकार से मेरा मतलब है । उस सरकार के सामने जब यह सवाल आया तो तमाम कांग्रसियों ने इस बात पर जोर दिया कि इस किस्म का टैक्स शहरों में नहीं लगना चाहिए । उस पर सरकार ने कहा कि हम एक रिहायशी मकान छोड़ कर हर एक आदमी पर टैक्स लगाना चाहते हैं और जो आप

खुद अपने मकान में रहता है या गरीब है उस पर टैक्स नहीं लगेगा। तो मेरे साथी सरदार कपूर सिंह, वज़ीर खज़ाना, इस बात पर इत्तफाक करेंगे कि शहरी जायदाद के सवाल पर एक असूल माना गया था और वह असूल यह था कि हर एक आदमी के पास रहने के लिए एक छोटा सा मकान ज़रूर बगैर टैक्स के होना चाहिए। जो आदमी अपने मकान में रहता है और वह दो तीन कमरों का मकान है उस पर कोई टैक्स नहीं लगना चाहिए। यह एक असूल था जिस को यूनियनिस्ट सरकार ने भी मान लिया था। इस के अलावा इस सिलसिले में एक और बात थी। जिस वक्त यह बिल वहां पर ज़ेरे बहस आया था, सरदार साहिब को याद होगा कि उस सरकार ने कहा था कि हम यह टैक्स सिर्फ बड़े बड़े शहरों में ही लगाएंगे छोटे छोटे शहरों पर और छोटे छोटे कस्बों पर इसका इतलाक नहीं होगा। लेकिन आज हमारी सरकार ने पंजाब में कोई म्यूनिसिपल एरिया ऐसा नहीं छोड़ा जिस पर इस टैक्स का इतलाक न हो। उसका नतीजा यह हो गया है कि तमाम जगहों पर दो-तीन कमरों के मकान का तो सवाल ही अलग रहा, जो आदमी अपने एक कमरे में भी रहता है उस पर भी बीस रुपए टैक्स लगाया गया है और अब चूंकि महंगाई ज्यादा हो गई है इसलिए उस को भी 25 कर देंगे। मैं आप के ज़रिए फाइनेंस मनिस्टर साहिब को कहना चाहता हूं कि आप कुछ आंकड़े इक्ट्ठे करवा लें और आप को पता लगेगा कि सन् 1940 में जिस मकान का किराया चार रुपए माहवार था आज किसी सूरत में बीस रुपए से कम नहीं है और जिस मकान का किराया पांच रुपए माहवार था आज पचीस रुपए से कम नहीं है। मौजूदा सरकार की जिस कांग्रेस पार्टी ने उन दिनों सेल्ज़ टैक्स के सिलसिले में 52 दिन तक हड़ताल करवाए रखी और पंजाब भर में इस कानून को काला कानून कह कर याद किया आज उस सरकार ने एक तो यह मेहरबानी की है कि इस अर्बन प्रापरटी टैक्स ऐक्ट को छोटे से छोटे कसबे में भी रायज कर दिया दूसरे एक एक कोठड़ी वाले मकान पर भी इस टैक्स को लागू कर दिया है। सवाल यह है कि जिस बात को उस वक्त आप तस्लीम करते थे, जिस बात को उस वक्त आप सही मानते थे कि एक आदमी को एक छोटे से मकान में रहने का हक हासिल है उस गरीब आदमी पर किसी किस्म का प्रापर्टी टैक्स आयद नहीं किया जाएगा, आया उसी हक को आज आप तस्लीम करते हैं या नहीं? अगर तो आप उस हक को तस्लीम करते हैं कि एक आदमी को, जिस के बीवी बच्चे हैं, जिसके बच्चे स्कूल को जाते हैं जिन को अलग कमरे की ज़रूरत है दो-तीन कमरों वाले मकान की ज़रूरत है और उसे आप चाहे दो-तीन कोठड़यों वाला मकान ही कह दीजिए, तो आप अन्दाज़ा लगाएं कि आज उस दो तीन कमरों वाले मकान का जो प्रापर्टी टैक्स वह आप कितना असैस कर रहे हैं। और अगर आप यह समझें कि महंगाई के हिसाब से काम ठीक चलना चाहिए तो मुझे इस सरकार की एक पालिसी समझ में नहीं आती। जब जब भी आप ने देहातों में टैक्स बढ़ाना होता है, खाह मालिया बढ़ाना होता है तो सरदार अजमेर सिंह यह दलील दिया करते थे कि चूंकि ज़मीन की पैदाबार की कीमत ज्यादा बढ़ गई है, चढ़ गई है, इसलिए टैक्स भी बढ़ना चाहिए।

ਸਰਦਾਰ ਅਜਮੇਰ ਸਿੰਘ : ਮੈਂ ਤਾਂ ਕਦੇ ਨਹੀਂ ਸੀ ਵਧਾਇਆ। (ਵਿਘਨ)

बाबू बचन सिंह : आप भूल गए हो। डिप्टी स्पीकर साहिबा, मेरे दिल में सरदार अजमेर सिंह साहिब की बड़ी इज़्ज़त है लेकिन मैं उन से बड़े अदब से गुज़ारिश करूंगा कि वह अपनी

[बाबू बचन सिंह]
स्पीचिज़ को निकाल कर देख लें और देखने के बाद फिर कहें कि आया उन्होंने यह दलील दी है कि नहीं कि चूंकि महंगाई हो गई है, खेती की पैदावार की कीमतें बढ़ गई हैं इसलिए थोड़ा सा टैक्स अगर और लगा दिया जाए तो कोई हर्ज़ वाली बात नहीं है। अब अगर इस असूल को मान लिया जाए कि महंगाई की वजह से देहातियों पर टैक्स ज़्यादा होना चाहिए तो फिर इस असूल से किसी को एग्ज़ैम्पशन नहीं होनी चाहिए और उसके मुताबिक इस बिल में भी ज़्यादा टैक्स लगना चाहिए था। लेकिन मैं इस असूल को नहीं मानता हूं, इस से इख्तलाफ करता हूं। मैं तो एक बात में यकीन रखता हूं कि जहां तक डायरैक्ट टैक्सेशन का ताल्लुक है वह लगाते वक्त गवर्नमैंट को इस बात को तस्लीम कर लेना चाहिए कि आया किसी आदमी की . . . .

(Baboo Bachan Singh was still in possession of the House.)

उपाध्यक्षा : सदन बुद्धवार कल साढ़े नौ बजे मिलेगा। (The House stands adjourned till 9.30 a. m. tomorrow.)

(The Sabha then adjourned till 9.30 a.m. on Wednesday the 7th April, 1965.)

4739PVS—383—3—8—65—C., P. and S. Pb., Chandigarh.

